ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 24 | 13 June 2018 to 19 June 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਸਿੱਖ ਫਰੀਡਮ ਮਾਰਚ ਮੌਕੇ ਸ਼ਾਨਦਾਰ ਨਗਰ ਕੀਰਤਨ ਨਾਲ ਖਾਲਸਾਈ ਰੰਗ 'ਚ ਰੰਗਿਆ ਗਿਆ ਸੈਨ ਫਰਾਂਸਿਸਕੋ ਸ਼ਹਿਰ

## ਕੈਲੀਫੋਰਨੀਆ ਦੇ ਸਿੱਖਾਂ ਵੱਲੋਂ ਦਰਬਾਰ ਸਾਹਿਬ ਉੱਤੇ ਹਮਲੇ ਦੀ 34ਵੀਂ ਵਰ੍ਹੇਗੰਢ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ





### 5ਵੇਂ ਸਾਲਾਨਾ 'ਆਜ਼ਾਦੀ ਮਾਰਚ' ਵਿਚ ਹਜ਼ਾਰਾਂ ਸਿੱਖ ਹੋਏ ਸ਼ਾਮਲ

**ਸੈਨ ਫਰਾਂਸਿਸਕੋ/ਬਲਵਿੰਦਰਪਾਲ ਸਿੰਘ ਖਾਲਸਾ:** ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਨੇ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲੇ ਦੀ 34 ਵੀਂ ਵਰ੍ਹੇਗੰਢ ਮਨਾਉਂਦਿਆਂ ਸਿੱਖ ਕੌਮ ਦੀ ਆਜ਼ਾਦੀ ਲਈ ਵੱਡਾ ਮਾਰਚ ਕੀਤਾ। ਜੂਨ-1984 ਅਤੇ ਬਾਅਦ ਵਿਚ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਦੀ ਯਾਦ ਵਿਚ 10 ਜੂਨ ਐਤਵਾਰ ਵਾਲੇ ਦਿਨ ਸਾਨਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਵੀ ਕਰਵਾਇਆ ਗਿਆ।

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਮਨਾਉਂਦਿਆਂ ਜੂਨ 1984 ਦੇ ਸਿੱਖ ਨਸਲਘਾਤ ਵਿਚ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿਚ ਕੈਲੇਫੋਰਨੀਆ ਦੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਸ਼ਹਿਰ ਸੈਨ ਫਰਾਂਸਿਸਕੋ ਵਿਚ ਸਮੂੰਹ ਗੁਰਦੁਆਰਿਆਂ, ਪੰਥਕ ਜਥੇਬੰਦੀਆਂ ਵੱਲੋਂ ਸਾਂਝੇ ਤੌਰ ਤੇ ਸਜਾਏ ਗਏ ਨਗਰ ਕੀਰਤਨ-ਫਰੀਡਮ ਮਾਰਚ ਤੇ ਸਿੱਖ ਪ੍ਰਭੁਸੱਤਾ ਰੈਲੀ ਦੌਰਾਨ ਹਜ਼ਾਰਾਂ ਸੰਗਤਾਂ ਨੇ ਹਿੱਸਾ ਲਿਆ, ਜਿਸ ਵਿਚ ਹਰ ਉਮਰ ਦੇ ਸਿੱਖ ਸਨ ।ਇਸ ਫਰੀਡਮ ਮਾਰਚ ਲਈ ਇਕ ਮਹੀਨੇ ਤੋਂ ਤਿਆਰੀ ਚੱਲ ਰਹੀ ਸੀ। ਸਮੂਹ ਗੁਰਦੁਆਰਾ ਸਾਹਿਬਾਨ, ਪੰਥਕ ਧਿਰਾਂ ਤੇ ਰਾਜਸੀ ਜਥੇਬੰਦੀਆਂ ਦੇ ਸਾਂਝੇ ਉੱਦਮ ਨਾਲ ਕੀਤੇ ਸਿੱਖ ਫਰੀਡਮ ਮਾਰਚ ਮੌਕੇ ਸ਼ਾਨਦਾਰ ਨਗਰ ਕੀਰਤਨ ਨਾਲ ਸੈਨ ਫਰਾਂਸਿਸਕੋ ਸ਼ਹਿਰ ਦਾ ਕੇਂਦਰੀ

ਬਾਕੀ ਸਫ਼ਾ 29 'ਤੇ

## ਬਰਤਾਨਵੀ ਸਿੱਖ ਨੌਜਵਾਨ ਜੌਹਲ 'ਤੇ ਚਲਦਾ ਰਹੇਗਾ ਭਾਰਤ ਵਿਚ ਕੇਸ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਗ੍ਰਹਿ ਰਾਜ ਮੰਤਰੀ ਰਿਜਿਜੂ ਨੇ ਬਰਤਾਨੀਆ ਵਿਚ ਆਪਣੀ ਹਮਰੁਤਬਾ ਬੈਰੋਨੈੱਸ ਵਿਲੀਅਮਜ਼ ਨਾਲ ਮੁਲਾਕਾਤ ਕੀਤੀ ਹੈ ਤੇ ਸੁਣਨ ਵਿਚ ਆਇਆ ਹੈ ਕਿ ਉਨ੍ਹਾਂ ਆਖਿਆ ਕਿ ਪੰਜਾਬ ਵਿੱਚ ਆਰਐਸਐਸ ਆਗੂਆਂ ਦੀ ਹੱਤਿਆਵਾਂ ਦੀ ਸਾਜਿਸ਼ ਦੇ



ਕੇਸ ਵਿਚ ਮੁਲਜ਼ਮ ਬਰਤਾਨਵੀ ਪੰਜਾਬੀ ਨੌਜਵਾਨ ਨੂੰ ਭਾਰਤ ਵਿੱਚ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।

ਇਕ ਅਧਿਕਾਰੀ ਨੇ ਦੱਸਿਆ ਕਿ ਇੱਥੇ ਚੱਲੀ ਘੰਟਾ ਭਰ ਮੀਟਿੰਗ ਵਿੱਚ ਸ੍ਰੀ ਰਿਜਿਜੂ ਵੱਲੋਂ ਬੀਬੀ ਵਿਲੀਅਮਜ਼ ਨੂੰ ਦੱਸਿਆ ਗਿਆ ਕਿ ਜਗਤਾਰ ਸਿੰਘ ਜੌਹਲ ਬਾਰੇ ਸ਼ੱਕ ਹੈ ਕਿ ਉਹ ਜਨਵਰੀ 2016 ਤੋਂ ਅਕਤੂਬਰ 2017 ਤੱਕ ਆਰਐਸਐਸ, ਸ਼ਿਵ ਸੈਨਾ ਤੇ ਡੇਰਾ ਸਿਰਸਾ ਦੇ ਸੱਤ ਕਾਰਕੁਨਾਂ ਦੀਆਂ ਗਿਣ ਮਿੱਥ ਕੇ ਕੀਤੀਆਂ ਗਈਆਂ ਹੱਤਿਆਵਾਂ ਦੇ ਸਾਜਿਸ਼ਕਾਰਾਂ 'ਚ ਸ਼ਾਮਲ ਸੀ। ਉਨ੍ਹਾਂ ਬਰਤਾਨਵੀ ਮੰਤਰੀ ਨੂੰ ਦੱਸਿਆ ਕਿ ਜੌਹਲ ਨੂੰ ਅਪਰਾਧ ਵਿੱਚ ਆਪਣੇ ਕਥਿਤ ਭੂਮਿਕਾ ਸਬੰਧੀ ਭਾਰਤ ਵਿੱਚ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।

ਕੌਮੀ ਜਾਂਚ ਏਜੰਸੀ ਐਨਆਈਏ ਨੇ ਲੰਘੀ 4 ਮਈ ਨੂੰ ਮੁਹਾਲੀ ਦੀ ਇਕ ਅਦਾਲਤ ਵਿੱਚ ਚਾਰਜ ਸ਼ੀਟ ਦਾਖਲ ਕਰ ਕੇ ਦਾਅਵਾ ਕੀਤਾ ਸੀ ਕਿ ਜੌਹਲ ਪਿਛਲੇ ਸਾਲ ਅਕਤੂਬਰ ਵਿੱਚ ਲੁਧਿਆਣਾ ਵਿੱਚ ਆਰਐਸਐਸ ਆਗੂ ਰਵਿੰਦਰ ਗੋਸਾਈਂ ਦੇ ਕਤਲ ਦੀ ਸਾਜਿਸ਼ ਲਈ ਫੰਡਿੰਗ ਵਿੱਚ ਸ਼ਾਮਲ ਸੀ। ਜਗਤਾਰ ਜੌਹਲ ਇਸ ਵੇਲੇ ਪੰਜਾਬ ਦੀ ਜੇਲ੍ਹ 'ਚ ਬੰਦ ਹੈ।

ਬਾਕੀ ਸਫ਼ਾ 29 'ਤੇ

# ਬੇਅਦਬੀ ਕਾਂਡ : ਡੇਰਾ ਸਿਰਸਾ ਨਿਕਲਿਆ ਮੁੱਖ ਸਾਜ਼ਿਸ਼ਘਾੜਾ

## ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦਾ ਮੈਂਬਰ ਮਹਿੰਦਰਪਾਲ ਬਣਿਆ ਸੀ ਇਸ ਗੁਨਾਹ ਦਾ ਸੂਤਰਧਾਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਚ ਬਰਗਾੜੀ ਵਿਖੇ ਜੂਨ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ ਬਾਰੇ ਪੁਲਿਸ ਦੇ ਡੀਜੀਪੀ ਸੁਰੇਸ਼ ਅਰੋੜਾ ਵਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਵਿਚ ਇਹ ਸਪੱਸ਼ਟ ਹੋ ਗਿਆ ਹੈ ਕਿ ਬਰਗਾੜੀ ਕਾਂਡ ਨੂੰ ਅੰਜਾਮ ਦੇਣ ਲਈ ਸੌਦਾ ਸਾਧ ਦੇ ਪ੍ਰੇਮੀਆਂ ਦੀ ਵਿਉਂਤਬੰਦੀ ਸੀ। ਡੇਰਾ ਪ੍ਰੇਮੀਆਂ ਨੂੰ ਕਿਸ ਸਿਆਸਤਦਾਨ ਜਾਂ ਅਫ਼ਸਰ ਦਾ ਥਾਪੜਾ ਸੀ, ਇਸ ਬਾਰੇ ਅਜੇ ਪੁਲਿਸ ਚੁੱਪ ਹੈ। ਸਿਰਸਾ ਸਾਧ ਦੀ ਕੋਰ ਕਮੇਟੀ ਨੇ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਘਟਾਉਣ ਦੀ ਘਿਨਾਉਣੀ ਸੋਚ ਅਨੁਸਾਰ ਬਕਾਇਦਾ ਰਣਨੀਤੀ ਘੜ ਕੇ ਤੇ ਉਕਤ ਕੰਮ ਨੂੰ ਨੇਪਰੇ ਚਾੜ੍ਹਿਆ। ਸੂਤਰਾਂ ਅਨੁਸਾਰ ਜੋ ਪੁਲੀਸ ਨੇ ਡੇਰਾ ਆਗੂ ਪਾਲਮਪੁਰ ਤੋਂ ਚੁੱਕਿਆ ਹੈ, ਉਹ ਕੁਝ ਅਰਸਾ ਪਹਿਲਾਂ ਪਰਿਵਾਰ ਸਮੇਤ ਪਾਲਮਪੁਰ ਚਲਾ ਗਿਆ ਸੀ ਅਤੇ ਉੱਥੇ ਕਰਿਆਨਾ ਸਟੋਰ ਚਲਾਉਣ ਲੱਗਾ ਸੀ। ਪੁਲੀਸ ਨੂੰ ਉਸ ਦਾ ਕੋਈ ਸੁਰਾਗ ਨਹੀਂ ਮਿਲ ਰਿਹਾ ਸੀ। ਦੋ ਹਫ਼ਤੇ ਪਹਿਲਾਂ ਕੋਟਕਪੂਰਾ ਦੇ ਨਾਮ ਚਰਚਾ ਘਰ ਵਿਚ ਇਹ ਡੇਰਾ ਆਗੂ ਆਇਆ ਸੀ ਪਰ ਉਦੋਂ ਪੁਲੀਸ ਨੂੰ ਕੋਈ ਭਿਣਕ ਨਹੀਂ ਲੱਗੀ ਸੀ। ਦੱਸਦੇ ਹਨ ਕਿ ਇਸ ਡੇਰਾ ਆਗੂ ਉੱਤੇ ਕੋਟਕਪੂਰਾ, ਸੰਗਰੂਰ ਤੇ ਪੰਚਕੂਲਾ ਵਿਚ ਵੀ ਕੇਸ ਦਰਜ ਹਨ।



ਗ੍ਰਿਫ਼ਤਾਰ ਕੀਤੇ ਡੇਰਾ ਪ੍ਰੇਮੀਆਂ ਨੂੰ ਅਦਾਲਤ 'ਚ ਲਿਜਾਂਦੀ ਹੋਈ ਪੁਲਿਸ।

ਪਹਿਲੀ ਜੂਨ 2015 ਨੂੰ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਹੋ ਗਏ ਸਨ ਅਤੇ 12 ਅਕਤੂਬਰ ਨੂੰ ਬਰਗਾੜੀ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ 110 ਪੱਤਰੇ ਪਾੜੇ ਹੋਏ ਮਿਲੇ ਸਨ। ਉਦੋਂ ਬਰਗਾੜੀ

ਬਾਕੀ ਸਫ਼ਾ 29 'ਤੇ

# ਬਰਤਾਨਵੀ ਅਦਾਲਤ ਵੱਲੋਂ ਸਾਕਾ ਨੀਲਾ ਤਾਰਾ ਨਾਲ ਸਬੰਧਤ ਫਾਈਲਾਂ ਜਨਤਕ ਕਰਨ ਦੇ ਹੁਕਮ

**ਲੰਡਨ/ਬਿਊਰੋ ਨਿਊਜ਼ :** ਯੂਕੇ ਦੇ ਇਕ ਜੱਜ ਨੇ ਅਪਰੇਸ਼ਨ ਨੀਲਾ ਤਾਰਾ ਵਿੱਚ ਬ੍ਰਿਟੇਨ ਦੀ ਸ਼ਮੂਲੀਅਤ ਨਾਲ ਸਬੰਧਤ ਦਸਤਾਵੇਜ਼ਾਂ ਵਾਲੀਆਂ ਫਾਈਲਾਂ ਨੂੰ ਜਨਤਕ ਕਰਨ ਦੇ ਹੁਕਮ ਦਿੱਤੇ ਹਨ। ਜੱਜ ਨੇ ਇਹ ਹੁਕਮ ਕਰਦਿਆਂ ਬਰਤਾਨਵੀ ਸਰਕਾਰ ਦੀ ਇਸ ਦਲੀਲ ਨੂੰ ਵੀ ਖਾਰਜ ਕਰ ਦਿੱਤਾ ਕਿ ਫਾਈਲਾਂ ਜਨਤਕ ਕੀਤੇ ਜਾਣ ਨਾਲ ਭਾਰਤ ਨਾਲ ਸਫ਼ਾਰਤੀ ਸਬੰਧਾਂ ਨੂੰ ਢਾਹ ਲੱਗ ਸਕਦੀ ਹੈ। ਯੂਕੇ ਸਰਕਾਰ ਨੂੰ ਇਸ ਫ਼ੈਸਲੇ ਖ਼ਿਲਾਫ਼ 11 ਜੁਲਾਈ ਤਕ ਅਪੀਲ ਕਰਨ ਦਾ ਸਮਾਂ ਦਿੱਤਾ ਗਿਆ ਹੈ।

ਜੱਜ ਮੱਰੇ ਸ਼ੈਂਕਸ ਨੇ ਸੂਚਨਾ ਦੇ ਅਧਿਕਾਰ ਬਾਰੇ ਟ੍ਰਿਬਿਊਨਲ ਵਿੱਚ ਚੱਲੀ ਤਿੰਨ ਦਿਨਾ ਸੁਣਵਾਈ ਮਗਰੋਂ ਫੈਸਲਾ ਸੁਣਾਉਂਦਿਆਂ ਕਿਹਾ ਕਿ 1984 ਵਿੱਚ ਅਪਰੇਸ਼ਨ ਨੀਲਾ ਤਾਰਾ ਨਾਲ ਸਬੰਧਤ ਬਹੁਗਿਣਤੀ ਫਾਈਲਾਂ ਨੂੰ ਜਨਤਕ ਕੀਤਾ ਜਾਵੇ। ਜੱਜ ਨੇ ਭਾਰਤ ਨਾਲ ਸਫ਼ਾਰਤੀ ਸਬੰਧਾਂ ਨੂੰ ਨੁਕਸਾਨ ਪੁੱਜਣ ਸਬੰਧੀ ਯੂਕੇ ਸਰਕਾਰ ਦੀ ਦਲੀਲ ਨੂੰ ਖਾਰਜ ਕਰ ਦਿੱਤਾ। ਜੱਜ ਨੇ ਹਾਲਾਂਕਿ ਸਵੀਕਾਰ ਕੀਤਾ ਕਿ ਯੂਕੇ ਦੀ ਜੁਆਇੰਟ ਇੰਟੈਲੀਜੈਂਸ ਕਮੇਟੀ (ਜੇਆਈਸੀ) ਨਾਲ ਸਬੰਧਤ ਇਕ ਫਾਈਲ ਜਿਸ 'ਤੇ 'ਇੰਡੀਆ: ਪੋਲੀਟਿਕਲ' ਮਾਰਕ ਕੀਤਾ ਹੋਇਆ, ਵਿਚ ਬ੍ਰਿਟਿਸ਼ ਸੂਹੀਆ ਏਜੰਸੀਆਂ ਐਮਆਈ5, ਐਮਆਈ6 ਤੇ ਜੀਸੀਐਚਕਿਊ (ਗਵਰਨਮੈਂਟ ਕਮਿਊਨੀਕੇਸ਼ਨਜ਼ ਹੈੱਡਕੁਆਰਟਰਜ਼) ਨਾਲ ਸਬੰਧਤ ਜਾਣਕਾਰੀ ਹੋ ਸਕਦੀ ਹੈ। ਲਿਹਾਜ਼ਾ ਕੈਬਨਿਟ ਦਫ਼ਤਰ ਤਕਨੀਕੀ ਅਧਾਰ 'ਤੇ ਅਜਿਹੀ ਸਮੱਗਰੀ ਨੂੰ ਸੂਚਨਾ ਦੀ ਆਜ਼ਾਦੀ (ਐਫਓਆਈ) ਤਹਿਤ ਮੰਗੀ ਜਾਣਕਾਰੀ ਦੇ ਘੇਰੇ 'ਚੋਂ ਬਾਹਰ ਰੱਖ ਸਕਦਾ ਹੈ। ਜੱਜ ਨੇ ਆਪਣੇ ਫ਼ੈਸਲੇ 'ਚ ਲਿਖਿਆ, "ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਅਰਸੇ ਦੀ ਅਸੀਂ ਗੱਲ ਕਰ ਰਹੇ ਹਾਂ, ਉਹ ਭਾਰਤ ਦੇ ਹਾਲੀਆ ਇਤਿਹਾਸ ਵਿਚ ਬਹੁਤ ਸੰਵੇਦਨਸ਼ੀਲ ਸੀ ਤੇ ਇਸ ਨਾਲ

ਬਾਕੀ ਸਫ਼ਾ 29 'ਤੇ
















ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ ਦੋਸਤਾਂ ਮਿੱਤਰਾਂ
ਨਾਲ ਵੇਖੋ
ਅਪਣੀ ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਬਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

# ਸੈਨ ਫਰਾਂਸਿਸਕੋ 'ਚ ਸਿੱਖ ਫਰੀਡਮ ਮਾਰਚ ਮੌਕੇ ਸ਼ਾਨਦਾਰ ਨਗਰ ਕੀਰਤਨ ਦੀਆਂ ਝਲਕਾਂ


















Travel for Less Inc.

SPECIALIZED IN DISCOUNT FARES WORLDWIDE

INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS

BBB IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

Serving the Bay Area Since 1996
32116-Alvarado Blvd. Union City, CA-94587
Email: info@travelforlessinc.com

CALL 510-791-3300 Book online 24x7 @ www.Letsflyhome.com

# ਪ੍ਰਣਬ ਮੁਖਰਜੀ ਦਾ ਸੰਘ ਪ੍ਰੋਗਰਾਮ ਵਿਚ ਜਾਣਾ ਭਗਵੇਂ ਰਾਸ਼ਟਰਵਾਦ ਦੀ ਚਾਣਕੀਆ ਨੀਤੀ

## *ਪ੍ਰਣਬ ਨੇ ਤਿਰੰਗਾ ਝੰਡਾ ਤੇ ਭਾਰਤੀ ਰਾਸ਼ਟਰਵਾਦ ਦੀ ਵਿਰੋਧਤਾ ਕਰਨ ਵਾਲੇ ਆਰ ਐਸ ਐਸ ਦੇ ਬਾਨੀ ਹੇਡਗੇਵਾਰ ਨੂੰ ਭਾਰਤ ਦਾ ਸਪੂਤ ਦੱਸਿਆ*

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖਰਜੀ ਜੀ ਵਲੋਂ ਕਾਂਗਰਸ ਦੇ ਵਿਰੋਧ ਦੇ ਬਾਵਜੂਦ 7 ਜੂਨ ਨੂੰ ਆਰ ਐਸ ਐਸ ਦੇ ਸੱਦੇ 'ਤੇ ਨਾਗਪੁਰ ਦੇ ਆਰ ਐਸ ਐਸ ਹੈਡਕੁਆਰਟ ਵਿਚ ਕਰਵਾਏ ਤਿੰਨ ਸਾਲਾ ਓਟੀਸੀ ਅਰਥਾਤ ਆਫੀਸਰਜ਼ ਟ੍ਰੇਨਿੰਗ ਕੈਂਪ ਵਿਚ ਆਰ ਐਸ ਐਸ ਦੇ ਮੈਂਬਰਾਂ ਨੂੰ ਸੰਬੋਧਨ ਕਰਨ ਪਹੁੰਚੇ ਸਨ। ਆਪਣੇ ਸੰਬੋਧਨ ਵਿਚ ਉਨ੍ਹਾਂ ਨੇ ਆਰ ਐਸ ਐਸ ਦੀ ਤਾਰੀਫ ਕਰਦਿਆਂ ਕਿਹਾ ਕਿ ਅੱਜ ਮੈਂ ਇਥੇ ਰਾਸ਼ਟਰ ਅਤੇ ਦੇਸ਼ ਭਗਤੀ ਸਮਝਣ ਆਇਆ ਹਾਂ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਜੋ ਭੇਦਭਾਵ ਹੋ ਰਹੇ ਨੇ ਉਸ ਨਾਲ ਭਾਰਤ ਦੀ ਪਛਾਣ ਨੂੰ ਖਤਰਾ ਹੋ ਸਕਦਾ ਹੈ। ਇਸ ਤੋਂ ਪਹਿਲਾਂ ਪ੍ਰਣਾਬ ਮੁਖਰਜੀ ਨੇ ਕੇਸ਼ਵ ਬਾਲੀਰਾਮ ਹੇਡਗੇਵਾਰ ਨੂੰ ਭਾਰਤ ਮਾਤਾ ਦਾ ਮਹਾਨ ਸਪੂਤ ਦੱਸਿਆ। ਉਨ੍ਹਾਂ ਨੇ ਆਰ. ਐਸ. ਐਸ. ਦੇ ਸੰਸਥਾਪਕ ਸਰਸੰਘਚਾਲਕ ਦੇ ਜਨਮ ਸਥਾਨ ਦਾ ਦੌਰਾ ਕੀਤਾ। ਆਰ. ਐਸ. ਐਸ. ਦੇ ਮੁੱਖ ਦਫ਼ਤਰ ਵਿਖੇ ਆਪਣੇ ਭਾਸ਼ਣ ਤੋਂ ਪਹਿਲਾਂ ਹੇਡਗੇਵਾਰ ਦੇ ਜਨਮ ਸਥਾਨ ਵਿਖੇ ਵਿਜ਼ਟਰ ਬੁੱਕ ਵਿਚ ਮੁਖਰਜੀ ਨੇ ਲਿਖਿਆ ਕਿ ਉਹ ਅੱਜ ਇਥੇ ਭਾਰਤ ਮਾਤਾ ਦੇ ਮਹਾਨ ਸਪੂਤ ਨੂੰ ਸ਼ਰਧਾਂਜਲੀ ਭੇਟ ਕਰਨ ਆਏ ਹਨ। ਇਥੇ ਮੁਖਰਜੀ ਦਾ ਆਰ. ਐਸ. ਐਸ. ਦੇ ਮੁਖੀ ਭਾਗਵਤ ਨੇ ਸਵਾਗਤ ਕੀਤਾ।

**ਆਰ ਐਸ ਐਸ ਦਾ ਚਾਣਕੀਆ ਏਜੰਡਾ**

ਆਰ ਐਸ ਐਸ ਨੇ ਪ੍ਰਣਬ ਮੁਖਰਜੀ ਨੂੰ ਆਪਣੇ ਪ੍ਰੋਗਰਾਮ ਵਿਚ ਬੁਲਾ ਕੇ ਇਕ ਨਹੀਂ ਕਈ ਸਿਆਸਤਾਂ ਘੜੀਆਂ ਹਨ। ਆਪਣੀਆਂ ਵੀ ਤੇ ਭਾਜਪਾ ਦੀਆਂ ਵੀ। ਆਰ ਐਸ ਐਸ ਦੇ ਸੁਪਰੀਮੋ ਭਾਗਵਤ ਨੇ ਆਪਣੇ ਭਾਸ਼ਣ ਨਾਲ ਸੰਘ ਦਾ ਨਰਮ ਅਕਸ ਪੇਸ਼ ਕੀਤਾ ਹੈ ਤੇ ਭਾਜਪਾ ਦੇ ਲਈ ਯੂਪੀ ਬਿਹਾਰ ਤੋਂ ਹੋਣ ਵਾਲੇ ਨੁਕਸਾਨ ਦੀ ਪੂਰਤੀ ਦੀ ਵਿਉਂਤਬੰਦੀ ਵੀ ਘੜ ਦਿੱਤੀ ਹੈ। ਇਹ ਗੱਲ ਸਮਝਣ ਵਾਲੀ ਹੈ ਕਿ ਆਰ ਐਸ ਐਸ ਕੋਈ ਵੀ ਸਿਆਸੀ ਖੇਡ ਬਿਨਾਂ ਅਰਥਾਂ ਤੋਂ ਨਹੀਂ ਖੇਡਦੀ। ਪ੍ਰਣਬ ਨੂੰ ਵੀ ਆਪਣੇ ਪ੍ਰੋਗਰਾਮ ਵਿਚ ਸੱਦਣਾ ਅਰਥਾਂ ਵਾਲੀ ਰਾਜਨੀਤੀ ਹੈ। ਆਰ ਐਸ ਐਸ ਮੁਖੀ ਮੋਹਨ ਭਾਗਵਤ ਨੇ ਆਪਣੇ ਭਾਸ਼ਣ ਵਿਚ ਹਿੰਦੂਤਵ ਦੀ ਗੱਲ ਕੀਤੀ, ਪਰ ਭਾਸ਼ਣ ਵਿਚ ਆਪਣਾ ਦ੍ਰਿਸ਼ਟੀਕੋਣ ਨਰਮ ਰੱਖਿਆ ਤਾਂ ਕਿ ਸੰਘ ਦਾ ਵਧੀਆ ਅਕਸ ਦੇਸ਼-ਵਾਸੀਆਂ ਦੇ ਸਾਹਮਣੇ ਵਧੀਆ ਪੇਸ਼ ਹੋ ਸਕੇ। ਉਨ੍ਹਾਂ ਕਿਹਾ ਕਿ ਹੰਕਾਰ ਮੁਕਤ ਸੇਵਾ ਕੰਮ ਨਾਲ ਹਿੰਦੂਤਵ ਦਾ ਵਿਸ਼ਵ ਪੱਧਰ 'ਤੇ ਵਿਸਥਾਰ ਹੋਵੇਗਾ। ਜਦੋਂ ਵੱਡਾ ਕੰਮ ਕਰਾਂਗੇ, ਸੰਘ ਖੁਦ ਹੀ ਵੱਡਾ ਹੋ ਜਾਵੇਗਾ। ਸੰਘ ਦਾ



ਉਦੇਸ਼ ਸਮਾਜਿਕ ਏਕਤਾ ਨੂੰ ਮਜ਼ਬੂਤ ਕਰਨਾ ਤੇ ਜ਼ਰੂਰਤਮੰਦਾਂ ਦੀ ਸੇਵਾ ਕਰਨਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਸਵੈ ਸੇਵਕ ਸੰਘ ਦੇਸ਼ ਵਿਚ ਪੌਣੇ ਦੋ ਲੱਖ ਸੇਵਾ ਪ੍ਰੋਜੈਕਟ ਕਰ ਰਿਹਾ ਹੈ।

ਇਸ ਤੋਂ ਜ਼ਾਹਿਰ ਹੈ ਕਿ ਸੰਘ ਨੂੰ ਭਾਜਪਾ ਦੀਆਂ ਰਾਜਨੀਤਕ ਹਾਰਾਂ ਦੇਖ ਕੇ ਆਪਣੀ ਰਣਨੀਤੀ ਬਦਲਣੀ ਪਈ ਹੈ ਤਾਂ ਜੋ 2019 ਵਿਚ ਹਿੰਦੂ ਰਾਸ਼ਟਰਵਾਦ ਵਲ ਵਧਿਆ ਜਾ ਸਕੇ। ਹੁਣ ਤੱਕ ਸੰਘ ਸਾਰੀਆਂ ਧਰਮ, ਜਾਤੀਆਂ ਆਦਿ ਨੂੰ ਹਿੰਦੂ ਧਰਮ ਦਾ ਅੰਗ ਦੱਸਦਾ ਸੀ, ਪਰ ਇਕਦਮ ਉਸ ਦੀ ਵਿਚਾਰਧਾਰਾ ਵਿਚ ਤਬਦੀਲੀ ਆ ਗਈ। ਅਜਿਹਾ ਇਸ ਲਈ ਹੋਇਆ ਕਿ ਹੁਣੇ ਜਿਹੇ ਉਪ ਚੋਣਾਂ ਵਿਚ ਧਰੁਵੀਕਰਨ ਦੀਆਂ ਕੋਸ਼ਿਸਾਂ ਨਾਕਾਮ ਰਹੀਆਂ ਤੇ ਕੈਰਾਨਾ (ਉਤਰ ਪ੍ਰਦੇਸ਼) ਵਰਗੇ ਇਲਾਕੇ ਵਿਚ ਭਾਜਪਾ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਇਸੇ ਲਈ ਸੰਘ ਨੂੰ ਆਪਣੀ ਨੀਤੀ ਬਦਲਣੀ ਪਈ ਤਾਂ ਜੋ ਭਾਜਪਾ ਦੀ ਜਿੱਤ ਦੇ ਲਈ ਉਚਿਤ ਮਾਹੌਲ ਬਣਾਇਆ ਜਾ ਸਕੇ। ਪ੍ਰਣਬ ਦੇ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਨ ਹੋਣ ਦਾ ਮਤਲਬ ਇਹੀ ਹੈ ਕਿ ਸੰਘ ਉਸ ਨੂੰ ਕੋਈ ਨਾ ਕੋਈ ਵੱਡੀ ਜ਼ਿੰਮੇਵਾਰੀ ਸੌਂਪਣਾ ਚਾਹੁੰਦਾ ਹੈ।

ਸ਼ਿਵ ਸੈਨਾ ਨੇ ਇਸ ਸਮਾਗਮ 'ਤੇ ਟਿੱਪਣੀ ਕਰਦੇ ਹੋਏ ਕਹਿ ਦਿੱਤਾ ਹੈ ਕਿ ਸੰਘ ਹੁਣ ਮੋਦੀ ਦੀ ਥਾਂ ਪ੍ਰਣਬ ਮੁਖਰਜੀ ਨੂੰ ਲਿਆਉਣਾ ਚਾਹੁੰਦਾ ਹੈ ਤੇ ਉਸ ਦੀ ਅਗਵਾਈ ਵਿਚ 2019 ਦੀਆਂ ਚੋਣਾਂ ਲੜੇਗਾ। ਸ਼ਿਵ ਸੈਨਾ ਦੇ ਸਾਂਸਦ ਸੰਜੇ ਰਾਓਤ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਆਰ ਐਸ ਐਸ ਖੁਦ ਨੂੰ ਇਕ ਅਜਿਹੀ ਸਥਿਤੀ ਦੇ ਲਈ ਤਿਆਰ ਕਰ ਰਿਹਾ ਹੈ, ਜਦ 2019 ਦੇ ਲੋਕ ਸਭਾ ਚੋਣ ਵਿਚ ਭਾਜਪਾ ਬਹੁਮਤ ਵਲ ਨਹੀਂ ਵੱਧ ਸਕੇਗੀ, ਤਦ ਉਹ ਪ੍ਰਣਬ ਮੁਖਰਜੀ ਦਾ ਨਾਮ ਪ੍ਰਧਾਨ ਮੰਤਰੀ ਉਮੀਦਵਾਰ ਦੇ ਰੂਪ ਵਿਚ ਪੇਸ਼ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਭਾਜਪਾ 2019 ਵਿਚ ਹੋਣ ਵਾਲੇ ਲੋਕ ਸਭਾ ਚੋਣਾਂ ਵਿਚ ਆਪਣੀਆਂ 110 ਸੀਟਾਂ ਗੁਆ ਦੇਵੇਗੀ।

ਰਾਜਨੀਤਕ ਮਾਹਿਰਾਂ ਦਾ ਮੰਨਣਾ ਹੈ ਕਿ ਆਉਣ ਵਾਲੇ ਦਿਨਾਂ ਵਿਚ ਪ੍ਰਣਬ ਮੁਖਰਜੀ ਭਾਜਪਾ ਦੇ ਲਈ ਖੁਲ ਕੇ ਪ੍ਰਚਾਰ ਕਰੇਗਾ, ਜਿਸ ਦਾ ਭਾਜਪਾ ਨੂੰ ਫਾਇਦਾ ਹੋਵੇਗਾ। ਰਾਜਨੀਤਕ ਮਾਹਿਰ ਦੱਸਦੇ ਹਨ ਕਿ 2019 ਵਿਚ ਭਾਜਪਾ ਪ੍ਰਦੇਸ਼ ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਵਿਚ 2014 ਵਰਗੀ ਸਫ਼ਲਤਾ ਮਿਲਣੀ ਹਾਲ ਦੀ ਘੜੀ ਮੁਸ਼ਕਲ ਜਾਪਦੀ ਹੈ। ਮੋਟੇ ਤੌਰ 'ਤੇ ਦੇਖਿਆ ਜਾਵੇ ਇਨ੍ਹਾਂ ਚਾਰ ਰਾਜਾਂ ਵਿਚ ਉਸ ਨੂੰ ਤਕਰੀਬਨ 100 ਸੀਟਾਂ ਦਾ ਨੁਕਸਾਨ ਝੱਲਣਾ ਪੈ ਸਕਦਾ ਹੈ। ਇਸ ਲਈ ਭਾਜਪਾ ਦੀ ਨਜ਼ਰ ਬੰਗਾਲ ਤੇ ਉੜੀਸਾ 'ਤੇ ਹੈ। ਪਿਛਲੀ ਦਿਨੀਂ ਖਬਰਾਂ ਆਈਆਂ ਸਨ ਕਿ ਸ਼ਾਇਦ ਨਰਿੰਦਰ ਮੋਦੀ ਅਗਲੀ ਚੋਣ ਉੜੀਸਾ ਦੇ ਪੁਰੀ ਤੋਂ ਲੜੇ। ਉਧਰ ਪ੍ਰਣਬ ਮੁਖਰਜੀ ਦਾ ਬੰਗਾਲੀ ਹੋਣਾ ਵੀ ਤੇ ਸੰਘ ਦੇ ਮੰਚ ਤੋਂ ਬੋਲਣਾ ਭਾਜਪਾ ਦੇ ਲਈ ਸ਼ਾਇਦ ਪੱਛਮੀ ਬੰਗਾਲ ਵਿਚ ਕੋਈ ਨਵਾਂ ਰਸਤਾ ਬਣਾ ਦੇਵੇ, ਪਰ ਲੜਾਕੂ ਬੀਬੀ ਮਮਤਾ ਬੈਨਰਜੀ ਦਾ ਮੁਕਾਬਲਾ ਕਰਨਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਵੈਸੇ ਵੀ ਭਾਜਪਾ ਇਕ ਇਕ ਕਰਕੇ ਕਾਂਗਰਸ ਦੇ ਨਾਇਕਾਂ ਨੂੰ ਅਪਨਾਉਣ ਦੀ ਮੁਹਿੰਮ ਵਿਚ ਹੈ। ਮਹਾਤਮਾ ਗਾਂਧੀ ਪਹਿਲਾਂ ਹੀ ਆਪਣੇ ਚਸ਼ਮੇ ਦੇ ਨਾਲ ਕਈ ਸਰਕਾਰੀ ਯੋਜਨਾਵਾਂ ਦਾ ਹਿੱਸਾ ਹੈ। ਇਸ ਤੋਂ ਇਲਾਵਾ ਸੁਭਾਸ਼ ਚੰਦਰ ਬੋਸ ਤੇ ਸ਼ਾਸਤਰੀ ਦੇ ਪਰਿਵਾਰਾਂ ਨੂੰ ਵੀ ਭਾਜਪਾ ਜਦ ਮੌਕਾ ਮਿਲਦਾ ਹੈ, ਆਪਣੇ ਨਾਲ ਜੁੜਿਆ ਦੱਸ ਕੇ ਰਾਜਨੀਤਕ ਲਾਹਾ ਲੈਣ ਦੀ ਕੋਸ਼ਿਸ਼ ਕਰਦੀ ਹੈ। ਹੁਣ ਨਿਸ਼ਾਨਾ ਕਾਂਗਰਸ ਦੇ ਚਾਣਕੀਆ ਕਹੇ ਜਾਣ ਵਾਲੇ ਪ੍ਰਣਬ 'ਤੇ ਹੈ, ਜਿਸ ਨੂੰ ਸਫਲਤਾ ਪੂਰਵਕ ਉਸ ਨੇ ਇਸਤੇਮਾਲ ਕੀਤਾ ਹੈ।

**ਹੇਡਗੇਵਾਰ ਅਜ਼ਾਦੀ ਦੀ ਲੜਾਈ ਦਾ ਨਾਇਕ ?**

ਪ੍ਰਣਬ ਮੁਖਰਜੀ ਦੁਆਰਾ ਆਰ ਐਸ ਐਸ ਦੇ ਸੰਸਥਾਪਕ ਕੇਸ਼ਵ ਬਲੀ ਰਾਮ ਹੇਡਗੇਵਾਰ ਨੂੰ ਭਾਰਤ ਮਾਤਾ ਦਾ ਮਹਾਨ ਸਪੁੱਤਰ ਕਹਿਣ ਦੇ ਬਾਅਦ ਨਵਾਂ ਸੁਆਲ ਖੜਾ ਹੋ ਗਿਆ ਹੈ ਕਿ ਇਸ ਪਿਛੇ ਸਿਆਸਤ ਕੀ ਹੈ ? ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਪ੍ਰਣਬ ਮੁਖਰਜੀ ਭਗਵੇਂਵਾਦ ਦੀ ਰਾਜਨੀਤੀ ਨੂੰ ਅਪਨਾ ਰਹੇ ਹਨ, ਜਿਸ ਤਹਿਤ ਪ੍ਰਣਬ ਮੁਖਰਜੀ ਨੂੰ ਕਾਂਗਰਸ ਵਾਲੀ ਹੇਡਗੇਵਾਰ ਬਾਰੇ ਪਹੁੰਚ ਤਿਆਗ ਕੇ ਆਰ ਐਸ ਐਸ ਵਾਲੀ ਵਿਚਾਰਧਾਰਾ ਨੂੰ ਅਪਨਾਉਣਾ ਪਿਆ। ਪ੍ਰਣਬ ਮੁਖਰਜੀ ਨੇ ਕਿਹਾ ਸੀ ਕਿ ਮੈਂ ਇਥੇ ਭਾਰਤ ਮਾਤਾ ਦੇ ਮਹਾਨ ਸਪੂਤ ਹੇਡਗੇਵਾਰ ਨੂੰ ਸਰਧਾਂਜਲੀ ਦੇਣ ਆਇਆ ਹਾਂ। ਇਹ ਸਭ ਜਾਣਦੇ ਹਨ ਕਿ ਆਰ ਐਸ ਐਸ ਹੇਡਗੇਵਾਰ ਦੇ ਦਿਮਾਗ ਦੀ ਹੀ ਉਪਜ ਸੀ, ਜੋ ਹਿੰਦੂ ਰਾਸ਼ਟਰਵਾਦ ਦੀ ਫਿਲਾਸਫੀ ਨੂੰ ਉਤਸ਼ਾਹਿਤ ਕਰਦੇ ਹਨ। ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਆਰ ਐਸ ਐਸ ਦੇ ਲਈ ਹੇਡਗੇਵਾਰ, ਸਾਵਰਕਰ, ਗੋਲਵਲਕਰ ਮਹੱਤਵਪੂਰਨ ਤੇ ਪੂਜਣਯੋਗ ਸਥਾਨ ਰੱਖਦੇ ਹਨ ਤੇ ਦੂਜੇ ਪਾਸੇ ਜਵਾਹਰ ਲਾਲ ਨਹਿਰੂ ਨੂੰ ਉਹ ਖਲਨਾਇਕ ਸੂਚੀ ਵਿਚ ਰੱਖਦੇ ਹਨ। ਆਰ ਐਸ ਐਸ ਤੋਂ ਇਹ ਸੁਆਲ ਪੁਛਣਾ ਬਣਦਾ ਹੈ ਕਿ ਗਾਂਧੀ ਤੇ ਗੋਡਸੇ ਦੋਨਾਂ ਨੂੰ ਭਾਰਤ ਮਾਤਾ ਦਾ ਮਹਾਨ ਸਪੂਤ ਮੰਨਿਆ ਜਾ ਸਕਦਾ ਹੈ ਤੇ ਇਹੀ ਸੁਆਲ ਪ੍ਰਣਬ ਮੁਖਰਜੀ ਲਈ ਵੀ ਹੈ। ਕੀ ਜਨਰਲ ਡਾਇਰ ਤੇ ਭਗਤ ਸਿੰਘ ਨੂੰ ਇਕ ਸੂਚੀ ਵਿਚ ਰੱਖਿਆ ਜਾ ਸਕਦਾ ਹੈ ? ਜੇਕਰ ਨਹੀਂ ਤਾਂ ਗਾਂਧੀ ਤੇ ਗੋਡਸੇ ਨੂੰ ਇਕ ਸੂਚੀ ਵਿਚ ਕਿਵੇਂ ਰੱਖਿਆ ਜਾ ਸਕਦਾ ਹੈ ? ਜੇਕਰ ਹੇਡਗੇਵਾਰ ਭਾਰਤ ਮਾਤਾ ਦੇ ਮਹਾਨ ਸਪੂਤ ਹਨ ਤਾਂ ਕੀ ਕੱਲ੍ਹ ਨੂੰ ਗੋਡਸੇ ਨੂੰ ਵੀ ਇੰਝ ਯਾਦ ਕੀਤਾ ਜਾਵੇਗਾ, ਕਿਉਂਕਿ ਗੋਡਸੇ ਜਿਸ ਹਿੰਦੂ ਰਾਸ਼ਟਰਵਾਦ ਦੀ ਉਪਜ ਸਨ, ਜਿਸ ਨੇ ਗਾਂਧੀ ਦਾ ਕਤਲ ਕੀਤਾ, ਉਹ ਹੇਡਗੇਵਾਰ ਦੀ ਵਿਚਾਰਧਾਰਾ ਦੀ ਦੇਣ ਸੀ। ਹੇਡਗੇਵਾਰ ਨੇ ਜਿਸ ਸੰਗਠਨ ਦੀ ਨੀਂਹ ਰੱਖੀ, ਗੋਡਸੇ ਲੰਮੇ ਸਮੇਂ ਤੱਕ ਉਸ ਦਾ ਸਮਰੱਥਕ ਰਿਹਾ ਹੈ। ਗੋਡਸੇ ਤਾਂ ਫਿਰਕੂ ਸੋਚ ਦਾ ਇਕ ਛੋਟਾ ਜਿਹਾ ਮੋਹਰਾ ਸੀ, ਪਰ ਹੇਡਗੇਵਾਰ ਉਸ ਫਿਰਕੂ ਸੋਚ ਨੂੰ ਸੰਗਠਨ ਵਿਚ ਤਬਦੀਲ ਕਰਨ ਵਾਲਾ ਵਿਅਕਤੀ ਸੀ। ਮਹਾਤਮਾ ਗਾਂਧੀ ਦੇ ਸੁਪਨੇ ਦਾ ਰਾਸ਼ਟਰ ਧਾਰਮਿਕ ਆਧਾਰ 'ਤੇ ਭੇਦਭਾਵ ਦੀ ਨਿਖੇਧੀ ਕਰਦਾ ਹੈ ਤੇ ਅਜਿਹੇ ਦੇਸ਼ ਦੀ ਕਲਪਨਾ ਹੈ, ਜਿੱਥੇ ਸਾਰੀਆਂ ਜਾਤਾਂ, ਧਰਮ ਆਪਸ ਵਿਚ ਮਿਲ ਜੁਲ ਕੇ ਰਹਿ ਸਕਣ। ਇਸ ਦੇ ਉਲਟ ਹੇਡਗੇਵਾਰ ਦੇ ਲਈ ਦੇਸ਼ ਦਾ ਅਰਥ ਹਿੰਦੂਆਂ ਤੇ ਸਿਰਫ ਹਿੰਦੂਆਂ ਦਾ ਸੰਗਠਨ ਹੈ। ਇੱਥੇ ਘੱਟ ਗਿਣਤੀਆਂ ਲਈ ਧਮਕੀ ਹੈ ਕਿ ਉਹ ਨਾ ਭੁੱਲਣ ਕਿ ਉਹ ਹਿੰਦੂਆਂ ਦੇ ਹਿੰਦੋਸਤਾਨ ਵਿਚ ਰਹਿ ਰਹੇ ਹਨ। ਉਨ੍ਹਾਂ ਦੇ ਲਈ ਹਿੰਦੂ ਰਾਸ਼ਟਰ ਵਿਚ ਘੱਟ ਗਿਣਤੀਆਂ ਦੂਜੇ ਦਰਜੇ ਦੇ ਨਾਗਰਿਕ ਹਨ, ਜੋ ਹਿੰਦੂਆਂ ਦੀ ਦਇਆ 'ਤੇ ਨਿਰਭਰ ਹਨ। ਹੇਡਗੇਵਾਰ ਦੀ ਵਿਚਾਰਧਾਰਾ ਨੇ ਨਾ ਸਿਰਫ਼ ਅਜ਼ਾਦੀ ਦੀ ਲੜਾਈ ਨੂੰ ਅੰਦਰੋਂ ਕਮਜ਼ੋਰ ਕੀਤਾ, ਬਲਕਿ ਦੇਸ਼ ਦੀ ਵੰਡ ਵੀ ਕਰਵਾ ਦਿੱਤੀ। ਆਰ ਐਸ ਐਸ ਦਾ ਇਤਿਹਾਸ ਅਜ਼ਾਦੀ ਦੀ ਲੜਾਈ ਨਾਲ ਧ੍ਰੋਹ ਦਾ ਇਤਿਹਾਸ ਹੈ। ਹੇਡਗੇਵਾਰ ਸ਼ਾਇਦ ਇਨ੍ਹਾਂ ਇਕਾ ਦੁੱਕਾ ਲੋਕਾਂ ਵਿਚੋਂ ਸਨ, ਜਿਨ੍ਹਾਂ ਨੇ ਆਪਣੇ ਸ਼ੁਰੂਆਤੀ ਦੌਰ ਵਿਚ ਅਜ਼ਾਦੀ ਦੀ ਲੜਾਈ ਵਿਚ ਹਿੱਸਾ ਲਿਆ। ਲੇਕਿਨ 1925 ਦੇ ਬਾਅਦ ਉਨ੍ਹਾਂ ਦੀ ਮੁਖ ਚਿੰਤਾ ਹਿੰਦੂਆਂ ਨੂੰ ਸੰਗਠਨ ਕਰਨ ਤੇ ਉਨ੍ਹਾਂ ਨੂੰ ਅਜ਼ਾਦੀ ਸੰਘਰਸ਼ ਤੋਂ ਦੂਰ ਕਰਨ 'ਤੇ ਕੇਂਦਰਿਤ ਹੋ ਗਏ। ਆਰ ਐਸ ਐਸ ਨੇ ਆਪਣੇ ਲੋਕਾਂ ਨੂੰ ਅਜ਼ਾਦੀ ਅੰਦੋਲਨ ਤੋਂ ਦੂਰ ਰੱਖਿਆ। ਹੇਡਗੇਵਾਰ ਨੇ ਕਦੇ ਬ੍ਰਿਟਿਸ਼ ਸਰਕਾਰ ਦੇ ਖਿਲਾਫ਼ ਇਕ ਸ਼ਬਦ ਆਪਣੇ ਵਰਕਰਾਂ ਨੂੰ ਨਹੀਂ ਸਿਖਾਇਆ। ਉਨ੍ਹਾਂ ਨੇ ਐਲਾਨ ਕੀਤਾ ਕਿ ਭਾਰਤ ਦੇ ਦੁਸ਼ਮਣ ਘੱਟ ਗਿਣਤੀਆਂ ਤੇ ਖਾਸ ਤੌਰ ਤੇ ਮੁਸਲਮਾਨ ਹਨ, ਨਾ ਕਿ ਬ੍ਰਿਟਿਸ਼। 1930 ਦੇ ਬਾਅਦ ਬਰਤਾਨੀਆ ਸਾਮਰਾਜ ਤੋਂ ਭਾਰਤ ਦੀ ਅਜ਼ਾਦੀ ਸੰਬੰਧੀ ਸੰਘਰਸ਼ ਦੇ ਝੰਡੇ ਤਿਰੰਗੇ ਦੇ ਹੇਡਗੇਵਾਰ ਵਿਰੋਧੀ ਸਨ। ਉਨ੍ਹਾਂ ਦਾ ਹਿੰਦੂਤਵ ਦਾ ਆਦਰਸ਼ ਵਿਨਾਇਕ, ਦਾਮੋਦਰ, ਸਾਵਰਕਰ ਹਿੰਦੂ ਮਹਾਂ ਸਭਾ ਦੇ ਨੇਤਾ ਸਨ। 1942 ਵਿਚ ਜਿਸ ਸਮੇਂ ਕਾਂਗਰਸ ਤੇ ਪਾਬੰਦੀ ਸੀ, ਹਿੰਦੂ ਮਹਾਂ ਸਭਾ ਨੇ ਮੁਸਲਮ ਲੀਗ ਨਾਲ ਮਿਲ ਕੇ ਬੰਗਾਲ, ਸਿੰਧ ਤੇ ਸਰਹੱਦੀ ਸੂਬੇ ਵਿਚ ਸਾਂਝੀ ਸਰਕਾਰ ਬਣਾਈ ਸੀ। ਇਹ ਉਹੀ ਦੌਰ ਸੀ ਜਦ ਪੂਰਾ ਦੇਸ਼ ਜੇਲ੍ਹਖਾਨਾ ਬਣਾ ਦਿੱਤਾ ਗਿਆ। ਸਾਰਾ ਦੇਸ਼ ਅਜ਼ਾਦੀ ਲਈ ਜੂਝ ਰਿਹਾ ਸੀ, ਪਰ ਹੇਡਗੇਵਾਰ ਦਾ ਵਿਸ਼ਵਾਸ ਭਾਰਤੀ ਰਾਸ਼ਟਰਵਾਦ ਦੇ ਵਿਰੁੱਧ ਹਿੰਦੂ ਰਾਸ਼ਟਰਵਾਦ ਦੇ ਵਿਚ ਸੀ। ਪ੍ਰਣਬ ਮੁਖਰਜੀ ਨੇ ਹੇਡਗੇਵਾਰ ਦੀ ਤਾਰੀਫ ਕਰਕੇ ਭਗਤ ਸਿੰਘ, ਚੰਦਰ ਸ਼ੇਖਰ ਅਜ਼ਾਦ ਤੇ ਗੱਦਰੀ ਬਾਬਿਆਂ ਦੀਆਂ ਕੁਰਬਾਨੀਆਂ ਦੀ ਬੇਇਜ਼ਤੀ ਕੀਤੀ ਹੈ, ਜਿਨ੍ਹਾਂ ਕਰਕੇ ਇਹ ਦੇਸ਼ ਅਜ਼ਾਦ ਹੋਇਆ ਹੈ।

ਕਾਂਗਰਸ ਨੇ ਕਰਾਚੀ ਸੰਮੇਲਨ ਵਿਚ ਭਾਰਤ ਦੀ ਪੂਰਨ ਅਜ਼ਾਦੀ ਦੇ ਲਈ ਪ੍ਰਸਤਾਵ ਪਾਸ ਕਰਦੇ ਹੋਏ ਤਿਰੰਗਾ ਲਹਿਰਾ ਕੇ 26 ਜਨਵਰੀ 1936 ਨੂੰ ਅਜ਼ਾਦੀ ਦਿਵਸ ਮਨਾਉਣ ਦਾ ਐਲਾਨ ਕੀਤਾ। ਹੇਡਗੇਵਾਰ ਨੇ ਇਸ ਦਾ ਵਿਰੋਧ ਕੀਤਾ। ਉਸ ਨੇ ਆਰ ਐਸ ਐਸ ਦੇ ਵਰਕਰਾਂ ਨੂੰ ਹੁਕਮ ਕੀਤਾ ਕਿ ਤਿਰੰਗੇ ਝੰਡੇ ਦੀ ਜਗ੍ਹਾ ਭਗਵਾਂ ਝੰਡੇ ਨੂੰ ਪ੍ਰਣਾਮ ਕਰਨ। ਇਹ ਹੁਕਮ ਸਾਰੀ ਸ਼ਾਖਾਵਾਂ ਨੂੰ ਦਿੱਤੇ ਗਏ। ਆਰ ਐਸ ਐਸ ਦੇ ਅੰਗਰੇਜ਼ੀ ਹਫਤਾਵਾਰੀ ਮੁਖ ਪੱਤਰ ਆਰਗੇਨਾਈਜਰ ਨੇ ਅਜ਼ਾਦੀ ਤੋਂ ਇਕ ਦਿਨ ਪਹਿਲਾਂ 14 ਅਗਸਤ 1947 ਦੌਰਾਨ ਰਾਸ਼ਟਰੀ ਝੰਡੇ ਦੀ ਬੇਇਜ਼ਤੀ ਕਰਦੇ ਹੋਏ ਲਿਖਿਆ, 'ਉਹ ਲੋਕ ਜੋ ਕਿਸਮਤ ਦੇ ਕਾਰਨ ਸੱਤਾ ਤੱਕ ਪਹੁੰਚੇ ਹਨ, ਭਾਵੇਂ ਸਾਡੇ ਹੱਥਾਂ ਵਿਚ ਤਿਰੰਗਾ ਫੜਾ ਦੇਣ, ਪਰ ਹਿੰਦੂਆਂ ਦੁਆਰਾ ਨਾ ਇਸ ਨੂੰ ਸਨਮਾਨਿਤ ਕੀਤਾ ਜਾਵੇਗਾ ਨਾ ਅਪਨਾਇਆ ਜਾਵੇਗਾ। ਤਿੰਨ ਦਾ ਅੰਕੜਾ ਆਪਣੇ ਆਪ ਵਿਚ ਅਸ਼ੁੱਭ ਹੈ ਤੇ ਇਕ ਅਜਿਹਾ ਝੰਡਾ ਜਿਸ ਵਿਚ ਤਿੰਨ ਰੰਗ ਹੋਣ ਬੇਹੱਦ ਖਰਾਬ ਮਨੋਵਿਗਿਆਨ ਅਸਰ ਪਾਵੇਗਾ ਤੇ ਦੇਸ਼ ਦੇ ਲਈ ਨੁਕਸਾਨਦਾਇਕ ਹੋਵੇਗਾ।'

ਇਸ ਤੋਂ ਜ਼ਾਹਿਰ ਹੈ ਕਿ ਆਰ ਐਸ ਐਸ ਹਿੰਦੂ ਰਾਸ਼ਟਰ ਲਈ ਰਾਜਨੀਤਕ ਤਬਦੀਲੀ ਵਲ ਵਧ ਰਹੀ ਹੈ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- *ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।*
- *ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।*

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption



BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਟੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776


# ਪੰਜਾਬ ਵਿਚ ਹਿੰਸਾ ਲਈ ਪੈਸੇ ਭੇਜਣ ਦੇ ਸਰਕਾਰ ਦੇ ਦੋਸ਼ਾਂ ਨੂੰ ਸਿੱਖਸ ਫਾਰ ਜਸਟਿਸ ਵਲੋਂ ਚੁਣੌਤੀ

**ਨਿਊਯਾਰਕ/ਹੁਸਨ ਲੜੋਆ ਬੰਗਾ :** ਪੰਜਾਬ ਪੁਲਿਸ ਵਲੋਂ ਸਿਖਸ ਫਾਰ ਜਸਟਿਸ 'ਤੇ ਪੰਜਾਬ ਵਿਚ ਹਿੰਸਾ ਲਈ ਪੈਸੇ ਭੇਜਣ ਸਬੰਧੀ ਲਾਏ ਗਏ ਨਿਰਆਧਾਰ ਦੋਸ਼ਾਂ ਨੂੰ ਖਾਰਜ ਕਰਦਿਆਂ ਸਿਖਸ ਫਾਰ ਜਸਟਿਸ ਨੇ ਇਕ ਵਾਰ ਫਿਰ ਸਪੱਸ਼ਟ ਕਿਹਾ ਹੈ ਕਿ ਰਿਫਰੈਂਡਮ 2020 ਸੰਯੁਕਤ ਰਾਸ਼ਟਰ ਚਾਰਟਰ ਅਨੁਸਾਰ ਇਕ ਸ਼ਾਂਤਮਈ ਮੁਹਿੰਮ ਹੈ ਜੋ ਕਿ ਸਾਰੇ ਲੋਕਾਂ ਨੂੰ ਖੁਦਮੁਖਤਿਆਰੀ ਦਾ ਅਧਿਕਾਰ ਦਿੰਦਾ ਹੈ। ਦੱਸਣਯੋਗ ਹੈ ਕਿ ਪੰਜਾਬ ਪੁਲਿਸ ਨੇ ਦੋਸ਼ ਲਾਏ ਹਨ ਕਿ ਭਾਰਤ ਸਰਕਾਰ ਤੋਂ ਪੰਜਾਬ ਦੀ ਆਜ਼ਾਦੀ ਲਈ ਚਲਾਈ ਜਾ ਰਹੀ ਮੁਹਿੰਮ ਦੇ ਵਿਆਪਕ ਪ੍ਰਚਾਰ ਲਈ ਸਿਖਸ ਫਾਰ ਜਸਟਿਸ ਵੱਖ-ਵੱਖ ਤਰ੍ਹਾਂ ਦੀਆਂ ਹਿੰਸਕ ਕਾਰਵਾਈਆਂ ਲਈ ਫੰਡ ਮੁਹੱਈਆ ਕਰਵਾ ਰਹੀ ਹੈ। ਧਰਮਿੰਦਰ ਸਿੰਘ, ਜੋ ਕਿ ਇਕ ਫੌਜੀ ਕਮਾਂਡੋ ਹੈ ਅਤੇ ਕਿਰਪਾਲ ਸਿੰਘ ਰਿਫਰੈਂਡਮ ਦੀ ਮੁਹਿੰਮ ਚਲਾਉਣ ਵਾਲੇ ਕੇਵਲ ਕਾਰਕੁੰਟ ਹਨ ਜੋ ਕਿ ਪੋਸਟਰ ਅਤੇ ਬੈਨਰ ਲਗਾ ਕੇ ਪੰਜਾਬ ਦੀ ਆਜ਼ਾਦੀ ਬਾਰੇ ਸ਼ਾਂਤਮਈ ਢੰਗ ਨਾਲ ਪ੍ਰਚਾਰ ਕਰਨ ਵਿਚ ਲੱਗੇ ਹੋਏ ਸਨ। ਇਹ ਗੱਲ ਪੰਜਾਬ ਪੁਲਿਸ ਦੇ ਦਾਅਵੇ ਨੂੰ ਝੁਠਲਾਉਂਦੀ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਓਹ ਸ਼ਰਾਬ ਦੇ ਠੇਕੇ ਸਾੜਨ ਜਾਂ ਨਫ਼ਰਤੀ ਅਪਰਾਧਾਂ ਵਿਚ ਸ਼ਾਮਲ ਹਨ।

ਪੰਜਾਬ ਨੂੰ ਆਜ਼ਾਦ ਕਰਵਾਉਣ ਲਈ ਸ਼ਾਂਤਮਈ ਮੁਹਿੰਮ ਨੂੰ ਜਾਰੀ ਰੱਖਣ ਦਾ ਪ੍ਰਣ ਕਰਦਿਆਂ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਰਿਫਰੈਂਡਮ ਆਜ਼ਾਦੀ ਦੇ ਮੁੱਦੇ 'ਤੇ ਲੋਕਾਂ ਦੀ ਰਾਏ ਜਾਣਨ ਲਈ ਕੌਮਾਂਤਰੀ ਤੌਰ 'ਤੇ ਮਾਨਤਾ ਪ੍ਰਾਪਤ ਅਤੇ ਸ਼ਾਂਤਮਈ ਤਰੀਕਾ ਹੈ ਅਤੇ ਅਸੀਂ ਪ੍ਰਭੂਸੱਤਾ ਪ੍ਰਾਪਤ ਸਿੱਖ ਰਾਜ ਖਾਲਿਸਤਾਨ ਦੀ ਕਾਇਮੀ ਲਈ ਇਸੇ ਦੀ ਪਾਲਣਾ ਕਰ ਰਹੇ ਹਾਂ।

ਅਟਾਰਨੀ ਪੰਨੂ ਨੇ ਕਿਹਾ ਕਿ ਰਿਫਰੈਂਡਮ 2020 ਅਤੇ ਖਾਲਿਸਤਾਨ ਕੇਵਲ ਤੇ ਕੇਵਲ ਸਿਆਸੀ ਵਿਚਾਰਧਾਰਾ ਹੈ ਅਤੇ ਪੰਜਾਬ ਵਿਚ ਇਸ ਦੇ ਨਾਅਰਿਆਂ ਦਾ ਪੋਸਟਰ ਲਗਾਉਣ ਦਾ ਮਤਲਬ ਕਿਸੇ ਵੀ ਤਰ੍ਹਾਂ ਦੀ ਹਿੰਸਾ ਜਾਂ ਨਫ਼ਰਤੀ ਅਪਰਾਧ ਨਹੀਂ ਬਣਦਾ। ਉਨ੍ਹਾਂ ਕਿਹਾ ਕਿ ਸਾਡੀ ਮੁਹਿੰਮ ਨੂੰ ਕਿਸੇ ਵੀ ਤਰੀਕੇ ਨਾਲ ਝੂਠ ਹੀ ਹਿੰਸਾ ਨਾਲ ਜੋੜਨ ਦੇ ਭਾਰਤ ਸਰਕਾਰ ਦੇ ਕਿਸੇ ਵੀ ਕਦਮ ਦਾ ਡਟਕੇ ਵਿਰੋਧ ਕਰਾਂਗੇ। ਕੈਪਟਨ ਅਮਰਿੰਦਰ ਸਿੰਘ ਦਾ ਸ਼ਾਸਨ 1990 ਵਿਆਂ ਦੀ ਬੇਅੰਤ ਸਿੰਘ ਸਰਕਾਰ ਦੀ ਰਣਨੀਤੀ 'ਤੇ ਚੱਲ ਰਿਹਾ ਹੈ ਜਿਸ ਤਹਿਤ ਬਿਲਕੁਲ ਉਸੇ ਤਰ੍ਹਾਂ ਸਿੱਖਾਂ ਦੀ ਖਾਲਿਸਤਾਨ ਲਈ ਜਮਹਰੀ ਅਤੇ ਸਹੀ ਤਰੀਕੇ ਨਾਲ ਚਲਾਈ ਜਾ ਰਹੀ ਮੁਹਿੰਮ ਨੂੰ ਜਾਣਬੁਝ ਕੇ ਬਦਨਾਮ ਕਰਨ ਲਈ ਹਿੰਸਕ, ਕੱਟੜਵਾਦ ਅਤੇ

ਬਾਕੀ ਸਫ਼ਾ 29 'ਤੇ

# ਆਰਐਸਐਸ ਮੁਖੀ ਮੋਹਨ ਭਾਗਵਤ ਦੇ ਸ਼ਿਕਾਗੋ ਦੌਰੇ ਦਾ ਤਿੱਖਾ ਵਿਰੋਧ

## 'ਆਰਐਸਐਸ ਵਰਗੇ ਅੱਤਵਾਦੀ ਗਰੁੱਪ ਲਈ ਅਮਰੀਕਾ ਵਿਚ ਕੋਈ ਜਗ੍ਹਾ ਨਹੀਂ'

**ਸ਼ਿਕਾਗੋ/ਬਿਊਰੋ ਨਿਊਜ਼ :** ਸ਼ਿਕਾਗੋ ਵਿਚ ਵਿਸ਼ਵ ਹਿੰਦੂ ਕਾਂਗਰਸ ਦੇ ਸਮਾਗਮ 'ਚ ਕੁੰਜੀਵਤ ਭਾਸ਼ਣ ਦੇਣ ਜਾ ਰਹੇ ਰਾਸ਼ਟਰੀ ਸਵੈ ਸੇਵਕ ਸੰਘ ਦੇ ਸਰਸੰਘ ਚਾਲਕ ਮੋਹਨ ਭਾਗਵਤ ਦਾ ਅਮਰੀਕਾ ਦੀਆਂ ਇਨਸਾਫਪਸੰਦ ਧਿਰਾਂ ਵੱਲੋਂ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਵਿਚ ਰਹਿ ਰਹੇ ਗੈਰ-ਨਿਵਾਸੀ ਭਾਰਤੀ ਇਸ ਖਬਰ ਨੂੰ ਲੈ ਕੇ ਪ੍ਰੇਸ਼ਾਨ ਨਜ਼ਰ ਆ ਰਹੇ ਹਨ ਕਿ ਆਰਐਸਐਸ ਮੁਖੀ ਮੋਹਨ ਭਾਗਵਤ, ਸਤੰਬਰ 2018 ਵਿਚ ਸ਼ਿਕਾਗੋ ਵਿਖੇ ਵਿਸ਼ਵ ਹਿੰਦੂ ਕਾਂਗਰਸ ਦੇ ਇਜਲਾਸ 'ਚ ਕੁੰਜੀਵਤ ਭਾਸ਼ਣ ਦੇਣ ਆ ਰਹੇ ਹਨ। ਆਰਗੇਨਾਈਜੇਸ਼ਨ ਫਾਰ ਮਾਈਨੌਰਟਿਜ਼ੀਜ਼ ਆਫ ਇੰਡੀਆ (ਓਐੱਫਐਮਆਈ.) ਦੇ ਬੁਲਾਰੇ ਅਰਵੀਨ ਨੇ ਇਸ 'ਤੇ ਇਤਰਾਜ਼ ਪ੍ਰਗਟ ਕਰਦਿਆਂ ਕਿਹਾ ਕਿ , "ਆਰਐਸਐਸ. ਹਿਟਲਰ ਅਤੇ ਮੁਸੋਲਿਨੀ ਵਰਗੀ ਫਿਰਕੂ ਵਿਚਾਰਧਾਰਾ ਨੂੰ ਲੈ ਕੇ ਚੱਲਦਾ ਹੈ। ਇਸ ਸੰਗਠਨ ਵਿਚਲੇ ਕੱਟੜ ਕਿਸਮ ਦੇ ਲੋਕ ਪਿਛਲੇ 30 ਸਾਲਾਂ ਵਿਚ ਭਾਰਤ ਵਿਚਲੇ ਹਰ ਵੱਡੇ ਕਤਲੇਆਮ ਨਾਲ ਜੁੜੇ ਹੋਏ ਹਨ। ਇਸ ਕਰਕੇ ਆਰਐਸਐਸ ਵਰਗੇ ਅੱਤਵਾਦੀ ਗਰੁੱਪ ਲਈ ਅਮਰੀਕਾ ਵਿਚ ਕੋਈ ਜਗ੍ਹਾ ਨਹੀਂ ਹੈ।"

ਮਿਲੀ ਜਾਣਕਾਰੀ ਮੁਤਾਬਕ 7 ਤੋਂ 9 ਸਤੰਬਰ ਤਕ ਹੋਣ ਵਾਲੀ ਅਨੁਸੂਚਿਤ ਘਟਨਾ ਨੂੰ ਵਿਸ਼ਵ ਹਿੰਦੂ ਕਾਂਗਰਸ (ਡਬਲਿਊਐਚਸੀ.) ਦੀ ਪ੍ਰਧਾਨਗੀ ਕਾਂਗਰਸ ਦੀ ਮਹਿਲਾ ਆਗੂ ਤੁਲਸੀ ਗਬਾਰਡ ਦੁਆਰਾ ਕੀਤੀ ਜਾਵੇਗੀ। ਇਸ ਤੋਂ ਪਹਿਲਾਂ ਨਵੰਬਰ-2014 ਵਿਚ ਨਵੀਂ ਦਿੱਲੀ ਵਿਚ ਵਿਸ਼ਵ ਹਿੰਦੂ ਕਾਂਗਰਸ ਹੋਈ ਸੀ, ਜਿਸ ਦਾ ਉਦਘਾਟਨ ਮੋਹਨ ਭਾਗਵਤ ਅਤੇ ਅਸ਼ੋਕ ਸਿੰਘਲ ਨੇ ਕੀਤਾ ਸੀ। ਅਸ਼ੋਕ ਸਿੰਘਲ ਆਰਐਸਐਸ ਦੀ ਹੀ ਇਕ ਹੋਰ ਸ਼ਾਖਾ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜਨਰਲ ਸਕੱਤਰ ਸਨ। ਸੰਨ 2014 ਦੀ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਉਦਘਾਟਨ ਵੇਲੇ ਸਿੰਘਲ ਨੇ ਐਲਾਨ ਕੀਤਾ ਸੀ ਕਿ "ਹਿੰਦੂਆਂ ਨੇ ਹੁਣ ਦਿੱਲੀ 'ਤੇ ਰਾਜ ਕਰਨਾ ਹੈ। ਇਹ ਦੇਸ਼ ਨੂੰ ਸੰਸਾਰ ਵਿਚ ਇਕ ਹਿੰਦੂ ਮਹਾਂ ਸ਼ਕਤੀ (ਸੁਪਰਪਾਵਰ) ਬਣਾਉਣ ਲਈ ਇਹ ਢੁਕਵਾਂ ਸਮਾਂ ਹੈ।"

ਅਰਵੀਨ ਨੇ ਕਿਹਾ ਕਿ ਆਰਐਸਐਸ ਉਸ ਸੰਘ ਪਰਿਵਾਰ ਦਾ ਮੁੱਢ ਹੈ, ਜਿਸ ਦੀਆਂ ਅੱਗੇ ਕਈ ਹੋਰ ਸ਼ਾਖਾਵਾਂ ਹਨ। ਆਰਐਸਐਸ. ਦੀ ਰਾਜਨੀਤਕ ਸ਼ਾਖਾ ਭਾਰਤੀ ਜਨਤਾ ਪਾਰਟੀ (ਭਾਜਪਾ) ਹੈ, ਜੋ ਹਿੰਦੂ ਰਾਸ਼ਟਰਵਾਦੀ ਪਾਰਟੀ ਹੈ। ਵਰਤਮਾਨ ਸਮੇਂ ਇਸੇ ਪਾਰਟੀ ਦਾ ਭਾਰਤ ਵਿਚ ਰਾਜ ਹੈ। ਸੰਯੁਕਤ ਰਾਜ ਅਮਰੀਕਾ ਦੇ ਕੌਮਾਂਤਰੀ ਧਾਰਮਿਕ ਆਜ਼ਾਦੀ ਕਮਿਸ਼ਨ (ਯੂਐਸਸੀਆਈਆਰਐਫ) ਦੀ ਸੰਨ 2009 ਦੀ ਇਕ ਰਿਪੋਰਟ ਅਨੁਸਾਰ, "ਸੰਘ ਪਰਿਵਾਰ ਦੀਆਂ ਸੰਸਥਾਵਾਂ ਆਪਣੇ ਹਿੰਦੂ ਰਾਸ਼ਟਰਵਾਦੀ ਏਜੰਡੇ ਨੂੰ ਪ੍ਰਫੁੱਲਤ ਕਰਨ ਲਈ ਸਰਕਾਰੀ ਨੀਤੀਆਂ 'ਤੇ ਦਬਾਅ ਪਾਉਂਦੀਆਂ ਹਨ ਅਤੇ ਹਿੰਦੂਤਵ ਵਿਚਾਰਧਾਰਾ ਦੇ ਵੱਖ-ਵੱਖ ਢੰਗਾਂ ਰਾਹੀਂ ਗੈਰ ਹਿੰਦੂਆਂ ਨੂੰ ਭਾਰਤ ਲਈ ਵਿਦੇਸ਼ੀ ਤਕ ਗਰਦਾਨਦੀਆਂ ਹਨ।



ਆਰਐਸਐਸ ਦੇ ਸੰਸਥਾਪਕ ਹੇਡਗੇਵਾਰ ਨੇ ਹਮੇਸ਼ਾ ਜ਼ੋਰ ਦਿੱਤਾ ਕਿ "ਹਿੰਦੂਸਤਾਨ ਸਿਰਫ ਹਿੰਦੂਆਂ ਦਾ ਦੇਸ਼ ਹੈ।" ਉਸ ਮੁਤਾਬਕ, "ਆਰਐਸਐਸ. ਦਾ ਉਦੇਸ਼ "ਹਿੰਦੂ ਸਮਾਜ ਵਿਚ ਬਾਹਰੀ ਲੋਕਾਂ ਦੀ ਘੁਸਪੈਠ ਦਾ ਵਿਰੋਧ ਕਰਨਾ ਹੈ।" ਉਸ ਨੇ ਲਿਖਿਆ ਕਿ "ਇਸ ਉਦੇਸ਼ ਨੂੰ ਪੂਰਾ ਕਰਨ ਅਤੇ ਹਿੰਦੂ ਸਮਾਜ ਨੂੰ ਬਚਾਉਣ ਦਾ ਫਰਜ਼ ਲੈ ਕੇ ਹੀ ਰਾਸ਼ਟਰੀ ਸਵੈ ਸੇਵਕ ਸੰਘ ਦੀ ਸ਼ੁਰੂਆਤ ਹੋਈ ਹੈ।" ਉਸ ਨੇ ਆਰਐਸਐਸ. ਨੂੰ ਇਕ ਪੁਰਸ਼, ਵਰਦੀਧਾਰੀ ਫੌਜ ਦੇ ਰੂਪ ਵਿੱਚ ਵਿਕਸਿਤ ਕੀਤਾ, ਜਿਸ ਦੇ ਮੈਂਬਰ ਹਰ ਰੋਜ਼ ਮੀਟਿੰਗਾਂ ਵਿਚ ਜਾਂਦੇ ਹਨ ਅਤੇ ਹਥਿਆਰਾਂ ਦੀ ਸਿਖਲਾਈ ਲੈਂਦੇ ਹਨ। ਭਾਗਵਤ ਵੀ ਹੇਡਗੇਵਾਰ ਦੀ ਵਿਚਾਰਧਾਰਾ ਨੂੰ ਹੀ ਅੱਗੇ ਵਧਾ ਰਿਹਾ ਹੈ। ਇਸ ਕਰਕੇ ਅਸੀਂ ਅਜਿਹੇ ਤੁਅੱਸਬੀ ਤੇ ਤੰਗ ਸੋਚ ਵਾਲੇ ਲੋਕਾਂ ਦੇ ਆਜ਼ਾਦੀ ਤੇ ਸਭ ਦੀ ਤਰੱਕੀ ਪਸੰਦ ਕਰਨ ਵਾਲੇ ਅਮਰੀਕਾ ਵਿਚ ਆਮਦ ਦਾ ਡਟ ਕੇ ਵਿਰੋਧ ਕਰਾਂਗੇ।

ਭਾਗਵਤ ਦੇ ਪ੍ਰਸਤਾਵਤ ਅਮਰੀਕਾ ਦੌਰੇ ਬਾਰੇ ਓਐਫਐਮਆਈ ਦੇ ਸੰਸਥਾਪਕ ਡਾਇਰੈਕਟਰ ਭਜਨ ਸਿੰਘ ਨੇ ਕਿਹਾ ਕਿ ਉਹ ਭਾਰਤ ਦੇ ਉੜੀਸਾ ਰਾਜ ਵਿਚ ਭਾਗਵਤ ਦੇ ਇਕ ਸੰਨ 20 14 ' ਦਿਤੇ ਭਾਸ਼ਣ ਵੱਲ ਸਭ ਦਾ ਧਿਆਨ ਦਿਵਾਉਂਦੇ ਹਨ, ਜਿਸ ਵਿਚ ਉਹ ਕਹਿੰਦਾ ਹੈ ਕਿ, "ਸਾਰੇ ਭਾਰਤੀਆਂ ਦੀ ਸੱਭਿਆਚਾਰਕ ਪਛਾਣ ਹਿੰਦੂਤਵ ਹੈ ਅਤੇ ਦੇਸ਼ ਦੇ ਮੌਜੂਦਾ ਵਾਸੀ ਇਸ ਮਹਾਨ ਸੱਭਿਆਚਾਰ ਦੇ ਉਤਰਾਧਿਕਾਰੀ ਹਨ।" ਭਾਗਵਤ ਨੇ ਸੰਨ 2009 ਵਿਚ ਆਰਐਸਐਸ ਦੇ ਆਗੂ ਬਣਨ ਤੋਂ ਬਾਅਦ ਲਗਾਤਾਰ ਭਾਰਤ ਨੂੰ ਇਕ ਹਿੰਦੂ ਰਾਸ਼ਟਰ ਦੇ ਤੌਰ 'ਤੇ ਦਰਸਾਇਆ ਹੈ। ਉਦਾਹਰਨ ਦੇ ਤੌਰ 'ਤੇ ਫਰਵਰੀ-2015 ਵਿਚ ਉਸ ਨੇ ਕਿਹਾ, "ਹਿੰਦੁਸਤਾਨ ਇਕ ਹਿੰਦੂ ਰਾਸ਼ਟਰ ਹੈ, ਜੋ ਇਕ ਇਤਿਹਾਸਕ ਤੱਥ ਹੈ।" ਫਿਰ ਨਵੰਬਰ-2016 ਵਿਚ ਉਸ ਨੇ ਦਾਅਵਾ ਕੀਤਾ ਕਿ ਸਾਡਾ ਦੇਸ਼ ਹਿੰਦੂ ਰਾਸ਼ਟਰ ਹੈ ਅਤੇ ਸਾਡੇ ਪੂਰਵਜ਼ ਹਿੰਦੂ ਹਨ। ਜਨਵਰੀ-2018 ਵਿਚ ਉਸ ਨੇ ਫਿਰ ਕਿਹਾ ਕਿ, "ਭਾਰਤ ਇਕ ਹਿੰਦੂ ਰਾਸ਼ਟਰ ਹੈ।"

ਭਾਜਪਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਜਦ ਤੋਂ ਸੱਤਾ ਸੰਭਾਲੀ ਹੈ, ਭਾਗਵਤ ਨੇ ਹਿੰਦੂਤਵ ਦੇ ਕਈ ਹੋਰ ਮੁੱਖ ਤੱਤਾਂ ਨੂੰ ਵੀ ਅੱਗੇ ਵਧਾਇਆ ਹੈ। ਮਿਸਾਲ ਦੇ ਤੌਰ 'ਤੇ ਉਸ ਨੇ ਦਸੰਬਰ-20 14 ਵਿਚ ਸਟੇਟ ਦੀ ਮਨਜ਼ੂਰੀ ਤੋਂ ਬਗੈਰ "ਘਰ ਵਾਪਸੀ" ਦੇ ਨਾਂ 'ਤੇ ਦੇਸ਼ ਦੇ ਕੌਮੀ ਕਾਨੂੰਨ ਨੂੰ ਅਣਗੌਲਿਆਂ ਕਰਕੇ ਦੂਜੇ ਧਰਮ ਦੇ ਲੋਕਾਂ ਨੂੰ ਹਿੰਦੂ ਧਰਮ ਵਿਚ ਸ਼ਾਮਲ ਕਰਵਾਉਣ ਦੀਆਂ ਜਬਰੀ ਕਾਰਵਾਈਆਂ ਨੂੰ ਜਾਇਜ਼ ਦੱਸਿਆ। ਉਸ ਨੇ ਕਿਹਾ, "ਅਸੀਂ ਇੱਕ ਮਜ਼ਬੂਤ ਹਿੰਦੂ ਸਮਾਜ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਜਿਹੜੇ ਭਟਕ ਗਏ ਸਨ ਅਤੇ ਉਹ ਆਪਣੇ ਆਪ ਧਰਮ ਛੱਡ ਕੇ ਨਹੀਂ ਗਏ ਸਨ. ਉਨ੍ਹਾਂ ਨੂੰ ਮੁੜ ਵਾਪਸ ਹਿੰਦੂ ਧਰਮ 'ਚ ਲਿਆਂਦਾ ਜਾ ਰਿਹਾ ਹੈ।" ਜਦ ਕਿ ਕਥਿਤ ਘਰ-ਵਾਨੂੰਪਸੀ ਪ੍ਰੋਗਰਾਮਾਂ ਵਿਚ ਹਿੱਸਾ ਲੈਣ ਵਾਲਿਆਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਮਜਬੂਰ ਕਰ ਕੇ ਲਿਆਂਦਾ ਗਿਆ ਸੀ ਅਤੇ ਆਯੋਜਕਾਂ ਨੇ ਉਨ੍ਹਾਂ ਨੂੰ ਸਸਤੇ ਰਾਸ਼ਣ ਲਈ 'ਰਾਸ਼ਣ ਕਾਰਡ' ਵਰਗੀਆਂ ਸਰਕਾਰੀ ਸਹੂਲਤਾਂ ਦੇ ਲਾਲਚ ਦਿਤੇ ਗਏ ਸਨ।

ਭਾਗਵਤ ਇਕ ਕੌਮੀ ਕਾਨੂੰਨ ਦੀ ਮੰਗ ਵੀ ਕਰਦੇ ਹਨ ਜੋ ਭਾਰਤ 'ਚ ਗਊ ਨੂੰ ਸਭ ਵਾਸਤੇ ਪੂਜਣਯੋਗ ਬਣਾਉਣ ਦਾ ਹੈ। ਅਪ੍ਰੈਲ-2017 'ਚ ਉਸ ਨੇ ਕਿਹਾ ਕਿ ,' ਅਸੀਂ ਚਾਹੁੰਦੇ ਹਾਂ ਕਿ ਭਾਰਤ ਭਰ 'ਚ ਗਊ ਦੇ ਕਤਲ 'ਤੇ ਪਾਬੰਦੀ ਲਗਾਈ ਜਾਵੇ, ਹੁਣ ਕਾਨੂੰਨ ਬਣਾਉਣਾ ਸਰਕਾਰ ਦਾ ਕੰਮ ਹੈ। ਬਹੁਤ ਸਾਰੀਆਂ ਰਾਜ ਸਰਕਾਰਾਂ, ਜਿਥੇ ਆਰਆਰਐਸ ਦੇ ਵਾਲੰਟੀਅਰ ਸੱਤਾ ਵਿਚ ਆਏ ਹਨ, ਨੇ ਇਹ ਕਾਨੂੰਨ ਲਿਆਂਦਾ ਵੀ ਹੈ ਪਰ ਅਸੀਂ ਪੂਰੇ ਭਾਰਤ ਵਿਚ ਅਜਿਹਾ ਕਾਨੂੰਨ ਚਾਹੁੰਦੇ ਹਾਂ।" ਗਊ ਰੱਖਿਆ ਨਾਲ ਸਬੰਧਤ ਹਿੰਸਾ ਲੰਮੇ ਸਮੇਂ ਤੋਂ ਭਾਰਤੀ ਸਮਾਜ ਵਿਚ ਰਹੀ ਹੈ, ਪਰ 2014 ਤੋਂ ਲੈ ਕੇ ਹੁਣ ਤਕ ਦੇਸ਼ ਵਿਚ ਅਜਿਹੀਆਂ ਘਟਨਾਵਾਂ ਵਿਚ ਬਹੁਤ ਤੇਜ਼ੀ ਆ ਗਈ ਹੈ। ਇਕ ਵੈੱਬਸਾਈਟ ਨੇ ਗਊ-ਹਿੰਸਾ ਨਾਲ ਸਬੰਧਿਤ ਮਾਮਲਿਆਂ 'ਚ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਦਸਤਾਵੇਜ਼ ਪੇਸ਼ ਕੀਤਾ ਹੈ।, ਜਿਸ 'ਚ 2010 ਤੋਂ ਹੁਣ ਤਕ ਦੀਆਂ ਸਾਰੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਕੀਤਾ ਗਿਆਹੈ। ਇਸ ਦਸਤਾਵੇਜ਼ ਮੁਤਾਬਕ ਗਊ ਰੱਖਿਆ ਦੇ ਨਾਂ 'ਤੇ ਹਿੰਸਾ ਦੇ ਮਾਮਲਿਆਂ 'ਚ ਸੰਨ 2010 ਤੋਂ ਹੁਣ ਤਕ ਦੇ ਸਮੇਂ 'ਚ ਪਿਛਲੇ 63 ਸਾਲਾਂ ਦੇ ਰਿਕਾਰਡ ਤੋੜੇ ਗਏ ਹਨ। ਇਸ ਤਰ੍ਹਾਂ ਦੇ 61 ਮਾਮਲੇ ਮੋਦੀ ਦੀ ਸਰਕਾਰ ਦੇ ਅਧੀਨ ਹੋਏ ਹਨ। ਇਨ੍ਹਾਂ ਵਿਚ 28 ਜਣੇ ਮਾਰੇ ਗਏ ਹਨ, ਜੋ ਕਿ 24 ਮੁਸਲਿਮ ਧਰਮ ਦੇ ਸਨ। 63 ਹਮਲਿਆਂ ਵਿਚੋਂ 32 ਵਿਚ ਪੀੜਤ ਮੁਸਲਮਾਨ ਸਨ, ਪੰਜ ਦਲਿਤ ਸਨ ਅਤੇ ਇਕ ਮਸੀਹੀ ਸੀ। 13 ਮਾਮਲਿਆਂ ਵਿਚ ਪੁਲਿਸ ਨੇ ਪੀੜਤਾਂ ਦੇ ਖਿਲਾਫ ਹੀ ਕੇਸ ਦਰਜ ਕੀਤੇ। 23 ਹਮਲਿਆਂ ਵਿਚ, ਹਮਲਾਵਰਾਂ ਦੀ ਪਛਾਣ ਹਿੰਦੂ ਰਾਸ਼ਟਰਵਾਦੀ ਸਮੂਹਾਂ ਦੇ ਮੈਂਬਰਾਂ ਵਜੋਂ ਕੀਤੀ ਗਈ ਸੀ। 63 ਹਮਲਿਆਂ ਵਿਚੋਂ 32 ਭਾਜਪਾ ਦੁਆਰਾ ਸ਼ਾਸਿਤ ਰਾਜਾਂ ਵਿਚ ਹੋਏ। ਸੰਨ 2017 ਵਿਚ ਸੰਨ 2016 ਦੇ ਮੁਕਾਬਲੇ ਅਜਿਹੇ ਹਮਲਿਆਂ ਵਿਚ 75× ਵਾਧਾ ਹੋਇਆ। ਯੂਐਸਸੀਆਈਆਰਐਫ ਦੀ ਸੰਨ 20 18 ਦੀ ਰਿਪੋਰਟ ਵਿਚ ਦਰਸਾਇਆ ਗਿਆ ਹੈ ਕਿ "ਭਾਰਤ 'ਚ ਧਾਰਮਿਕ ਘੱਟ ਗਿਣਤੀ ਦੇ ਹਾਲਾਤ ਪਿਛਲੇ ਇਕ ਦਹਾਕੇ ਤੋਂ ਬਹੁਤ ਮਾੜੇ ਹਨ ਕਿਉਂਕਿ ਹਿੰਦੂ ਰਾਸ਼ਟਰਵਾਦੀ ਸਮੂਹ ਜਿਵੇਂ ਕਿ ਰਾਸ਼ਟਰੀ ਸਵੈ ਸੇਵਕ ਸੰਘ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀਐਚਪੀ) ਨੇ ਗੈਰ-ਹਿੰਦੂਆਂ ਅਤੇ ਨੀਵੀਂ ਜਾਤੀਆਂ ਦੇ ਲੋਕਾਂ ਨੂੰ ਪੀੜਤ ਕੀਤਾ ਹੈ। ਇਸ ਕਰਕੇ ਅਜਿਹੇ ਲੋਕਾਂ ਦਾ ਅਮਰੀਕਾ ਦੀ ਧਰਤੀ ਉਤੇ ਵਿਰੋਧ ਹੋਣਾ ਚਾਹੀਦਾ ਹੈ।


Global Solution for Transportation

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਬਧ ਹਨ

E Trucking Solution
- Trucking Management Software
- Complete Compliance Management
- Billing
- Dispatch By Phone app
- Accounting
- Maintenance Record

Global Truck Permits
- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850
email info@etruckingsolution.com www.etruckingsolution.com

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ 1984 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਕਰਵਾਏ

**ਸ਼ਿਕਾਗੋ/ਮੱਖਣ ਸਿੰਘ ਕਲੇਰ :**
ਤੀਜੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ 8 ਜੂਨ ਸ਼ੁਕਰਵਾਰ ਨੂੰ ਆਰੰਭ ਕਰਵਾਏ ਗਏ ਸਨ ਤੇ ਜਿਨ੍ਹਾਂ ਦੇ ਭੋਗ 10 ਜੂਨ ਸਵੇਰੇ ਐਤਵਾਰ ਨੂੰ ਪਾਏ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀ ਜਥੇ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਵਲੋਂ ਧੁਰ ਕੀ ਬਾਣੀ ਦੇ ਕੀਰਤਨ ਕੀਤੇ ਗਏ।

ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਵਲੋਂ ਕਥਾ ਦੇ ਰੂਪ ਵਿੱਚ ਸਿੱਖ ਇਤਿਹਾਸ ਤੇ ਤੀਜੇ ਘੱਲੂਘਾਰੇ ਦੇ ਸ਼ਹੀਦਾਂ ਦਾ ਗੌਰਵਮਈ ਇਤਿਹਾਸ ਸਰਵਣ



ਕਰਵਾਇਆ।ਇਨ੍ਹਾਂ ਤੋਂ ਇਲਾਵਾ ਇਸ ਸ਼ਹੀਦੀ ਸਮਾਗਮ ਤੇ ਵਿਸ਼ੇਸ਼ ਤੌਰ ਤੇ ਪਹੁੰਚੇ ਢਾਡੀ ਭਾਈ ਦਲਜੀਤ ਸਿੰਘ ਮੱਲੀ ਮਾਛੀਵਾੜੇ ਵਾਲਿਆਂ ਦੇ ਜਥੇ ਨੇ ਢਾਡੀ ਵਾਰਾਂ ਰਾਹੀਂ ਸਿੰਘਾਂ ਸੂਰਮਿਆਂ ਦਾ ਇਤਿਹਾਸ ਸਰਵਣ ਕਰਵਾਇਆ।



ਇਨਾਂ ਤੋਂ ਇਲਾਵਾ ਤੋਂ ਸ. ਲੱਖਵੀਰ ਸਿੰਘ ਕੰਗ ਤੇ ਬਿਕਰਮਜੀਤ ਸਿੰਘ ਨੇ ਸਿੱਖ ਸ਼ੰਘਰਸ਼ ਅਤੇ ਮੌਜੂਦਾ ਹਾਲਾਤ ਸਬੰਧੀ ਵਿਚਾਰ ਪ੍ਰਗਟ ਕੀਤੇ । ਸ.ਹਰਕੀਰਤ ਸਿੰਘ ਸੰਧੂ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਵਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅੱਦਬੀ, ਬਹਿਬਲ ਕਲਾਂ ਵਿੱਚ ਦੋ ਸਿੰਘਾਂ ਨੂੰ ਸ਼ਹੀਦ ਕਰਨ ਵਾਲੇ ਪੁਲਿਸ ਕਰਮਚਾਰੀਆਂ ਦੀ ਗ੍ਰਿਫਤਾਰੀ ਤੇ ਗੋਲੀ ਦਾ ਹੁਕਮ ਦੇਣ ਵਾਲੇ ਅਫਸਰਾਂ ਤੇ ਕਾਰਵਾਈ ਤੇ ਜੇਲ੍ਹਾਂ ਵਿੱਚ ਲੰਬੇ ਸਮੇਂ ਤੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖਾਂ ਦੀਆਂ ਰਿਹਾਈਆਂ ਨੂੰ ਲੈ ਕੇ ਬਰਗਾੜੀ ਵਿੱਚ ਪਹਿਲੀ ਜੂਨ ਤੋਂ ਮੋਰਚਾ ਸ਼ੁਰੂ ਕੀਤਾ ਗਿਆ ਹੈ ਜਥੇਦਾਰ ਸਾਹਿਬ ਵਲੋਂ ਭੇਜਿਆ ਹੋਇਆ ਕੌਮ ਦੇ ਨਾਮ ਸ਼ੰਦੇਸ਼ ਪੜਿਆ ।

ਗੁਰਦੁਆਰਾ ਸਾਹਿਬ ਦੇ ਧਾਰਮਿਕ ਸਕੱਤਰ ਸ. ਗੁਰਮੀਤ ਸਿੰਘ ਬੈਂਸ ਨੇ ਸਟੇਜ ਦੀ ਸੇਵਾ ਨਿਵਾਈ ਤੇ ਸਭ ਦਾ ਧੰਨਵਾਦ ਕੀਤਾ।

# ਸਿੱਖ ਰਿਲੀਜੀਅਸ ਸੁਸਾਇਟੀ ਪੈਲਾਟਾਈਨ ਗੁਰਦੁਆਰਾ ਸਾਹਿਬ ਸ਼ਿਕਾਗੋ ਦੀ ਪ੍ਰਬੰਧਕ ਕਮੇਟੀ ਅਤੇ ਪੰਥਕ ਜਥੇਬੰਦੀਆਂ ਵਲੋਂ ਸਾਂਝੇ ਤੌਰ ਤੇ ਭਾਰਤੀ ਕੌਂਸਲੇਟ ਸ਼ਿਕਾਗੋ ਦਫਤਰ ਅਗੇ ਰੋਸ ਮੁਜਾਹਰਾ







**ਸ਼ਿਕਾਗੋ/ਮੱਖਣ ਸਿੰਘ ਕਲੇਰ** :ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ ਸ਼ਿਕਾਗੋ ਦੀਆਂ ਸੰਗਤਾਂ, ਪੰਥਕ ਜਥੇਬੰਦੀਆਂ ਅਤੇ ਇੰਡੀਅਨਐਪੋਲਿਸ ਤੇ ਕਰਾਊਨ ਪੁਆਇੰਟ ਦੀਆਂ ਸੰਗਤਾਂ ਸਾਂਝੇ ਤੌਰ ਤੇ ਭਾਰਤੀ ਕੌਂਸਲੇਟ ਸ਼ਿਕਾਗੋ ਦਫਤਰ ਅਗੇ ਕੀਤੇ ਰੋਸ ਮੁਜਾਹਰੇ ਵਿੱਚ ਭਾਰੀ ਉੱਤਸ਼ਾਹ ਨਾਲ ਸ਼ਾਮਿਲ ਹੋਈਆਂ । ਉਨ੍ਹਾਂ ਨੇ ਆਪਣੇ ਹੱਥਾਂ ਦੇ ਵਿੱਚ ਤਖਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ ਤੇ ਸਰਕਾਰੀ ਅਤਿਆਚਾਰ ਦੀਆਂ ਮੂੰਹੋਂ ਬੋਲਦੀਆਂ ਤਸਵੀਰਾਂ ਉਕਰੀਆਂ ਹੋਈਆਂ ਸਨ। ਭਾਰਤੀ ਸਰਕਾਰ ਵਿਰੁਧ, ਸਿੱਖਾਂ ਦੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਵਾਲੇ ਅਤੇ ਸਿੱਖ ਸ਼ਹੀਦਾਂ ਦੇ ਤੇ ਜੇਲ੍ਹਾਂ ਵਿੱਚ ਬੈਠੇ ਨੌਜਵਾਨਾਂ ਤੇ ਖਾਲਿਸਤਾਨ ਪੱਖੀ ਨਾਅਰੇ ਵੀ ਲਾਏ ਗਏ ।

ਸਿੱਖ ਸੰਗਤਾਂ ਵਿੱਚ ਰੋਸ ਹੈ ਕਿ 34 ਸਾਲ ਦਾ ਸਮਾਂ ਬੀਤ ਜਾਣ ਤੇ ਵੀ ਸਿੱਖਾਂ ਨੂੰ ਅਜੇ ਤੱਕ ਇੰਨਸਾਫ ਨਹੀਂ ਮਿਲਿਆ। ਭਾਰਤ ਵਿੱਚ ਸਿੱਖਾਂ ਸਮੇਤ ਦੂਸਰੀਆਂ ਘੱਟ ਗਿਣਤੀ ਕੌਮਾਂ ਵਾਸਤੇ ਵੱਖਰੇ ਕਾਨੂੰਨ ਤੇ ਹਿੰਦੂਤਵੀ ਜਮਾਤਾਂ ਵਾਸਤੇ ਵੱਖਰੇ ਕਾਨੂੰਨ ਹਨ। ਸਰਕਾਰਾਂ ਨੇ ਵੱਖਰੇ ਮਾਪਦੰਡ ਬਣਾਏ ਹੋਏ ਹਨ ਸਰਕਾਰਾਂ ਹਿੰਦੂ ਤਵੀ ਮੁਜਰਮਾਂ ਜਾਂ ਕਾਤਲਾਂ ਦੇ ਬਚਾਅ ਵਾਸਤੇ ਬਹੁਤ ਜਲਦੀ ਹਰਕਤਾਂ ਵਿੱਚ ਆ ਜਾਂਦੀਆਂ ਤੇ ਉਨਾਂ ਨੂੰ ਘੱਟ ਤੋਂ ਘੱਟ ਸਜਾਵਾਂ ਤੇ ਜਲਦੀ ਰਿਹਾਈਆਂ ਵਾਸਤੇ ਰਾਹ ਪੱਧਰੇ ਕਰ ਦਿੱਤੇ ਜਾਂਦੇ ਹਨ ਤੇ ਸਿੱਖਾਂ ਸਮੇਤ ਘੱਟ ਗਿਣਤੀਆਂ ਨੂੰ ਰਾਤੋ ਰਾਤ ਫਾਂਸੀਆਂ ਦੇ ਫੰਦੇ ਤੇ ਲਟਕਾਉਣ ਵਾਸਤੇ ਨਵੇਂ ਨਵੇਂ ਕਾਨੂੰਨ ਘੜ ਲਏ ਜਾਂਦੇ ਹਨ ਅਤੇ ਸਜਾਵਾਂ ਪੂਰੀਆਂ ਕਰ ਲਏ ਜਾਣ ਤੇ ਵੀ ਰਿਹਾਈਆਂ ਨਹੀ ਹੁੰਦੀਆਂ। ਫਿਰ ਸਰਕਾਰਾਂ ਦੇ ਕੰਨਾਂ ਤੱਕ ਅਵਾਜਾਂ ਪਹਿਚਾਉਣ ਲਈ ਧਰਨੇ, ਮੁਜ਼ਾਹਰੇ, ਮੋਰਚੇ ਲਾਉਣੇ ਅਤੇ ਸ਼ੰਘਰਸ਼ ਕਰਨੇ ਪੈਂਦੇ ਹਨ।

## ਸਿੱਖ ਨੌਜਵਾਨਾਂ ਵਲੋਂ 1984 ਦੇ ਸਮੂਹ ਸ਼ਹੀਦਾਂ ਦੀਆਂ ਯਾਦਗਾਰੀ ਤਸਵੀਰਾਂ ਪੋਸਟਰਾਂ ਦੀ ਪ੍ਰਦਰਸ਼ਨੀ

**ਸ਼ਿਕਾਗੋ/ਮੱਖਣ ਸਿੰਘ ਕਲੇਰ :** ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਸਿੱਖ ਨੌਜਵਾਨਾਂ ਵਲੋਂ 1984 ਦੇ ਸਮੂਹ ਸ਼ਹੀਦਾਂ ਦੀਆਂ ਯਾਦਗਾਰੀ ਤਸਵੀਰਾਂ ਤੇ ਵੱਡੇ ਵੱਡੇ ਪੋਸਟਰ ਸੰਗਤਾਂ ਵਾਸਤੇ ਪਰਦਰਸ਼ਨੀ ਦੇ ਰੂਪ ਵਿੱਚ ਲਾਏ ਗਏ। ਇਨ੍ਹਾਂ ਪੋਸਟਰਾਂ ਤੇ ਤੀਜੇ ਘੱਲੂਘਾਰੇ ਦਾ 1 ਜੂਨ ਤੋਂ ਲੈ ਕੇ 10 ਜੂਨ ਤੱਕ ਦਾ ਇਤਿਹਾਸ ਸਮੇਤ ਤਸਵੀਰਾਂ ਉਕਰਿਆ ਹੋਇਆ ਸੀ ਤੇ ਦੇਖ ਕੇ ਲੂ ਕੰਡੇ ਖੜੇ ਹੁੰਦੇ ਸਨ ਤੇ ਸੋਚਣ ਲਈ ਮਜਬੂਰ ਹੋਣਾ ਪੈ ਰਿਹਾ ਸੀ ਕਿ ਕਿਵੇਂ ਗੁਰੂ ਦੇ ਪਿਆਰਿਆਂ ਨੇ ਆਪਣੀਆਂ ਜਾਨਾਂ ਨੂੰ ਤਲੀ ਤੇ ਰੱਖ ਕੇ ਭਾਰਤੀ ਫੌਜਾਂ ਦਾ ਲਗਾਤਾਰ ਮੁਕਾਬਲਾ ਕੀਤਾ ਤੇ ਆਪਣੇ ਗੁਰਧਾਮਾਂ ਦੀ ਰਾਖੀ ਆਖਰੀ ਸਵਾਸਾਂ ਤੱਕ ਕੀਤੀ।

ਇਸ ਤੋਂ ਇਲਾਵਾ ਗੁਰਮਤਿ ਸਕੂਲ ਦੇ ਬੱਚਿਆਂ ਅਤੇ ਸਥਾਨਕ ਨੌਜਵਾਨਾਂ ਨੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਦੌੜਾਂ ਕਰਵਾਈਆਂ ਤੇ ਸਥਾਨਕ ਗੁਆਂਢੀ ਲੋਕਾਂ ਨੂੰ ਜਾਣਕਾਰੀ ਮੁਹਈਆ ਕਰਵਾਈ। ਇਸਦੇ ਨਾਲ ਹੀ ਕਾਰਸੇਵਾ ਵਾਲੇ ਵੀਰਾਂ ਵਲੋਂ 1984 ਦੇ ਸ਼ਹੀਦਾਂ ਦੀ ਯਾਦ ਵਿੱਚ ਇਕ ਦਰਖਤ ਲਾਇਆ ਗਿਆ ਤੇ ਉਨ੍ਹਾਂ ਦੱਸਿਆ ਕਿ ਜੂਨ ਦਾ ਸਾਰਾ ਮਹੀਨਾ ਹੀ ਸ਼ਹੀਦਾਂ ਨੂੰ ਸਮਰਪਤ ਹੋਏਗਾ ਤੇ ਸਾਰੀ ਕਾਰਸੇਵਾ ਵੀ ਸ਼ਹੀਦਾਂ ਨੂੰ ਸਮਰਪਤ ਹੋਏਗੀ।



## ਪਾਕਿ ਦੇ ਸਾਬਕਾ ਰਾਸ਼ਟਰਪਤੀ ਮੁਸ਼ੱਰਫ਼ ਦਾ ਪਾਸਪੋਰਟ ਮੁਅੱਤਲ

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨੀ ਅਧਿਕਾਰੀਆਂ ਨੇ ਵਿਸ਼ੇਸ਼ ਅਦਾਲਤ ਜਿਹੜੀ ਸਾਬਕਾ ਫ਼ੌਜੀ ਸ਼ਾਸਕ ਪਰਵੇਜ਼ ਮੁਸ਼ੱਰਫ਼ ਖਿਲਾਫ਼ ਦੇਸ਼ ਧਰੋਹ ਦੇ ਮਾਮਲੇ ਦੀ ਸੁਣਵਾਈ ਕਰ ਰਹੀ ਹੈ, ਦੇ ਹੁਕਮਾਂ 'ਤੇ ਮੁਸ਼ੱਰਫ ਦਾ ਕੌਮੀ ਪਛਾਣ ਪੱਤਰ ਅਤੇ ਪਾਸਪੋਰਟ ਮੁਅੱਤਲ ਕਰ ਦਿੱਤਾ ਹੈ। 74 ਸਾਲਾ ਮੁਸ਼ੱਰਫ ਨੂੰ 2007 ਵਿਚ ਐਮਰਜੈਂਸੀ ਲਾਉਣ ਦੇ ਦੇਸ਼ ਧਰੋਹ ਦੇ



ਦੋਸ਼ਾਂ ਤਹਿਤ ਮਾਰਚ 2014 ਵਿਚ ਦੋਸ਼ੀ ਠਹਿਰਾਇਆ ਸੀ। ਮੁਸ਼ੱਰਫ ਨੇ ਐਮਰਜੈਂਸੀ ਲਾ ਕੇ ਸੁਪਰੀਮ ਕੋਰਟ ਦੇ ਕਈ ਜੱਜਾਂ ਨੂੰ ਉਨ੍ਹਾਂ ਦੇ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਸੀ ਅਤੇ 100 ਤੋਂ ਵੀ ਵੱਧ ਜੱਜਾਂ ਨੂੰ ਬਰਖਾਸਤ ਕਰ ਦਿੱਤਾ ਸੀ। 18 ਮਾਰਚ 2016 ਨੂੰ ਸਾਬਕਾ ਰਾਸ਼ਟਰਪਤੀ ਇਲਾਜ ਲਈ ਦੁਬਈ ਚਲਾ ਗਿਆ ਸੀ। ਕੁਝ ਮਹੀਨੇ ਬਾਅਦ ਵਿਸ਼ੇਸ਼ ਅਦਾਲਤ ਨੇ ਉਸ ਨੂੰ ਭਗੌੜਾ ਕਰਾਰ ਦਿੰਦੇ ਹੋਏ ਉਸ ਦੀ ਜਾਇਦਾਦ ਜ਼ਬਤ ਕਰਨ ਦਾ ਹੁਕਮ ਦਿੱਤਾ ਸੀ। ਅਦਾਲਤ ਨੇ ਮਾਰਚ ਮਹੀਨੇ ਫੈਡਰਲ ਸਰਕਾਰ ਨੂੰ ਹੁਕਮ ਦਿੱਤਾ ਕਿ ਉਸ ਦਾ ਕੌਮੀ ਪਛਾਣ ਪੱਤਰ ਅਤੇ ਪਾਸਪੋਰਟ ਮੁਅੱਤਲ ਕਰ ਦਿੱਤਾ ਜਾਵੇ। 'ਦੀ ਐਕਸਪ੍ਰੈਸ ਟ੍ਰਿਬਿਊਨ' ਨੇ ਆਪਣੀ ਰਿਪੋਰਟ ਵਿਚ ਦੱਸਿਆ ਕਿ ਨੈਸ਼ਨਲ ਰਜਿਸਟਰੇਸ਼ਨ ਅਤੇ ਡਾਟਾਬੇਸ ਅਥਾਰਟੀ ਨੇ ਮੁਸ਼ੱਰਫ਼ ਦਾ ਪਛਾਣ ਪੱਤਰ ਮੁਅੱਤਲ ਕਰ ਦਿੱਤਾ ਹੈ ਜਿਸ ਦੇ ਸਿੱਟੇ ਵਜੋਂ ਉਸ ਦਾ ਪਾਸਪੋਰਟ ਆਪਣੇ ਆਪ ਮੁਅੱਤਲ ਹੋ ਗਿਆ। ਇਸ ਨੇ ਅੱਗੇ ਲਿਖਿਆ ਕਿ ਉਸ ਦਾ ਪਾਸਪੋਰਟ ਮੁਅੱਤਲ ਹੋਣ ਕਾਰਨ ਮੁਸ਼ੱਰਫ਼ ਕਿਸੇ ਹੋਰ ਦੇਸ਼ ਦੀ ਯਾਤਰਾ ਨਹੀਂ ਕਰ ਸਕੇਗਾ ਅਤੇ ਉਸ ਦਾ ਦੁਬਈ ਵਿਚ ਰਹਿਣਾ ਵੀ ਗੈਰਕਾਨੂੰਨੀ ਹੋ ਜਾਵੇਗਾ। ਸੂਤਰਾਂ ਨੇ ਦੱਸਿਆ ਕਿ ਉਹ ਹੁਣ ਰਾਜਸੀ ਸ਼ਰਨ ਦੀ ਮੰਗ ਕਰੇਗਾ ਜਾਂ ਜੇਕਰ ਪਾਕਿਸਤਾਨ ਵਾਪਸ ਆਉਣ ਦਾ ਇਰਾਦਾ ਹੋਇਆ ਤਾਂ ਵਿਸ਼ੇਸ਼ ਦਸਤਾਵੇਜ਼ਾਂ ਦਾ ਪ੍ਰਬੰਧ ਕਰੇਗਾ।

## ਵੈਨਕੂਵਰ 'ਚ ਦਸਤਾਰਧਾਰੀ ਨੌਜਵਾਨ ਵੀ ਹੋ ਸਕਣਗੇ ਪੁਲਿਸ ਵਿਚ ਭਰਤੀ

**ਸਿਆਟਲ/ਬਿਊਰੋ ਨਿਊਜ਼ :** ਵਾਸ਼ਿੰਗਟਨ ਦੀ ਰਾਜਧਾਨੀ ਉਲੰਪੀਆ ਤੋਂ 150 ਮੀਲ ਤੇ ਸਿਆਟਲ ਤੋਂ 200 ਮੀਲ ਦੂਰ ਵੈਨਕੂਵਰ ਸ਼ਹਿਰ ਵਿਚ ਪੁਲਿਸ 'ਚ ਭਰਤੀ ਕਰਨ ਲਈ ਦਸਤਾਰਧਾਰੀ ਨੌਜਵਾਨਾਂ ਲਈ ਪ੍ਰਵਾਨਗੀ ਮਿਲ ਚੁੱਕੀ ਹੈ। ਵੈਨਕੂਵਰ ਗੁਰਦੁਆਰਾ ਦੇ ਸਕੱਤਰ ਗੁਰਜੀਤ ਸਿੰਘ ਰਾਕਾ ਤੇ ਸਿੱਖ ਪੇਕ ਦੇ ਉਪ-ਚੇਅਰਮੈਨ ਬਹਾਦਰ ਸਿੰਘ ਨੇ ਦੱਸਿਆ ਕਿ ਭਾਰੀ ਜੱਦੋ-ਜਹਿਦ ਨਾਲ ਵਾਸ਼ਿੰਗਟਨ ਸੂਬੇ ਵਿਚ ਪਹਿਲੀ ਵਾਰ ਵੈਨਕੂਵਰ ਸ਼ਹਿਰ 'ਚ ਦਸਤਾਰਧਾਰੀ ਨੌਜਵਾਨ ਭਰਤੀ ਹੋ ਸਕਦਾ ਹੈ ਅਤੇ ਪਗੜੀ ਤੇ ਦਾੜ੍ਹੀ ਰੱਖ ਕੇ ਡਿਊਟੀ ਦੇ ਸਕਦਾ ਹੈ। ਉਨ੍ਹਾਂ ਦੱਸਿਆ ਕਿ ਲੋੜੀਂਦੀ ਕਾਰਵਾਈ ਹੋਣ ਤੋਂ ਬਾਅਦ ਹੁਕਮ ਜਾਰੀ ਹੋ ਚੁੱਕੇ ਹਨ। ਜਲਦੀ ਹੀ ਪੰਜਾਬੀ ਭਾਈਚਾਰੇ ਦੇ ਹੋਣਹਾਰ ਨੌਜਵਾਨ ਇਸ ਦਾ ਲਾਭ ਉਠਾ ਸਕਣਗੇ। ਬਹਾਦਰ ਸਿੰਘ ਨੇ ਦੱਸਿਆ ਕਿ ਵਾਸ਼ਿੰਗਟਨ ਸੂਬੇ ਦੇ ਸਕੂਲਾਂ ਵਿਚ ਸਿੱਖਾਂ ਤੇ ਸਿੱਖੀ ਬਾਰੇ ਮੁਢਲੀ ਜਾਣਕਾਰੀ ਦੇਣ ਲਈ ਉੱਚ ਅਫ਼ਸਰਾਂ ਨਾਲ ਵਿਚਾਰ-ਵਟਾਂਦਰਾ ਹੋ ਚੁੱਕਾ ਹੈ, ਜਿਸ ਨੂੰ ਜਲਦੀ ਲਾਗੂ ਕੀਤਾ ਜਾ ਰਿਹਾ ਹੈ। ਵਾਸ਼ਿੰਗਟਨ ਸੂਬੇ ਦੇ ਕੋਨੇ-ਕੋਨੇ ਵਿਚ ਪੰਜਾਬੀ ਭਾਈਚਾਰੇ ਦੇ ਲੋਕ ਵਸੇ ਹੋਏ ਹਨ ਅਤੇ ਨੌਜਵਾਨ ਬੱਚੇ ਸਿੱਖਿਆ ਲੈ ਕੇ ਉੱਚ ਅਹੁਦਿਆਂ 'ਤੇ ਨੌਕਰੀਆਂ ਕਰ ਰਹੇ ਹਨ। ਖ਼ਾਸ ਕਰਕੇ ਸਿਆਟਲ ਦੇ ਵੱਖ-ਵੱਖ ਮਹਿਕਮਿਆਂ 'ਚ ਪੰਜਾਬੀ ਨੌਜਵਾਨ ਨੌਕਰੀਆਂ ਕਰ ਰਹੇ ਹਨ।

# ਡੋਨਲਡ ਟਰੰਪ ਅਤੇ ਕਿਮ ਜੌਂਗ ਵਿਚਾਲੇ ਸਿੰਗਾਪੁਰ 'ਚ ਇਤਿਹਾਸਕ ਮੁਲਾਕਾਤ

### ਕੋਰੀਅਨ ਆਗੂ ਨੇ ਅਮਰੀਕਾ ਕੋਲੋਂ ਸੁਰੱਖਿਆ ਦੀ ਗਾਰੰਟੀ ਮੰਗੀ

**ਸਿੰਗਾਪੁਰ/ਬਿਊਰੋ ਨਿਊਜ਼ :**
ਇਥੇ ਅਮਰੀਕੀ ਸਦਰ ਡੋਨਲਡ ਟਰੰਪ ਨਾਲ ਇਤਿਹਾਸਕ ਸਿਖਰ ਵਾਰਤਾ ਮੌਕੇ ਉੱਤਰੀ ਕੋਰੀਆ ਦੇ ਆਗੂ ਕਿਮ ਜੌਂਗ ਉੱਨ ਨੇ 'ਮੁਕੰਮਲ ਨਿਸ਼ਸਤਰੀਕਰਨ' ਲਈ ਕੰਮ ਕਰਨ ਦਾ ਵਾਅਦਾ ਕਰਦਿਆਂ ਵੱਟੇ 'ਚ ਅਮਰੀਕਾ ਤੋਂ ਸੁਰੱਖਿਆ ਗਾਰੰਟੀ ਦੀ ਮੰਗ ਕੀਤੀ ਹੈ। ਦੋਵਾਂ ਮੁਲਕਾਂ ਦੇ ਆਗੂਆਂ ਦੀ ਇਹ ਇਤਿਹਾਸਕ ਮਿਲਣੀ ਕੋਰੀਅਨ ਪ੍ਰਾਇਦੀਪ 'ਚ ਬਣੇ ਤਣਾਅ ਨੂੰ ਘਟਾਉਣ ਤੇ ਏਸ਼ੀਆ ਪ੍ਰਸ਼ਾਂਤ ਖਿੱਤੇ ਦੇ ਭੂ-ਸਿਆਸੀ ਹਾਲਾਤ ਨੂੰ ਮੁੜ ਆਕਾਰ ਦੇਣ ਦੇ ਸੁਨੇਹੇ ਨਾਲ ਖ਼ਤਮ ਹੋ ਗਈ। ਉਂਜ ਟਰੰਪ ਨੇ ਸਾਫ਼ ਕਰ ਦਿੱਤਾ ਕਿ ਪਰਮਾਣੂ ਤਜਰਬੇ ਕਰਕੇ ਉੱਤਰੀ ਕੋਰੀਆ 'ਤੇ ਲੱਗੀਆਂ ਪਾਬੰਦੀਆਂ ਹਾਲ ਦੀ ਘੜੀ ਆਇਦ ਰਹਿਣਗੀਆਂ।

ਇਸ ਦੌਰਾਨ ਭਾਰਤ ਨੇ ਇਸ ਇਤਿਹਾਸਕ ਸਿਖਰ ਵਾਰਤਾ ਦਾ ਸਵਾਗਤ ਕਰਦਿਆਂ ਇਸ ਨੂੰ ਸਕਾਰਾਤਮਕ ਦਿਸ਼ਾ 'ਚ ਕੀਤੀ ਪੇਸ਼ਕਦਮੀ ਦੱਸਿਆ ਹੈ। ਉਧਰ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਅਮਰੀਕਾ ਤੇ ਉੱਤਰੀ ਕੋਰੀਆ ਵਿਚਾਲੇ ਹੋਏ ਕਰਾਰ ਨੂੰ 'ਅਹਿਮ ਮੀਲਪੱਥਰ' ਦਸਦਿਆਂ ਆਲਮੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਕੋਰੀਅਨ ਪ੍ਰਾਈਦੀਪ ਵਿੱਚ ਮੁਕੰਮਲ ਨਿਸ਼ਸਤਰੀਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਹਮਾਇਤ ਕਰਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚਾਰ ਘੰਟਿਆਂ ਤੋਂ ਵੱਧ ਸਮਾਂ ਚੱਲੀ ਪ੍ਰਬਲ ਗੱਲਬਾਤ ਮਗਰੋਂ ਕਿਹਾ, "ਬੀਤੇ ਦੇ ਝਗੜੇ ਝੇੜੇ ਨੂੰ ਆਉਣ ਵਾਲੇ ਕੱਲ੍ਹ ਦੀ ਜੰਗ ਨਹੀਂ ਬਣਨ ਦਿੱਤਾ ਜਾ ਸਕਦਾ।" ਅਮਰੀਕੀ ਸਦਰ ਨੇ ਗੱਲਬਾਤ ਨੂੰ ਇਮਾਨਦਾਰ, ਸਿੱਧੀ ਤੇ ਸਪਸ਼ਟ ਅਤੇ ਰਚਨਾਤਮਕ ਦੱਸਿਆ। ਟਰੰਪ ਨੇ ਕਿਹਾ ਕਿ ਕਿਮ ਨੇ ਕੋਰੀਅਨ ਪ੍ਰਾਇਦੀਪ ਦੇ ਨਿਸ਼ਸਤਰੀਕਰਨ ਦੀ ਵਚਨਬੱਧਤਾ ਨੂੰ ਮੁੜ ਦੁਹਰਾਉਂਦਿਆਂ ਮਿਜ਼ਾਈਲ ਇੰਜਨ ਟੈਸਟ ਸਾਈਟ ਨੂੰ ਤਬਾਹ ਕਰਨ ਦੀ ਸਹਿਮਤੀ ਵੀ ਦਿੱਤੀ ਹੈ। ਉੱਤਰੀ ਕੋਰੀਆ ਦੇ ਆਗੂ ਨਾਲ ਆਪਣੀ ਪਲੇਠੀ ਮੀਟਿੰਗ ਮਗਰੋਂ ਟਰੰਪ ਨੇ ਪੱਤਰਕਾਰਾਂ ਨੂੰ ਦੱਸਿਆ ਕਿ "ਅਸੀਂ ਦੋਵਾਂ ਮੁਲਕਾਂ ਵਿਚਾਲੇ ਨਵਾਂ ਅਧਿਆਏ ਲਿਖਣ ਲਈ ਤਿਆਰ ਹਾਂ।" ਟਰੰਪ ਨੇ ਹਾਲਾਂਕਿ ਸਾਫ਼ ਕਰ ਦਿੱਤਾ ਕਿ ਉੱਤਰੀ ਕੋਰੀਆ 'ਤੇ ਲੱਗੀਆਂ ਪਾਬੰਦੀਆਂ ਜਾਰੀ ਰਹਿਣਗੀਆਂ। ਨਿਸ਼ਸਤਰੀਕਰਨ ਦੇ ਅਮਲ ਬਾਰੇ ਪੁੱਛੇ ਜਾਣ 'ਤੇ ਟਰੰਪ ਨੇ ਕਿਹਾ , "ਅਸੀਂ ਜਲਦੀ ਹੀ ਅਮਲ ਸ਼ੁਰੂ ਕਰਾਂਗੇ੩ਬਹੁਤ ਜਲਦੀ।" ਟਰੰਪ ਨੇ ਕਿਹਾ ਕਿ ਇਸ ਸਬੰਧ ਵਿੱਚ ਅਗਲੇ ਹਫ਼ਤੇ ਮੀਟਿੰਗ ਹੋਵੇਗੀ ਤੇ ਸਮਝੌਤੇ ਨੂੰ ਸਿਰੇ ਚਾੜ੍ਹਨ ਲਈ ਖੇਤਰੀ ਮੁਲਕਾਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ। ਦੋਵਾਂ ਆਗੂਆਂ ਨੇ ਇਕ ਦੂਜੇ ਨਾਲ ਆਹਮੋ-ਸਾਹਮਣੀ ਮੀਟਿੰਗ ਮਗਰੋਂ ਸਾਂਝੇ ਬਿਆਨ 'ਤੇ ਸਹੀ ਪਾਈ।



ਅਮਰੀਕੀ ਸਦਰ ਡੋਨਲਡ ਟਰੰਪ ਸਿੰਗਾਪੁਰ ਦੇ ਸੈਂਨਤੋਸਾ ਟਾਪੂ 'ਤੇ ਰੱਖੀ ਇਤਿਹਾਸਕ ਸਿਖਰ ਵਾਰਤਾ ਲਈ ਉੱਤਰੀ ਕੋਰੀਆ ਦੇ ਆਗੂ ਕਿਮ ਜੌਂਗ ਉਨ ਨੂੰ ਜੀ ਆਇਆਂ ਕਹਿੰਦੇ ਹੋਏ।

ਇਸ ਮੀਟਿੰਗ ਵਿੱਚ ਅਨੁਵਾਦਕ ਹੀ ਮੌਜੂਦ ਸਨ। ਮਗਰੋਂ ਇਸ ਮੀਟਿੰਗ ਦਾ ਘੇਰਾ ਵਧਾਉਂਦਿਆਂ ਦੋਵਾਂ ਮੁਲਕਾਂ ਦੇ ਸਿਖਰਲੇ ਆਗੂਆਂ ਨੂੰ ਇਸ ਵਿਚ ਸ਼ਾਮਲ ਕੀਤਾ ਗਿਆ।

ਉਧਰ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਜਲਦੀ ਹੀ ਇਰਾਨ ਨਾਲ 'ਅਸਲ ਸਮਝੌਤਾ' ਕਰਨਗੇ। ਯਾਦ ਰਹੇ ਕਿ ਟਰੰਪ ਨੇ ਓਬਾਮਾ ਪ੍ਰਸ਼ਾਸਨ ਵੱਲੋਂ ਹੋਰਨਾਂ ਵਿਸ਼ਵ ਤਾਕਤਾਂ ਨਾਲ ਮਿਲ ਕੇ ਇਰਾਨ ਨਾਲ ਕੀਤੇ ਮਿਸਾਲੀ ਸਮਝੌਤੇ ਨੂੰ 'ਸੜ ਚੁੱਕਾ ਤੇ ਖਰਾਬ' ਦੱਸਦਿਆਂ ਪਿਛਲੇ ਮਹੀਨੇ ਅਮਰੀਕਾ ਨੂੰ ਇਸ ਤੋਂ ਅੱਡ ਕਰ ਲਿਆ ਸੀ। ਟਰੰਪ ਨੇ ਕਿਹਾ ਕਿ ਇਰਾਨ ਹੁਣ ਪਹਿਲਾਂ ਵਾਲਾ ਮੁਲਕ ਨਹੀਂ ਰਿਹਾ। ਤਿੰਨ ਚਾਰ ਮਹੀਨੇ ਪਹਿਲਾਂ ਉਸ ਦੀ ਜੋ ਸਥਿਤੀ ਸੀ, ਉਸ ਵਿੱਚ ਬਦਲਾਅ ਆਇਆ ਹੈ।

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CIS CALIFORNIA
IMMIGRATION SERVICES
(Registered & Bonded)
➢ FAMILY IMMIGRATION
➢ GREEN CARD PETITION
➢ CITIZENSHIP
➢ OCI CARD / INDIAN PASSPORT
➢ BUSINESS / VISITOR VISA
➢ H-1 B VISA PETITION
➢ STUDENT VISA
➢ RELIGIOUS VISA
➢ LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਭਗਵੇਂ ਨੇਤਾ ਵਿਵਾਦਪੂਰਨ ਬਿਆਨ ਦੇ ਕੇ ਭਾਜਪਾ ਦਾ ਉਡਾ ਰਹੇ ਨੇ ਮੌਜੂ

- *ਹਨੂਮਾਨ ਦੁਨੀਆ ਦੇ ਪਹਿਲੇ ਆਦੀਵਾਸੀ :ਅਲਵਰ ਤੋਂ ਭਾਜਪਾ ਵਿਧਾਇਕ ਗਿਆਨ ਆਹੂਜਾ*
- *ਸੀਤਾ ਜੀ ਦਾ ਜਨਮ 'ਟੈਸਟ ਟਿਊਬ ਤਕਨੀਕ' ਨਾਲ ਹੋਇਆ : ਯੂਪੀ ਦਾ ਉਪ-ਮੁੱਖ ਮੰਤਰੀ ਦਿਨੇਸ਼ ਸ਼ਰਮਾ*
- *ਨਸ਼ਾ ਸਮੱਗਲਿੰਗ ਦੀ ਥਾਂ ਸੋਨੇ ਦੀ ਸਮੱਗਲਿੰਗ ਕਰੋ : ਬਿਲਾਰਾ ਤੋਂ ਭਾਜਪਾ ਵਿਧਾਇਕ ਅਰਜੁਨ ਲਾਲ*





**ਜਲੰਧਰ/ਬਿਊਰੋ ਨਿਊਜ਼:**
ਅੱਜ ਕਲ੍ਹ ਜਦੋਂ ਇਕ ਪਾਸੇ ਦੇਸ਼ ਵਿਚ ਲਾ-ਕਾਨੂੰਨੀ, ਅਪਰਾਧਾਂ, ਦੰਗਿਆਂ ਆਦਿ ਕਾਰਨ ਮਾਹੌਲ ਅਸ਼ਾਂਤ ਹੋ ਰਿਹਾ ਹੈ ਤਾਂ ਦੂਜੇ ਪਾਸੇ ਭਾਜਪਾ ਨੇਤਾ ਤੇ ਭਗਵੇਂਵਾਦੀ ਲੋਕ ਬਿਨਾਂ ਸੋਚੇ-ਵਿਚਾਰੇ ਵਿਵਾਦਪੂਰਨ ਬਿਆਨ ਦੇ ਕੇ ਭਾਰਤ ਦਾ ਮਾਹੌਲ ਵਿਗਾੜ ਰਹੇ ਹਨ। ਸਿਰਫ ਪਿਛਲੇ 10 ਦਿਨਾਂ ਵਿਚ ਭਾਜਪਾ ਨੇਤਾਵਾਂ ਦੇ ਤਿੰਨ ਅਜਿਹੇ ਬਿਆਨ ਆਏ ਹਨ, ਜਿਨ੍ਹਾਂ ਕਾਰਨ ਬੇਲੋੜੇ ਵਿਵਾਦ ਪੈਦਾ ਹੋ ਰਹੇ ਹਨ :

' 27 ਮਈ ਨੂੰ ਰਾਜਸਥਾਨ ਦੇ ਅਲਵਰ ਤੋਂ ਭਾਜਪਾ ਵਿਧਾਇਕ ਗਿਆਨ ਦੇਵ ਆਹੂਜਾ ਨੇ ਅਜੀਬੋ-ਗਰੀਬ ਬਿਆਨ ਦਿੰਦਿਆਂ ਦਾਅਵਾ ਕੀਤਾ ਕਿ "ਭਗਵਾਨ ਹਨੂਮਾਨ ਦੁਨੀਆ ਦੇ ਪਹਿਲੇ ਆਦੀਵਾਸੀ ਸਨ। ਦੇਸ਼ ਦੇ ਆਦੀਵਾਸੀ ਇਨ੍ਹਾਂ ਦੀ ਬਹੁਤ ਸਨਮਾਨ ਨਾਲ ਪੂਜਾ ਕਰਦੇ ਹਨ ਕਿਉਂਕਿ ਇਨ੍ਹਾਂ ਨੇ ਆਦੀਵਾਸੀਆਂ ਨੂੰ ਇਕੱਠ ਕਰ ਕੇ ਇਕ ਸੈਨਾ ਬਣਾਈ ਸੀ, ਜਿਸ ਨੂੰ ਭਗਵਾਨ ਰਾਮ ਨੇ ਖੁਦ ਸਿੱਖਿਅਤ ਕੀਤਾ ਤੇ ਯੁੱਧ ਦੀ ਕਲਾ ਸਿਖਾਈ।"

' 30-31 ਮਈ ਨੂੰ ਯੂ. ਪੀ. ਦੇ ਉਪ-ਮੁੱਖ ਮੰਤਰੀ ਦਿਨੇਸ਼ ਸ਼ਰਮਾ ਲਖਨਊ ਵਿਚ ਇਕ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਬੋਲਦਿਆਂ ਸੀਤਾ ਜੀ ਦੇ ਜਨਮ ਨੂੰ 'ਟੈਸਟ ਟਿਊਬ ਤਕਨੀਕ' ਨਾਲ ਜੋੜ ਕੇ ਵਿਵਾਦਾਂ ਵਿਚ ਘਿਰ ਗਏ।

ਉਨ੍ਹਾਂ ਨੇ ਇਹ ਕਹਿ ਕੇ ਵਿਵਾਦ ਖੜ੍ਹਾ ਕਰ ਦਿੱਤਾ ਕਿ "ਰਾਜਾ ਜਨਕ ਨੇ ਹਲ ਚਲਾਇਆ, ਜੋ ਇਕ ਘੜੇ ਨਾਲ ਟਕਰਾਇਆ। ਘੜੇ ਵਿਚੋਂ ਇਕ ਬੱਚੀ ਨਿਕਲੀ ਤੇ ਉਹੀ ਬੱਚੀ ਸੀਤਾ ਜੀ ਬਣੀ। ਇਹ ਤਕਨੀਕ ਅੱਜ ਦੀ ਟੈਸਟ ਟਿਊਬ ਬੇਬੀ ਤਕਨੀਕ ਵਰਗੀ ਹੀ ਰਹੀ ਹੋਵੇਗੀ ਤੇ ਜ਼ਰੂਰ ਉਦੋਂ ਵੀ ਟੈਸਟ ਟਿਊਬ ਬੇਬੀ ਵਰਗਾ ਕੋਈ ਪ੍ਰਾਜੈਕਟ ਚੱਲ ਰਿਹਾ ਹੋਵੇਗਾ।"

ਯੂ. ਪੀ. ਦੇ ਭਾਜਪਾ ਬੁਲਾਰੇ ਰਾਕੇਸ਼ ਤ੍ਰਿਪਾਠੀ ਨੇ ਤਾਂ ਸ਼ਰਮਾ ਦੇ ਉਕਤ ਬਿਆਨ ਦਾ ਸਮਰਥਨ ਕੀਤਾ ਹੈ ਪਰ ਹੋਰਨਾਂ ਲੋਕਾਂ ਨੇ ਇਸ ਦੀ ਆਲੋਚਨਾ ਹੀ ਕੀਤੀ ਹੈ। ਪਾਰਟੀ ਦੇ ਜਨਰਲ ਸਕੱਤਰ ਭੁਪਿੰਦਰ ਯਾਦਵ ਨੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਦੀ ਹਦਾਇਤ 'ਤੇ ਸ਼ਰਮਾ ਨਾਲ ਫੋਨ 'ਤੇ ਗੱਲ ਕਰ ਕੇ ਉਨ੍ਹਾਂ ਦੇ ਬਿਆਨ 'ਤੇ ਸਖਤ ਇਤਰਾਜ਼ ਵੀ ਪ੍ਰਗਟਾਇਆ ਹੈ।

ਇਸੇ ਤਰ੍ਹਾਂ ਕਾਂਗਰਸ ਦੇ ਮੁੱਖ ਬੁਲਾਰੇ ਰਣਦੀਪ ਸੂਰਜੇਵਾਲਾ ਨੇ ਟਵੀਟ ਕੀਤਾ ਹੈ ਕਿ "ਸਤਿਕਾਰਯੋਗ ਭਾਜਪਾਈਓ, ਸੀਤਾ ਮਾਤਾ ਨੂੰ ਤਾਂ ਆਪਣੀ ਸਿਆਸਤ ਦਾ ਸ਼ਿਕਾਰ ਨਾ ਬਣਾਓ। ਪਹਿਲਾਂ ਤਾਂ ਸੰਸਦ ਵਿਚ ਸੀਤਾ ਦੀ ਹੋਂਦ ਨਕਾਰ ਰਹੇ ਸੀ ਤੇ ਹੁਣ ਝੂਠੀ ਰਮਾਇਣ ਪੜ੍ਹਾ ਰਹੇ ਹੋ।"

ਉਕਤ ਦੋਹਾਂ ਬਿਆਨਾਂ ਤੋਂ ਇਲਾਵਾ 30 ਮਈ ਨੂੰ ਹੀ ਰਾਜਸਥਾਨ ਵਿਚ ਬਿਲਾਰਾ ਦੇ ਭਾਜਪਾ ਵਿਧਾਇਕ ਅਰਜੁਨ ਲਾਲ ਗਰਗ ਦਾ ਇਕ ਵੀਡੀਓ ਵਿਚ ਗਰਗ ਕਹਿੰਦੇ ਹਨ ਕਿ "ਨਸ਼ੇ ਵਾਲੇ ਪਦਾਰਥਾਂ ਦੀ ਸਮੱਗਲਿੰਗ ਵਿਚ ਫੜੇ ਜਾਣ ਦੀ ਬਜਾਏ ਸੋਨੇ ਦੀ ਸਮੱਗਲਿੰਗ ਕਰਦਿਆਂ ਫੜੇ ਜਾਣ ਦੀ ਸਥਿਤੀ ਵਿਚ ਜੇਲ ਵਿਚੋਂ ਜ਼ਮਾਨਤ 'ਤੇ ਬਾਹਰ ਨਿਕਲਣਾ ਸੌਖਾ ਹੈ।"

'ਦੇਵਾਸੀ' ਭਾਈਚਾਰੇ ਦੇ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ "ਦੇਵਾਸੀ ਭਾਈਚਾਰੇ ਨੇ ਨਸ਼ੇ ਵਾਲੇ ਪਦਾਰਥਾਂ ਦੇ ਕਾਰੋਬਾਰ ਵਿਚ ਹੋਰਨਾਂ ਭਾਈਚਾਰਿਆਂ ਦਾ ਰਿਕਾਰਡ ਤੋੜ ਦਿੱਤਾ ਹੈ। ਜੇ ਤੁਸੀਂ ਸੱਚਮੁੱਚ ਕੋਈ ਨਾਜਾਇਜ਼ ਧੰਦਾ ਕਰਨਾ ਚਾਹੁੰਦੇ ਹੋ ਤਾਂ ਸੋਨੇ ਦੀ ਸਮੱਗਲਿੰਗ ਕਰੋ। ਦੋਹਾਂ ਦੀਆਂ ਕੀਮਤਾਂ ਇਕੋ ਜਿਹੀਆਂ ਹਨ ਪਰ ਨਸ਼ਿਆਂ ਦੇ ਧੰਦੇ ਦੇ ਮੁਕਾਬਲੇ ਸੋਨੇ ਦਾ ਧੰਦਾ ਕਰਨਾ ਸੁਰੱਖਿਅਤ ਹੈ।"

ਦੱਸਿਆ ਜਾਂਦਾ ਹੈ ਕਿ ਇਹ ਵੀਡੀਓ 7 ਮਈ ਨੂੰ ਬਿਲਾਰਾ ਦੇ ਜਯੰਤਾ ਵਾਸ ਪਿੰਡ ਦੇ ਇਕ ਮੰਦਿਰ ਵਿਚ ਆਯੋਜਿਤ ਸਮਾਗਮ ਦੌਰਾਨ ਰਿਕਾਰਡ ਕੀਤਾ ਗਿਆ ਸੀ।

ਦੇਵਾਸੀ ਭਾਈਚਾਰੇ ਦੇ ਮੈਂਬਰਾਂ ਨੇ ਇਸ 'ਤੇ ਹੈਰਾਨੀ ਪ੍ਰਗਟਾਈ ਹੈ ਅਤੇ ਰਾਇਕਾ ਮਹਾਸਭਾ ਦੇ ਜ਼ਿਲਾ ਸਕੱਤਰ ਸੁਖਦੇਵ ਦੇਵਾਸੀ ਨੇ ਇਸ 'ਤੇ ਕਿਹਾ ਹੈ ਕਿ "ਮੈਂ ਇਹ ਗੱਲ ਨਹੀਂ ਮੰਨ ਸਕਦਾ ਕਿ ਜੋਧਪੁਰ ਜੇਲ ਵਿਚ ਬੰਦ ਕੈਦੀਆਂ ਵਿਚ ਵੱਡੀ ਗਿਣਤੀ ਦੇਵਾਸੀਆਂ ਦੀ ਹੈ ਅਤੇ ਸਮੱਗਲਿੰਗ ਚਾਹੇ ਕਿਸੇ ਵੀ ਚੀਜ਼ ਦੀ ਹੋਵੇ, ਇਹ ਇਕ ਅਪਰਾਧ ਹੈ।"

ਹਾਲਾਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਸਾਲ ਪਾਰਟੀ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੂੰ ਬਿਨਾਂ ਸੋਚੇ ਸਮਝੇ ਬਿਆਨ ਜਾਰੀ ਨਾ ਕਰਨ ਦੀ ਨਸੀਹਤ ਦਿੱਤੀ ਸੀ ਅਤੇ ਇਸ ਸਾਲ 22 ਅਪ੍ਰੈਲ ਨੂੰ ਵੀ ਉਨ੍ਹਾਂ ਨੇ ਇਹੋ ਨਸੀਹਤ ਦੁਹਰਾਈ ਪਰ ਲੱਗਦਾ ਹੈ ਕਿ ਭਾਜਪਾ ਆਗੂਆਂ 'ਤੇ ਉਨ੍ਹਾਂ ਦੀ ਨਸੀਹਤ ਦਾ ਕੋਈ ਅਸਰ ਨਹੀਂ ਹੋਇਆ।

## ਅਰੂਸਾ ਆਲਮ ਦੇ ਪੰਜਾਬ ਸਰਕਾਰ ਵਿਚ ਵਧਦੇ ਪ੍ਰਭਾਵ ਦੀ ਸ਼ਿਕਾਇਤ ਪ੍ਰਧਾਨ ਮੰਤਰੀ ਦਫਤਰ ਪਹੁੰਚੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਾਕਿਸਤਾਨੀ ਮਹਿਲਾ ਮਿੱਤਰ ਦੇ ਵੀਜ਼ੇ 'ਤੇ ਵਕੀਲ ਐਚਸੀ ਅਰੋੜਾ ਨੇ ਸਵਾਲ ਚੁੱਕੇ ਹਨ। ਅਰੋੜਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖ ਕੇ ਅਰੂਸਾ ਆਲਮ ਦੇ ਵੀਜ਼ੇ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਅਰੋੜਾ ਨੇ ਆਪਣੀ ਸ਼ਿਕਾਇਤ ਵਿਚ ਇਹ ਵੀ ਲਿਖਿਆ ਹੈ ਕਿ ਪੰਜਾਬ ਦੇ ਹਰ ਪ੍ਰਬੰਧਕੀ ਕੰਮ ਵਿਚ ਅਰੂਸਾ ਆਲਮ ਦਾ ਵੱਡਾ ਦਖਲ ਹੈ। ਅਰੋੜਾ ਨੇ ਕਿਹਾ ਬਿਨਾਂ ਕੋਈ ਸਰਕਾਰੀ ਅਹੁਦਾ ਰੱਖਦਿਆਂ ਇਕ ਪਾਕਿਸਤਾਨੀ ਪੱਤਰਕਾਰ ਪੰਜਾਬ ਦੇ ਸਰਕਾਰੀ ਕੰਮਾਂ ਵਿੱਚ ਦਖ਼ਲਅੰਦਾਜ਼ੀ ਦੇ ਰਹੀ ਹੈ। ਅਰੋੜਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਦੇ ਸਹੁੰ ਚੁੱਕ ਸਮਾਰੋਹ ਦੀ ਮਿਸਾਲ ਦਿੰਦੇ ਹੋਏ ਕਿਹਾ ਕਿ ਅਰੂਸਾ ਆਲਮ ਨੂੰ ਪੰਜਾਬ ਦੇ ਵਿਧਾਇਕਾਂ ਤੋਂ ਵੱਧ ਤਵੱਜੋ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਹੁਣ ਅਰੂਸਾ ਆਲਮ ਪੰਜਾਬ ਦੇ ਮੁੱਖ ਮੰਤਰੀ ਤੋਂ ਕੰਮ ਕਰਵਾਉਣ ਦਾ ਵੱਡਾ ਜ਼ਰੀਆ ਬਣ ਚੁੱਕੀ ਹੈ। ਉਨ੍ਹਾਂ ਕਿਹਾ ਆਂਗਨਵਾੜੀ ਵਰਕਰ ਜਿਨ੍ਹਾਂ ਦਾ ਮਸਲਾ ਸਾਲਾਂ ਤੋਂ ਅਟਕਿਆ ਹੋਇਆ ਹੈ, ਜਦੋਂ ਉਨ੍ਹਾਂ ਨੇ ਅਰੂਸਾ ਆਲਮ ਦੇ ਨਾਂ ਦਾ ਡਰਾਵਾ ਦਿੱਤਾ ਤਾਂ ਪ੍ਰਸ਼ਾਸਨ ਨੇ ਉਨ੍ਹਾਂ ਦੀ ਮੀਟਿੰਗ ਨਾਲ ਹੀ ਫਿਕਸ ਕਰ ਦਿੱਤੀ।



ਅਰੋੜਾ ਨੇ ਅਰੂਸਾ ਆਲਮ ਦੇ ਵੀਜ਼ਾ ਵਾਧੇ ਦੇ ਇਲਜ਼ਾਮ ਅਕਾਲੀ ਦਲ 'ਤੇ ਵੀ ਲਾਏ। ਉਨ੍ਹਾਂ ਦਾ ਕਹਿਣਾ ਹੈ ਪ੍ਰਧਾਨ ਮੰਤਰੀ ਨੂੰ ਚਿੱਠੀ ਲਿਖਣ ਦਾ ਮਕਸਦ ਇਹ ਹੈ ਕਿ ਅਰੂਸਾ ਆਲਮ ਖਿਲਾਫ ਜੇਕਰ ਕੋਈ ਕਾਰਵਾਈ ਕਰ ਸਕਦਾ ਹੈ ਤਾਂ ਉਹ ਪੀਐਮਓ ਆਫਿਸ ਕਰ ਸਕਦਾ ਹੈ।

## ਵਿਵਾਦਤ ਇਤਿਹਾਸ ਦੀਆਂ ਕਿਤਾਬਾਂ ਆਗਾਮੀ ਸੈਸ਼ਨ ਤੋਂ ਹੋਣਗੀਆਂ ਵਾਪਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਣਾਈ ਗਈ ਛੇ ਮੈਂਬਰੀ ਕਮੇਟੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਦੀਆਂ 11ਵੀਂ ਅਤੇ 12ਵੀਂ ਜਮਾਤ ਦੀਆਂ ਇਤਿਹਾਸ ਵਾਲੀਆਂ ਵਿਵਾਦਤ ਕਿਤਾਬਾਂ ਨੂੰ ਅਗਲੇ ਅਕਾਦਮਿਕ ਸੈਸ਼ਨ ਤੋਂ ਬਦਲਣ ਦੀ ਸਿਫ਼ਾਰਿਸ਼ ਕੀਤੀ ਹੈ। ਇਤਿਹਾਸ ਦੀਆਂ ਕਿਤਾਬਾਂ 'ਚ ਗੁਰੂ ਸਾਹਿਬਾਨ ਬਾਰੇ ਇਤਰਾਜ਼ਯੋਗ ਜਾਣਕਾਰੀ ਦਾ ਮਾਮਲਾ ਸਾਹਮਣੇ ਆਉਣ ਮਗਰੋਂ ਇਹ ਕਮੇਟੀ ਬਣਾਈ ਗਈ ਸੀ। ਕਮੇਟੀ ਨੇ ਬੈਠਕ ਕਰਕੇ ਸਕੂਲੀ ਪਾਠਕ੍ਰਮ ਦੀਆਂ ਕਿਤਾਬਾਂ ਬਦਲਣ ਦਾ ਫ਼ੈਸਲਾ ਲਿਆ। ਉਨ੍ਹਾਂ ਕਿਹਾ ਕਿ ਗ਼ਲਤੀਆਂ 'ਚ ਸੁਧਾਰ ਲਈ ਸਾਲ 2019-2020 ਦੇ ਅਕਾਦਮਿਕ ਸੈਸ਼ਨ ਦਾ ਪੂਰਾ ਪਾਠਕ੍ਰਮ ਬਦਲਿਆ ਜਾਣਾ ਚਾਹੀਦਾ ਹੈ। ਇਸ ਵਰ੍ਹੇ ਦੇ ਸੈਸ਼ਨ ਦੇ ਪਾਠਕ੍ਰਮ 'ਚ ਕੋਈ ਬਦਲਾਅ ਨਹੀਂ ਕੀਤਾ ਜਾ ਰਿਹਾ ਹੈ ਅਤੇ ਵਿਦਿਆਰਥੀਆਂ ਨੂੰ ਕਿਹਾ ਜਾਵੇਗਾ ਕਿ ਉਹ ਪ੍ਰਾਈਵੇਟ ਪ੍ਰਕਾਸ਼ਕਾਂ ਦੀਆਂ ਬਾਜ਼ਾਰ 'ਚ ਉਪਲਬਧ ਪੁਰਾਣੀਆਂ ਕਿਤਾਬਾਂ ਦੀ ਵਰਤੋਂ ਕਰਨ। ਇਸ ਕਦਮ ਦੀ ਤਸਦੀਕ ਕਰਦਿਆਂ ਕਮੇਟੀ ਦੇ ਚੇਅਰਮੈਨ ਪ੍ਰੋਫ਼ੈਸਰ ਕਿਰਪਾਲ ਸਿੰਘ ਨੇ ਕਿਹਾ ਕਿ ਕੁਝ ਖਾਸ ਪਾਠਾਂ ਦੀ ਸਮੱਗਰੀ 'ਚ ਗੰਭੀਰ ਖਾਮੀਆਂ ਹਨ। ਕਮੇਟੀ ਦੇ ਮੈਂਬਰ ਹੁਣ ਅਗਲੀ ਮੀਟਿੰਗ 21 ਜੂਨ ਨੂੰ ਕਰਨਗੇ। ਇਸ ਬੈਠਕ 'ਚ ਬਦਲਾਅ ਬਾਰੇ ਸੁਝਾਵਾਂ 'ਤੇ ਚਰਚਾ ਕੀਤੀ ਜਾਵੇਗੀ। ਮੋਹਾਲੀ 'ਚ ਪੀਐਸਈਬੀ ਦੇ ਦਫ਼ਤਰ 'ਚ ਹੋਈ ਬੈਠਕ ਦੌਰਾਨ ਪ੍ਰੋਫ਼ੈਸਰ ਇੰਦੂ ਬਾਂਗਾ, ਪ੍ਰੋਫ਼ੈਸਰ ਜੇ ਐਸ ਗਰੇਵਾਲ, ਬਲਵੰਤ ਸਿੰਘ ਢਿੱਲੋਂ, ਪ੍ਰੋਫ਼ੈਸਰ ਪ੍ਰਿਥੀਪਾਲ ਸਿੰਘ ਕਪੂਰ ਅਤੇ ਇੰਦਰਜੀਤ ਸਿੰਘ ਵੀ ਹਾਜ਼ਰ ਸਨ।

WHITE HAWK TRUCKING INC
*Need Drivers & Owner Operators*
Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose
*Call for more Info:*
Phone: (209) 242-9569, (209) 564-8899, (209) 345-6968
2101 MARTIN LUTHER KING JR WAY STOCKTON, CA 95205

# ਠੱਗ ਐੱਨ ਆਰ ਆਈ ਲਾੜਿਆਂ ਬਾਰੇ ਭਾਰਤ ਸਰਕਾਰ ਨੇ ਕੱਸਿਆ ਸ਼ਿਕੰਜ਼ਾ

***ਮੰਤਰੀ ਮੇਨਕਾ ਗਾਂਧੀ ਨੇ ਕਿਹਾ ਕਿ ਅੱਗੇ ਤੋਂ ਹਰ ਪ੍ਰਵਾਸੀ ਲਾੜੇ ਦੇ ਵਿਆਹ ਲਈ ਲਾਜ਼ਮੀ ਸ਼ਰਤ ਇਹ ਹੋਵੇਗੀ ਕਿ ਇਸ ਦੀ ਚੌਵੀ ਘੰਟਿਆਂ ਦੇ ਅੰਦਰ ਰਜਿਸਟਰੇਸ਼ਨ ਕਰਾਈ ਜਾਵੇ***

**ਜਲੰਧਰ/ਬਿਊਰੋ ਨਿਊਜ਼:**
ਭਾਰਤ ਸਰਕਾਰ ਨੇ ਪ੍ਰਵਾਸੀ ਭਾਰਤੀ ਲੋਕਾਂ ਨਾਲ ਸੰਬੰਧਤ ਇੱਕ ਨਵਾਂ ਕਾਨੂੰਨ ਲਾਗੂ ਕਰਨ ਦਾ ਫੈਸਲਾ ਕਰ ਲਿਆ ਹੈ, ਜਿਸ ਦਾ ਮਕਸਦ ਲੜਕੀਆਂ ਨਾਲ ਵਿਆਹ ਸਮੇਂ ਹੁੰਦੀ ਧੋਖਾ-ਧੜੀ ਨੂੰ ਰੋਕਣਾ ਹੈ। ਬਹੁਤ ਸਮੇਂ ਤੋਂ ਮੀਡੀਆ ਵਿਚ ਖ਼ਬਰਾਂ ਆ ਰਹੀਆਂ ਹਨ ਕਿ ਪ੍ਰਵਾਸੀ ਭਾਰਤੀ ਮੁੰਡੇ ਏਥੇ ਆ ਕੇ ਏਥੋਂ ਕਿਸੇ ਨਾ ਕਿਸੇ ਤਰੀਕੇ ਕਿਸੇ ਕੁੜੀ ਨਾਲ ਸ਼ਾਦੀ ਕਰਦੇ ਹਨ ਤੇ ਫਿਰ ਉਹ ਕੁੜੀ ਸਾਰੀ ਉਮਰ ਦਾ ਨਰਕ ਹੰਢਾਉਂਦੀ ਹੈ। ਬਹੁਤ ਸਾਰੇ ਮਾਮਲਿਆਂ ਵਿੱਚ ਅਦਾਲਤਾਂ ਨੇ ਦਖਲ ਦਿੱਤਾ ਅਤੇ ਕੁਝ ਕੇਸਾਂ ਵਿੱਚ ਲੜਕੀਆਂ ਨੂੰ ਇਨਸਾਫ ਮਿਲ ਗਿਆ, ਪਰ ਆਮ ਤੌਰ ਉੱਤੇ ਇਹੋ ਜਿਹੀਆਂ ਲੜਕੀਆਂ ਇਸ ਲੰਮੀ ਪ੍ਰਕਿਰਿਆ ਤੋਂ ਦੁਖੀ ਹੋ ਕੇ ਦਿਲ ਛੱਡ ਬਹਿੰਦੀਆਂ ਸਨ। ਨਤੀਜੇ ਵਜੋਂ ਜਿਹੜਾ ਇਹੋ ਜਿਹਾ ਠੱਗ ਲਾੜਾ ਬਚ ਜਾਂਦਾ, ਉਸ ਦੇ ਕਿੱਸੇ ਸੁਣ ਕੇ ਉਹਦੇ ਵਰਗੇ ਕਈ ਹੋਰ ਏਸੇ ਰਾਹ ਪੈ ਜਾਂਦੇ ਤੇ ਹੋਰ ਕੁੜੀਆਂ ਇਹੋ ਜਿਹੀ ਧੋਖਾਧੜੀ ਦਾ ਸ਼ਿਕਾਰ ਹੋ ਜਾਂਦੀਆਂ ਸਨ।

ਇਹ ਗੱਲ ਸੱਚ ਹੈ ਕਿ ਬਹੁਤੇ ਪ੍ਰਵਾਸੀ ਏਦਾਂ ਦੇ ਨਹੀਂ ਹੁੰਦੇ ਪਰ ਕੁਝ ਕਾਲੀਆਂ ਭੇਡਾਂ ਪ੍ਰਵਾਸੀ ਪੰਜਾਬੀਆਂ ਦਾ ਨਾਮ ਬਦਨਾਮ ਕਰ ਰਹੀਆਂ ਹਨ। ਬਹੁਤ ਸਾਰੇ ਏਦਾਂ ਦੇ ਕਿੱਸੇ ਸਾਡੇ ਕੋਲ ਪਹੁੰਚਦੇ ਰਹੇ ਹਨ, ਜਿਨ੍ਹਾਂ ਵਿੱਚ ਪਹਿਲੀ ਪਤਨੀ ਜਾਂ ਕਿਸੇ ਕੇਸ ਵਿੱਚ ਮੁੰਡੇ ਨੇ ਦੂਸਰੀ ਤੇ ਫਿਰ ਤੀਸਰੀ ਪਤਨੀ ਤੱਕ ਤੋਂ ਤਲਾਕ ਲਏ ਬਿਨਾਂ ਕਿਸੇ ਚੌਥੀ ਜਾਂ ਪੰਜਵੀਂ ਕੁੜੀ ਨੂੰ ਵਿਦੇਸ਼ ਦਾ ਸੁਫਨਾ ਵਿਖਾ ਕੇ ਫਸਾਇਆ ਤੇ ਬਰਬਾਦ ਕੀਤਾ ਹੋਇਆ ਸੀ। ਕੁਝ ਠੱਗ ਲਾੜੇ ਏਥੇ ਭਾਰਤ ਵਿੱਚ ਆਣ ਕੇ ਇਹ ਦੱਸਦੇ ਹੁੰਦੇ ਸਨ ਕਿ ਉਹ ਫਲਾਣੇ ਪੱਛਮੀ ਦੇਸ਼ ਦੇ ਨਾਗਰਿਕ ਹਨ ਅਤੇ ਉਨ੍ਹਾਂ ਕੋਲ ਓਥੇ ਚੰਗੀ ਜ਼ਮੀਨ-ਜਾਇਦਾਦ ਅਤੇ ਕਾਰੋਬਾਰ ਹੈ, ਪਰ ਵਿਆਹ ਹੋਣ ਤੋਂ ਬਾਅਦ ਪਤਾ ਲੱਗਦਾ ਸੀ ਕਿ ਸਾਰਾ ਕੁਝ ਝੂਠੋ-ਝੂਠ ਸੀ। ਉਸ ਸਥਿਤੀ ਵਿੱਚ ਕੁੜੀ ਅਤੇ ਉਸ ਦੇ ਪਰਿਵਾਰ ਵਾਲੇ ਕੁਝ ਕਰਨ ਜੋਗੇ ਨਹੀਂ ਸੀ ਰਹਿ ਜਾਂਦੇ ਅਤੇ ਭਾਣਾ ਸਮਝ ਕੇ ਇਸ ਲਈ ਚੁੱਪ ਵੱਟ ਜਾਂਦੇ ਸਨ।

ਇਨ੍ਹਾਂ ਸਾਰੇ ਮਾਮਲਿਆਂ ਦੀ ਕਈ ਵਾਰ ਚਰਚਾ ਹੋਣ ਤੋਂ ਬਾਅਦ ਭਾਰਤ ਸਰਕਾਰ ਨੇ ਪ੍ਰਵਾਸੀ ਲਾੜਿਆਂ ਦੇ ਵਿਆਹਾਂ ਦੇ ਸੰਬੰਧ ਵਿੱਚ ਨਵੇਂ ਨਿਯਮ ਲਾਗੂ ਕਰਨ ਦਾ ਫੈਸਲਾ ਕੀਤਾ ਹੈ। ਮਹਿਲਾ ਤੇ ਬਾਲ ਵਿਕਾਸ ਬਾਰੇ ਮੰਤਰੀ ਮੇਨਕਾ ਗਾਂਧੀ ਨੇ ਇਸ ਦਾ ਬਾਕਾਇਦਾ ਐਲਾਨ ਕਰਦਿਆਂ ਪਹਿਲੀ ਗੱਲ ਇਹ ਹੀ ਦੱਸੀ ਹੈ ਕਿ ਅੱਗੇ ਤੋਂ ਹਰ ਪ੍ਰਵਾਸੀ ਲਾੜੇ ਦੇ ਵਿਆਹ ਲਈ ਲਾਜ਼ਮੀ ਸ਼ਰਤ ਇਹ ਹੋਵੇਗੀ ਕਿ ਇਸ ਦੀ ਚੌਵੀ ਘੰਟਿਆਂ ਦੇ ਅੰਦਰ ਰਜਿਸਟਰੇਸ਼ਨ ਕਰਾਈ ਜਾਵੇ ਤੇ ਕੀਤੀ ਗਈ ਰਜਿਸਟਰੇਸ਼ਨ ਨਾਲੋ-ਨਾਲ ਇਸ ਕੰਮ ਲਈ ਬਣਾਏ ਪੋਰਟਲ ਉੱਤੇ ਚਾੜ੍ਹ ਦਿੱਤੀ ਜਾਵੇ। ਕੰਪਿਊਟਰੀ ਸਿਸਟਮ ਹੋਣ ਕਾਰਨ ਇਹੋ ਜਿਹੀ ਜਾਣਕਾਰੀ ਜਦੋਂ ਰਜਿਸਟਰੇਸ਼ਨ ਵਾਲੇ ਪੋਰਟਲ ਨਾਲ ਜੋੜਨ ਦੀ ਪ੍ਰਕਿਰਿਆ ਚੱਲੇਗੀ ਤਾਂ ਉਸ ਦੇ ਨਾਲ ਉਸ ਲੜਕੇ ਦੀ ਵਿਆਹੁਤਾ ਸਥਿਤੀ, ਅਰਥਾਤ ਕੁਆਰੇ, ਤਲਾਕ-ਸ਼ੁਦਾ ਆਦਿ ਦਾ ਸਾਰਾ ਵੇਰਵਾ ਖੁੱਲ੍ਹ ਜਾਵੇਗਾ ਤੇ ਕਿਸੇ ਕਿਸਮ ਦੀ ਚਲਾਕੀ ਕਰਨ ਦੀ ਗੁੰਜਾਇਸ਼ ਨਹੀਂ ਰਹਿ ਜਾਵੇਗੀ। ਇਹੋ ਨਹੀਂ, ਇਸ ਵਿੱਚ ਇਹ ਵੇਰਵਾ



ਦਿੱਤਾ ਜਾਣਾ ਵੀ ਲਾਜ਼ਮੀ ਕੀਤਾ ਗਿਆ ਹੈ ਕਿ ਲੜਕੇ ਦੀ ਰਿਹਾਇਸ਼ ਵਾਲੇ ਦੇਸ਼ ਵਿੱਚ ਉਸ ਦੀ ਕਾਨੂੰਨੀ ਪੁਜ਼ੀਸ਼ਨ ਅਰਥਾਤ ਨਾਗਰਿਕਤਾ ਜਾਂ ਪੱਕੇ ਰਿਹਾਇਸ਼ੀ ਪਰਮਿਟ ਵਾਲਾ ਜਾਂ ਜੋ ਵੀ ਉਹ ਹੈ, ਉਹ ਦਰਜ ਕੀਤੀ ਜਾਵੇ। ਇਹ ਸਭ ਕੁਝ ਜਦੋਂ ਦਰਜ ਕੀਤਾ ਜਾਵੇਗਾ ਤਾਂ ਇਸ ਦੀ ਅਗਲੀ ਵੈਰੀਫਿਕੇਸ਼ਨ ਕਰਨਾ ਵਿਭਾਗ ਦਾ ਕੰਮ ਹੋਵੇਗਾ, ਜਿਸ ਦੇ ਲਈ ਕਰਮਚਾਰੀਆਂ ਦੇ ਕਰਨ ਵਾਲਾ ਬਹੁਤ ਥੋੜ੍ਹਾ ਅਤੇ ਆਪਣੇ ਆਪ ਆਨ-ਲਾਈਨ ਹੋਣ ਵਾਲਾ ਕੰਮ ਵੱਧ ਹੋਵੇਗਾ ਤੇ ਸੱਚਾਈ ਲੁਕੀ ਨਹੀਂ ਰਹੇਗੀ।

ਕਿੰਤੂ-ਪ੍ਰੰਤੂ ਕਰਨ ਵਾਲੇ ਕੁਝ ਲੋਕ ਇਹ ਕਹਿ ਰਹੇ ਹਨ ਕਿ ਵਿਆਹ ਦੀ ਰਜਿਸਟਰੇਸ਼ਨ ਲਈ ਚੌਵੀ ਘੰਟਿਆਂ ਦਾ ਸਮਾਂ ਘੱਟ ਹੈ ਤੇ ਕੁਝ ਸਮਾਂ ਹੋਰ ਦਿੱਤਾ ਜਾਣਾ ਚਾਹੀਦਾ ਹੈ। ਇਹ ਬਿਲਕੁਲ ਨਹੀਂ ਕਰਨਾ ਚਾਹੀਦਾ।

ਵਿਦੇਸ਼ ਤੋਂ ਆਏ ਸਾਰੇ ਲੋਕ ਇਹ ਜਾਣਦੇ ਹਨ ਕਿ ਓਥੇ ਧਰਮ ਅਸਥਾਨ ਦੇ ਵਿੱਚ ਮੈਰਿਜ ਰਜਿਸਟਰ ਕਰਨ ਦਾ ਦਫਤਰ ਹੁੰਦਾ ਹੈ, ਜਿੱਥੇ ਵਿਆਹ ਹੁੰਦੇ ਸਾਰ ਰਜਿਸਟਰਾਰ ਜੱਜ ਆਉਂਦਾ ਹੈ ਅਤੇ ਉਸ ਦੇ ਸਾਹਮਣੇ ਮੁੰਡਾ-ਕੁੜੀ ਸਹੁੰ ਚੁੱਕ ਕੇ ਹਰ ਕਾਨੂੰਨੀ ਕਾਰਵਾਈ ਖੜੇ ਪੈਰ ਪੂਰੀ ਕਰ ਲੈਂਦੇ ਹਨ। ਜੇ ਓਥੇ ਏਦਾਂ ਹੋ ਸਕਦਾ ਹੈ ਤਾਂ ਭਾਰਤ ਵਿੱਚ ਵੀ ਹੋ ਸਕਦਾ ਹੈ।

ਇਸ ਤੋਂ ਵੱਧ ਸਮਾਂ ਦੇਣ ਨਾਲ ਨੁਕਸਾਨ ਇਹ ਹੋ ਸਕਦਾ ਹੈ ਕਿ ਠੱਗ ਲਾੜਾ ਕੁੜੀ ਵਾਲੇ ਪਰਿਵਾਰ ਤੋਂ ਮਾਲ ਝਪਟਣ ਪਿੱਛੋਂ ਅਗਲੀ ਫਲਾਈਟ ਲੈ ਕੇ ਏਥੋਂ ਖਿਸਕ ਸਕਦਾ ਹੈ ਤੇ ਬਾਅਦ ਵਿੱਚ ਉਹ ਕਈ ਸਾਲ ਕਾਬੂ ਨਹੀਂ ਆਵੇਗਾ। ਹੁਣੇ-ਹੁਣੇ ਸਰਕਾਰ ਨੇ ਪੰਜ ਠੱਗ ਲਾੜਿਆਂ ਦੇ ਪਾਸਪੋਰਟ ਰੱਦ ਕਰ ਕੇ ਉਨ੍ਹਾਂ ਦੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਉਨ੍ਹਾਂ ਮੁੰਡਿਆਂ ਦੀ ਹਵਾਲਗੀ ਕਰਨ ਬਾਰੇ ਲਿਖਿਆ ਹੈ ਅਤੇ ਇਹ ਇਸ ਲਈ ਕੀਤਾ ਗਿਆ ਹੈ ਕਿ ਓਦਾਂ ਉਹ ਭਾਰਤ ਦੇ ਕਾਨੂੰਨ ਨੂੰ ਟਿੱਚ ਜਾਣਦੇ ਸਨ। ਕਾਨੂੰਨ ਦੀ ਢਿੱਲ ਵਰਤ ਕੇ ਖਿਸਕ ਗਏ ਮੁੰਡਿਆਂ ਬਾਰੇ ਜਿਹੜਾ ਤਰੀਕਾ ਇਸ ਵਾਰ ਅਪਣਾਇਆ ਗਿਆ ਹੈ, ਅੱਗੋਂ ਉਸ ਦੇ ਲਈ ਗੁੰਜਾਇਸ਼ ਹੀ ਨਹੀਂ ਰਹੇਗੀ।

## ਸ਼ਿਵ ਸੈਨਾ ਦਾ ਭਾਜਪਾ ਨਾਲੋਂ ਤੋੜ ਵਿਛੋੜਾ

**ਮੁੰਬਈ/ਬਿਊਰੋ ਨਿਊਜ਼:** ਸ਼ਿਵ ਸੈਨਾ ਨੇ ਬੀਜੇਪੀ ਨੂੰ ਕਰਾਰਾ ਝਟਕਾ ਦਿੱਤਾ ਹੈ। ਕੇਂਦਰ ਤੇ ਮਹਾਰਾਸ਼ਟਰ ਵਿੱਚ ਭਾਜਪਾ ਦੀ ਭਾਈਵਾਲ ਸ਼ਿਵ ਸੈਨਾ ਨੇ ਵੱਡਾ ਨੇ ਐਲਾਨ ਕੀਤਾ ਹੈ ਕਿ 2019 ਵਿੱਚ ਲੋਕ ਸਭਾ ਚੋਣਾਂ ਇਕੱਲਿਆਂ ਹੀ ਲੜੀਆਂ ਜਾਣਗੀਆਂ। ਉਪ ਚੋਣਾਂ ਵਿੱਚ ਬਾਰਨ ਮਗਰੋਂ ਬੀਜੇਪੀ ਨੂੰ ਇਹ ਵੱਡਾ ਝਟਕਾ ਹੈ। ਭਾਜਪਾ ਕੌਮੀ ਪ੍ਰਧਾਨ ਅਮਿਤ ਸ਼ਾਹ ਦੀ ਕੋਸ਼ਿਸ਼ ਹੈ ਕਿ ਸ਼ਿਵ ਸੈਨਾ 2019 ਦੀਆਂ ਲੋਕ ਸਭਾ ਚੋਣਾਂ ਬੀਜੇਪੀ ਨਾਲ ਮਿਲ ਕੇ ਲੜੇ। ਉਂਝ ਸ਼ਿਵ ਸੈਨਾ ਨੇ ਪਹਿਲਾਂ ਹੀ ਬੀਜੇਪੀ ਨਾਲੋਂ ਤੋੜ-ਵਿਛੋੜੇ ਦੇ ਸੰਕੇਤ ਦੇ ਦਿੱਤੇ ਸਨ।

## ਮੰਗ ਪੱਤਰ ਦੇਣ ਪੁੱਜੇ 'ਆਪ' ਆਗੂਆਂ ਲਈ ਬਾਦਲਾਂ ਨੇ ਨਾ ਖੋਲ੍ਹਿਆ ਬੂਹਾ

**ਲੰਬੀ/ਬਿਊਰੋ ਨਿਊਜ਼:** ਆਮ ਆਦਮੀ ਪਾਰਟੀ ਦੇ ਸੂਬਾਈ ਸੱਦੇ ਤਹਿਤ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਲੰਬੀ ਤੋਂ ਵਿਧਾਇਕ ਪ੍ਰਕਾਸ਼ ਸਿੰਘ ਬਾਦਲ ਨੂੰ ਬੁੱਢੇ ਨਾਲੇ ਦੇ ਦੂਸ਼ਿਤ ਪਾਣੀ ਦੀ ਬੋਤਲ ਅਤੇ ਮੰਗ ਪੱਤਰ ਦੇਣ ਲਈ ਪਿੰਡ ਬਾਦਲ ਪੁੱਜੇ 'ਆਪ' ਆਗੂਆਂ ਲਈ ਬਾਦਲਾਂ ਦੇ ਘਰ ਦਾ ਬੂਹਾ ਨਾ ਖੁੱਲ੍ਹਿਆ। ਬਾਦਲ ਦੀ ਰਿਹਾਇਸ਼ 'ਤੇ ਕੰਪਿਊਟਰ ਅਪਰੇਟਰ ਵਜੋਂ ਕੰਮ ਕਰਦੇ ਕੁਲਵਿੰਦਰ ਨੇ ਬਾਹਰ ਆ ਕੇ ਮੰਗ ਪੱਤਰ ਅਤੇ ਦੂਸ਼ਿਤ ਪਾਣੀ ਦੀ ਬੋਤਲ ਲਈ। ਸੂਤਰਾਂ ਅਨੁਸਾਰ ਭਾਵੇਂ ਬਾਦਲ ਘਰ ਦੇ ਅੰਦਰ ਹੀ ਮੌਜੂਦ ਸਨ ਪਰ ਉਨ੍ਹਾਂ ਨੇ 'ਆਪ' ਦੇ ਵਫ਼ਦ ਨੂੰ ਮਿਲਣ ਦੀ ਲੋੜ ਨਹੀਂ ਸਮਝੀ। ਬਾਦਲ ਦੀ ਸਿਹਤ ਖ਼ਰਾਬ ਹੋਣ ਦੀ ਗੱਲ ਆਖ ਕੇ 'ਆਪ' ਆਗੂਆਂ ਨੂੰ ਬਾਹਰੋਂ ਹੀ ਮੋੜ ਦਿੱਤਾ ਗਿਆ। 'ਆਪ' ਮਾਲਵਾ-1 ਦੇ ਪ੍ਰਧਾਨ ਅਨਿਲ ਠਾਕੁਰ ਦੀ ਅਗਵਾਈ ਹੇਠ ਮਿਥੇ ਪ੍ਰੋਗਰਾਮ ਤਹਿਤ ਲੰਬੀ ਹਲਕੇ ਵਿਚ ਪੁੱਜੇ ਆਗੂਆਂ ਵਿੱਚ ਬਠਿੰਡਾ ਅਤੇ ਲੰਬੀ ਤੋਂ ਸਿਰਫ਼ ਦਰਜਨ ਭਰ ਵਰਕਰ/ਆਗੂ ਮੌਜੂਦ ਸਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਗੁਰੂ ਦੇ ਲੰਗਰ ਉਤੇ ਕੇਂਦਰ ਦੀ ਜੀਐਸਟੀ 'ਮਾਫ਼ੀ' ਲਾਗੂ ਹੋਣ ਬਾਰੇ ਭੰਬਲਭੂਸਾ ਵਧਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਲੰਗਰ ਨੂੰ ਵਸਤੂ ਤੇ ਸੇਵਾ ਕਰ (ਜੀ.ਐਸ.ਟੀ.) ਤੋਂ ਬਾਹਰ ਕੀਤੇ ਜਾਣ ਬਾਰੇ ਕੇਂਦਰ ਸਰਕਾਰ ਦੇ 'ਆਰਡਰ' ਅਤੇ ਕੇਂਦਰ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੇ ਦਾਅਵਿਆਂ ਦੀ ਅਸਲੀਅਤ ਹੌਲੀ ਹੌਲੀ ਸਾਹਮਣੇ ਆਉਣ ਲੱਗ ਪਈ ਹੈ। ਇਸ ਬਾਬਤ ਕੀਤੀ ਗਈ ਪੁਣਛਾਣ ਤੋਂ ਮੋਟੇ ਤੌਰ ਉਤੇ ਇਕ ਮਹੱਤਵਪੂਰਨ ਪਹਿਲੂ ਉਭਰ ਕੇ ਸਾਹਮਣੇ ਆਇਆ ਹੈ ਕਿ ਵੱਡੀ ਗਿਣਤੀ ਇਤਿਹਾਸਕ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਚਲਾਉਣ ਵਾਲੀ ਸੰਵਿਧਾਨਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤੀ ਸੰਵਿਧਾਨ ਮੁਤਾਬਕ ਅਪਣੀ ਮੌਜੂਦਾ ਸਥਿਤੀ 'ਚ ਕੇਂਦਰ ਦੀ ਇਸ ਤਾਜ਼ਾ ਐਲਾਨੀ 'ਸੇਵਾ ਭੋਜ ਯੋਜਨਾ' ਦਾ



ਲਾਭ ਲੈਣ ਦੇ ਹੀ ਯੋਗ ਨਹੀਂ ਹੈ। ਅਜਿਹਾ ਸ਼੍ਰੋਮਣੀ ਕਮੇਟੀ ਦੇ ਹੀ ਮਸਲਿਆਂ ਦੇ ਕਾਨੂੰਨੀ ਦ੍ਰਿਸ਼ਟੀਕੋਣ ਤੋਂ ਮਾਹਰ ਐਡਵੋਕੇਟ ਹਰਚਰਨ ਸਿੰਘ ਬਾਠ ਨੇ ਸਪੱਸ਼ਟ ਕੀਤਾ ਹੈ। ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ 'ਚ ਚੁਨੌਤੀ ਦੇਣ ਵਾਲੇ ਐਡਵੋਕੇਟ ਬਾਠ ਨੇ ਕੇਂਦਰ ਸਰਕਾਰ ਦੀ ਉਕਤ 31 ਮਈ 2018 ਵਾਲੀ ਕੇਂਦਰੀ ਸਭਿਆਚਾਰਕ ਮੰਤਰਾਲੇ ਦੇ 'ਆਰਡਰ' ਦੀ ਹਰਫ਼-ਦਰ-ਹਰਫ਼ ਵਿਆਖਿਆ ਕੀਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਮੂਲ ਰੂਪ 'ਚ ਇਹ ਸੇਵਾ ਭੋਜ ਯੋਜਨਾ ਕੋਈ ਛੋਟ ਨਹੀਂ ਬਲਕਿ ਵਿਤੀ ਸਹਾਇਤਾ ਹੈ। ਇਹ ਹਾਲ ਦੀ ਘੜੀ ਸਿਰਫ਼ ਇਨ੍ਹਾਂ ਦੋ ਵਿਤੀ ਵਰ੍ਹਿਆਂ ਲਈ ਹੀ ਹੈ,ਜੋ ਲੰਗਰ (ਜਿਸ ਨੂੰ ਕਿ ਇਸ ਯੋਜਨਾ ਤਹਿਤ ਮੁਫ਼ਤ ਭੋਜਨ ਦਾ ਨਾਮ ਦਿਤਾ ਹੈ) ਲਈ ਵਰਤੀਆਂ ਜਾਂਦੀਆਂ ਕੁਝ ਚੋਣਵੀਆਂ ਰਸਦਾਂ ਲਈ ਹੀ ਹੈ, ਜਿਨ੍ਹਾਂ ਬਾਰੇ ਵੀ ਹਾਲ ਦੀ ਘੜੀ ਕੋਈ ਪ੍ਰਗਟਾਵਾ ਨਹੀਂ ਕੀਤਾ ਕਿ ਇਸ ਯੋਜਨਾ ਤਹਿਤ ਲੰਗਰ ਲਈ ਵਰਤੀ ਜਾਂਦੀ ਕਿਹੜੀ ਕਿਹੜੀ ਰਾਸ਼ਨ-ਸਮੱਗਰੀ ਉਤੇ 'ਬਾਅਦ ਵਿਚ ਅਦਾਇਗੀ ਮਿਲੇਗੀ। ਸਭ ਤੋਂ ਪ੍ਰਮੁੱਖ ਪਹਿਲੂ ਇਸ 'ਆਰਡਰ' ਦਾ ਇਹ ਹੈ ਕਿ ਇਹ ਛੋਟ/ਵਿੱਤੀ ਸਹਾਇਤਾ ਸਿਰਫ਼ ਖ਼ੈਰਾਇਤੀ ਧਾਰਮਕ ਸੰਸਥਾਵਾਂ (ਚੈਰੀਟੇਬਲ ਰਿਲੀਜੀਅਸ ਇੰਸਟੀਚਿਊਸ਼ਨਸ) ਉਤੇ ਹੀ ਲਾਗੂ ਹੋਵੇਗੀ। ਐਡਵੋਕੇਟ ਬਾਠ ਨੇ ਕਿਹਾ ਕਿ ਕਿਉਂਕਿ ਸ਼੍ਰੋਮਣੀ ਕਮੇਟੀ 'ਸਿੱਖ ਗੁਰਦੁਆਰਾ ਐਕਟ-1925' ਤਹਿਤ ਹੋਂਦ 'ਚ ਆਈ ਹੈ ਅਤੇ ਗੁਰਦੁਆਰਾ ਪ੍ਰਬੰਧਾਂ ਸਣੇ ਇਸ ਦੇ ਹੋਰਨਾਂ ਤੈਅ ਮਕਸਦਾਂ 'ਚ ਖ਼ੈਰਾਇਤੀ, ਮੁਫ਼ਤ ਭੋਜਨ ਵੰਡ ਆਦਿ ਕੋਈ

ਬਾਕੀ ਸਫ਼ਾ 28 'ਤੇ

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਲੰਡਨ ਰੋਸ ਮੁਜ਼ਾਹਰੇ ਦੀ ਕਾਮਯਾਬੀ ਲਈ ਸਿੱਖ ਸੰਗਤਾਂ ਦਾ ਧੰਨਵਾਦ

## *6 ਜੂਨ ਵਾਲੇ ਦਿਨ ਇੰਦਰਾ ਦਾ ਬੁੱਤ ਲਗਾਉਣਾ ਸਿੱਖ ਕੌਮ ਨੂੰ ਵੰਗਾਰ*

**ਲੰਡਨ/ਬਿਊਰੋ ਨਿਊਜ਼ :** ਭਾਰਤ ਸਰਕਾਰ ਵਲੋਂ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਤੇ ਟੈਕਾਂ ਅਤੇ ਤੋਪਾਂ ਨਾਲ ਲੈਸ ਭਾਰਤੀ ਫੌਜ ਵਲੋਂ ਕੀਤਾ ਗਿਆ ਅੱਤ ਵਹਿਸ਼ੀ ਅੱਤਿਆਚਾਰ ਸਿੱਖ ਤਵਾਰੀਖ ਵਿੱਚ ਤੀਜੇ ਖ਼ੂਨੀ ਘੱਲੂਘਾਰੇ ਵਜੋਂ ਜਾਣਿਆਂ ਜਾਂਦਾ ਹੈ ਅਤੇ ਇਸ ਭਿਅੰਕਰ ਕਹਿਰ ਨੂੰ ਸਿੱਖ ਕੌਮ ਭੁਲਾਉਣ ਵਾਸਤੇ ਕਦੇ ਸੋਚ ਵੀ ਨਹੀਂ ਸਕਦੀ ।ਇਸ ਕੌਮੀ ਦਰਦ ਅਤੇ ਜ਼ਖਮ ਨੂੰ ਸੂਰਜ ਬਣਾਉਂਦੀ ਹੋਈ, ਵੀਹਵੀਂ ਸਦੀ ਦੇ ਮਹਾਨ ਸਿੱਖ ,ਮਹਾਨ ਜਰਨੈਲ ਮਹਾਂਪੁਰਸ਼ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਸਮੇਤ ਭਾਰਤੀ ਫੌਜ ਨਾਲ ਜੂਝ ਕੇ ਸ਼ਹੀਦ ਹੋਏ ਉਹਨਾਂ ਦੇ ਸਾਥੀ ਸਿੰਘਾਂ ਦੀਆਂ ਸ਼ਹਾਦਤਾਂ ਨਾਲ ਸਿਰਜੇ ਗਏ ਅਜਾਦ ਸਿੱਖ ਰਾਜ ਲਈ ਜੱਦੋ ਜਹਿਦ ਜਾਰੀ ਰੱਖੇਗੀ । ਇਸ ਦਾ ਪ੍ਰਤੱਖ ਪ੍ਰਮਾਣ ਲੰਡਨ ਵਿੱਚ 3 ਜੂਨ ਐਤਵਾਰ ਨੂੰ 25 ਹਜ਼ਾਰ ਤੋਂ ਵੱਧ ਸਿੰਘ, ਸਿੰਘਣੀਆਂ ਵਲੋਂ ਕੀਤਾ ਰੋਸ ਮੁਜਾਹਰਾ ਹੈ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨ ਯੂ.ਕੇ. ਦੇ ਕੋਆਰਡੀਨੇਟਰਜ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਅਮਰੀਕ ਸਿੰਘ ਗਿੱਲ ਚੇਅਰਮੈਨ ਸਿੱਖ ਫੈਡਰੇਸ਼ਨ ਯੂ.ਕੇ., ਭਾਈ ਨਿਰਮਲ ਸਿੰਘ ਸੰਧੂ ਪ੍ਰਧਾਨ ਯੂਨਾਈਟਿਡ ਖਾਲਸਾ ਦਲ ਯੂ.ਕੇ., ਭਾਈ ਜਸਪਾਲ ਸਿੰਘ ਬੈਂਸ ਪ੍ਰਧਾਨ ਸ੍ਰਅਕਾਲੀ ਦਲ ਅੰਮ੍ਰਿਤਸਰ ਯੂ.ਕੇ. ਅਤੇ ਭਾਈ ਚਰਨ ਸਿੰਘ ਜਥੇਦਾਰ ਧਰਮਯੁੱਧ ਜਥਾ ਦਮਦਮੀ ਟਕਸਾਲ ਯੂ.ਕੇ. ਵਲੋਂ ਸਮੂਹ ਸਿੱਖ ਸੰਗਤਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ , ਸਮੁੱਚੇ ਮੀਡੀਏ (ਖਾਸ ਕਰ ਕੇ.ਟੀ.ਵੀ. ਅਤੇ ਉਸਦੇ ਮਾਲਕ ਜਗਜੀਤ ਸਿੰਘ ਜੀਤਾ ) ਅਤੇ ਸਿੱਖ ਸੰਸਥਾਵਾਂ ਵਿਸ਼ੇਸ਼ ਕਰਕੇ ਸਿੱਖ ਨੌਜਵਾਨਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ । ਨਾਲ ਹੀ ਇਸ ਗੱਲ ਤੇ ਪੂਰਨ ਸੰਤੁਸ਼ਟੀ ਅਤੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ ਕਿ ਇੰਗਲੈਂਡ ਭਰ ਦੇ ਸਿੱਖਾਂ ਅਤੇ ਸਿੱਖ ਜਥੇਬੰਦੀਆਂ ਵਲੋਂ ਇਸ ਰੋਸ ਮੁਜਾਹਰੇ ਨੂੰ ਕਾਮਯਾਬ ਕਰਨ ਲਈ ਪੂਰਨ ਤੌਰ ਤੇ ਏਕਤਾ , ਇਤਫਾਕ ਅਤੇ ਇੱਕਸਾਰਤਾ ਪ੍ਰਗਟਾਵਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਹਰ ਵਾਰ ਭਾਰਤ ਸਰਕਾਰ ਨੇ ਅਸਿੱਧੇ ਢੰਗ ਨਾਲ ਇਸ ਰੋਸ ਮੁਜਾਹਰੇ ਨੂੰ ਬੰਦ ਕਰਵਾਉਣ ਲਈ ਰੁਕਵਟਾਂ ਖੜੀਆਂ





ਕਰਵਾਈਆਂ ਜਾਂਦੀਆਂ ਹਨ । ਪਰ ਸਿੱਖ ਸੰਗਤਾਂ ਨੇ ਸਾਰੀਆਂ ਹੀ ਅੜਿਚਨਾਂ ਨੂੰ ਦੂਰ ਕਰਦਿਆਂ ਇਸ ਨੂੰ ਵੱਡੀ ਪੱਧਰ ਤੇ ਕਾਮਯਾਬ ਕੀਤਾ ਹੈ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਇਸ ਰੋਸ ਮੁਜਾਹਰੇ ਦੌਰਾਨ ਲੰਗਰਾਂ ਅਤੇ ਛਬੀਲਾਂ ਰਾਹੀਂ ਸਿੱਖ ਸੰਗਤਾਂ ਦੀ ਸੇਵਾ ਕਰਨ ਵਾਲੇ ਸਮੂਹ ਸੇਵਾਦਾਰਾਂ ਦਾ ਧੰਨਵਾਦ ਕਰਦਿਆਂ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਸੰਗਤਾਂ ਅਤੇ ਸਿੱਖ ਆਦਰੇ ਹਮੇਸ਼ਾਂ ਹੀ ਡੱਟ ਕੇ ਸਾਥ ਦਿੰਦੇ ਰਹਿਣਗੇ ।

ਫੈਡਰਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ. ਵਲੋਂ ਪੰਜਾਬ ਭਰ ਦੀਆਂ ਸਿੱਖ ਸੰਗਤਾਂ ਨੂੰ ਬਰਗਾੜੀ ਪੁੱਜਣ ਦੀ ਸਨਿਮਰ ਅਪੀਲ ਕੀਤੀ ਗਈ ਹੈ ਜਿੱਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਧਿਆਨ ਸਿੰਘ ਮੰਡ ਵਲੋਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਕਰਨ ਦੇ ਦੋਸ਼ੀਆਂ ਸਿੱਖ ਨੌਜਵਾਨਾਂ ਨੂੰ ਸ਼ਹੀਦ ਕਰਨ ਵਾਲੇ ਕਾਤਲ ਪੁਲਸੀਆਂ ਨੂੰ ਸਜਾਵਾਂ ਦਿਵਾਉਣ ਅਤੇ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਮੋਰਚਾ ਅਰੰਭ ਕੀਤਾ ਹੋਇਆ ਹੈ । ਸਮੂਹ ਸਿੱਖ ਜਥੇਬੰਦੀਆਂ ਅਤੇ ਸਿੱਖ ਸੰਪਰਦਾਵਾਂ ਨੂੰ ਵਧ ਚੜ੍ਹ ਕੇ ਸਹਿਯੋਗ ਦੇਣ ਦੀ ਜਰੂਰਤ ਹੈ ਤਾਂ ਕਿ ਸਿੱਖ ਇੱਕਮੁੱਠਤਾ ਨਾਲ ਸਿੱਖ ਦੁਸ਼ਮਣਾਂ ਦੀ ਕੁਚਾਲਾਂ ਦਾ ਟਾਕਰਾ ਕੀਤਾ ਜਾ ਸਕੇ । ਜ਼ਿਕਰਯੋਗ ਹੈ ਸਿੱਖਾਂ ਅਤੇ ਸਿੱਖੀ ਦੀ ਕਾਤਲ ਜਮਾਤ ਕਾਂਗਰਸ ਵਲੋਂ ਜਾਣਬੁੱਝ ਕੇ 6 ਜੂਨ ਵਾਲੇ ਦਿਨ ਜੂਨ 1984 ਦੇ ਘੱਲੂਘਾਰੇ ਦੀ ਮੁੱਖ ਦੋਸ਼ੀ ਇੰਦਰਾ ਗਾਂਧੀ ਦਾ ਬੁੱਤ ਲਗਾ ਕੇ ਸਿੱਖ ਕੌਮ ਦੇ ਜਖਮਾਂ ਦੇ ਲੂਣ ਛਿੜਕਣ ਦੀ ਕੋਸ਼ਿਸ਼ ਕੀਤੀ ਗਈ ਹੈ । ਜੋ ਕਿ ਬਹੁਤ ਹੀ ਘਿਣਾਉਣੀ ਕਰਤੂਤ ਹੈ ਅਤੇ ਸਿੱਖ ਕੌਮ ਇਸਦਾ ਜਵਾਬ ਅਵੱਸ਼ ਦੇਵੇਗੀ । 6 ਜੂਨ ਵਾਲੇ ਦਿਨ ਦੁਨੀਆਂ ਭਰ ਵਿੱਚ ਵਸਦੀ ਸਿੱਖ ਕੌਮ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਅਤੇ ਉਹਨਾਂ ਦੇ ਨਾਲ ਭਾਰਤੀ ਫੌਜ ਦਾ ਮੁਕਾਬਲਾ ਕਰਦੇ ਕਰਦਿਆਂ ਆਪਾ ਨਿਛਾਵਰ ਕਰ ਗਏ ਸ਼ਹੀਦਾਂ ਦੀ ਯਾਦ ਅੰਦਰ ਨਤਮਸਤਕ ਹੋ ਰਹੇ ਸਨ ,ਉਹਨਾਂ ਦੀ ਲਾਸਾਨੀ ਮਹਾਨ ਸ਼ਹਾਦਤ ਨਾਲ ਸਿਰਜੇ ਅਜਾਦ ਸਿੱਖ ਰਾਜ ਖਾਲਿਸਤਾਨ ਪ੍ਰਤੀ ਸੰਜੀਦਗੀ ਨਾਲ ਸੋਚ ਰਹੇ ਸਨ । ਇਸ ਗਮਗੀਨ ਕੌਮੀ ਮਹੌਲ ਦੌਰਾਨ ਕਾਂਗਰਸੀਆਂ ਵਲੋਂ ਕੀਤੀ ਅੱਤ ਦਰਜੇ ਦੀ ਘਟੀਆ ਹਰਕਤ ਨਾਲ ਸਿੱਖ ਭਾਵਨਾਵਾਂ ਤੇ ਗਹਿਰੀ ਸੱਟ ਵੱਜੀ ਹੈ ,ਜਿਸ ਦੀ ਹਰ ਇਨਸਾਫ ਪਸੰਦ ਜਥੇਬੰਦੀ ਅਤੇ ਵਿਆਕਤੀ ਵਿਸ਼ੇਸ਼ ਨੂੰ ਨਿਖੇਧੀ ਕਰਨੀ ਬਣਦੀ ਹੈ ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)



○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼ Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਉੱਘੇ ਨਾਵਲਕਾਰ ਤੇ ਸਿੱਖ ਚਿੰਤਕ ਜਸਵੰਤ ਸਿੰਘ ਕੰਵਲ ਨੂੰ 'ਪੰਜਾਬ ਗੌਰਵ' ਪੁਰਸਕਾਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਕਲਾ ਪ੍ਰੀਸ਼ਦ ਵੱਲੋਂ ਪੰਜਾਬੀ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ 100ਵੇਂ ਜਨਮ ਦਿਨ ਮੌਕੇ ਉਨ੍ਹਾਂ ਨੂੰ 'ਪੰਜਾਬ ਗੌਰਵ' ਪੁਰਸਕਾਰ 2018 ਨਾਲ ਸਨਮਾਨਤ ਕੀਤਾ ਜਾਵੇਗਾ। ਇਹ ਸਨਮਾਨ 26 ਜੂਨ ਨੂੰ ਉਨ੍ਹਾਂ ਦੇ ਪਿੰਡ ਢੁੱਡੀਕੇ (ਜ਼ਿਲ੍ਹਾ ਮੋਗਾ) ਵਿੱਚ ਭੇਟ ਕੀਤਾ ਜਾਵੇਗਾ। ਪੰਜਾਬ ਕਲਾ ਪ੍ਰੀਸ਼ਦ ਦੇ ਕੋਆਰਡੀਨੇਟਰ ਨਿੰਦਰ ਘੁਗਿਆਣਵੀ ਨੇ ਦੱਸਿਆ ਕਿ ਇਸ ਸਨਮਾਨ ਵਿੱਚ ਇੱਕ ਲੱਖ ਰੁਪਏ ਨਗਦ, ਸਨਮਾਨ ਪੱਤਰ ਤੇ ਦੋਸ਼ਾਲਾ ਦਿੱਤਾ ਜਾਵੇਗਾ।



ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਪਰਸਨ ਡਾ. ਸੁਰਜੀਤ ਪਾਤਰ ਤੇ ਸਕੱਤਰ ਜਨਰਲ ਡਾ. ਲਖਵਿੰਦਰ ਸਿੰਘ ਜੌਹਲ ਨੇ ਦੱਸਿਆ ਕਿ ਇਸ ਮੌਕੇ ਵੱਖ-ਵੱਖ ਵਿਦਵਾਨਾਂ ਵੱਲੋਂ ਕੰਵਲ ਦੇ ਪੰਜਾਬੀ ਨਾਵਲਕਾਰੀ ਵਿਚ ਪਾਏ ਯੋਗਦਾਨ ਬਾਰੇ ਵਿਚਾਰ-ਚਰਚਾ ਕੀਤੀ ਜਾਵੇਗੀ।

## *ਮਿਸ਼ਨ-2019 :* ਕਾਂਗਰਸ ਵੱਲੋਂ ਬਠਿੰਡਾ ਹਲਕੇ 'ਚ ਬਾਦਲਾਂ ਨੂੰ ਘੇਰਨ ਦੀ ਵਿਊਂਤਬੰਦੀ ਸ਼ੁਰੂ

**ਬਠਿੰਡਾ/ਬਿਊਰੋ ਨਿਊਜ਼ :** ਕਾਂਗਰਸ ਪਾਰਟੀ ਐਤਕੀਂ ਸੰਸਦੀ ਹਲਕਾ ਬਠਿੰਡਾ ਤੋਂ ਬਾਦਲਾਂ ਨੂੰ ਟੱਕਰ ਦੇਣ ਲਈ ਵੱਡੇ ਮਹਾਂਰਥੀ ਨੂੰ ਮੈਦਾਨ ਵਿਚ ਉਤਾਰੇਗੀ। ਬਠਿੰਡਾ ਹਲਕਾ ਵੱਡੀ ਸਿਆਸੀ ਜੰਗ ਲਈ ਤਿਆਰ ਹੋ ਰਿਹਾ ਹੈ। ਕਾਂਗਰਸ ਹਾਈਕਮਾਨ ਇਸ ਗੱਲੋਂ ਖ਼ਫ਼ਾ ਹੈ ਕਿ ਪਿਛਲੇ ਸਮੇਂ ਵਿਚ ਬਠਿੰਡਾ ਹਲਕੇ ਨੂੰ ਲੈ ਕੇ 'ਫਰੈਂਡਲੀ ਮੈਚ' ਹੋਣ ਦਾ ਦਾਗ਼ ਲਗਦਾ ਰਿਹਾ ਹੈ। ਕਾਂਗਰਸ ਪਾਰਟੀ ਇਸ ਵਾਰ ਬਠਿੰਡਾ ਤੋਂ ਤਕੜਾ ਉਮੀਦਵਾਰ ਉਤਾਰਨਾ ਚਾਹੁੰਦੀ ਹੈ। ਅਹਿਮ ਸੂਤਰ ਦੱਸਦੇ ਹਨ ਕਿ ਸਾਬਕਾ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਵੱਲੋਂ ਚੇਅਰਮੈਨੀ ਤੋਂ ਅਤੇ ਉਨ੍ਹਾਂ ਦੇ ਲੜਕੇ ਵੱਲੋਂ ਲਾਅ ਅਫ਼ਸਰੀ ਨੂੰ ਠੋਕਰ ਮਾਰਨੀ ਸਹਿਜ ਨਹੀਂ ਹੈ। ਹਾਈਕਮਾਨ ਨੇ ਇਹ ਅਹੁਦੇ ਤਿਆਗਣ ਦਾ ਇਸ਼ਾਰਾ ਕੀਤਾ ਸੀ ਤਾਂ ਜੋ ਡਾ. ਨਵਜੋਤ ਕੌਰ ਸਿੱਧੂ ਨੂੰ ਮਿਸ਼ਨ 2019 ਵਿਚ ਕਿਸੇ ਵੱਡੀ ਜਿੰਮੇਵਾਰੀ ਲਈ ਤਿਆਰ ਕੀਤਾ ਜਾ ਸਕੇ। ਭਾਵੇਂ ਇਹ ਵਕਤੋਂ ਪਹਿਲਾਂ ਦਾ ਅੰਦਾਜ਼ਾ ਹੈ ਕਿ ਡਾ.ਨਵਜੋਤ ਕੌਰ ਸਿੱਧੂ ਨੂੰ ਅਗਲੀ ਚੋਣ ਵਿਚ ਬਾਦਲਾਂ ਖ਼ਿਲਾਫ਼ ਉਤਾਰਨ ਲਈ ਸੋਚਿਆ ਜਾ ਸਕਦਾ ਹੈ ਪਰ ਮਾਲਵਾ ਖ਼ਿੱਤੇ ਵਿਚ ਕੈਬਨਿਟ ਮੰਤਰੀ ਨਵਜੋਤ ਸਿੱਧੂ ਦੇ ਹਮਲਾਵਰ ਪੈਂਤੜੇ ਨੂੰ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਨਵਜੋਤ ਸਿੱਧੂ ਮਜੀਠੀਆ ਪਰਿਵਾਰ ਵਿਰੁੱਧ ਖੁੱਲ੍ਹ ਕੇ ਬੋਲ ਰਹੇ ਹਨ। ਡਾ. ਨਵਜੋਤ ਕੌਰ ਸਿੱਧੂ ਨਾਲ ਪੰਜਾਬ ਤੋਂ ਬਾਹਰ ਹੋਣ ਕਰਕੇ ਗੱਲ ਨਹੀਂ ਹੋ ਸਕੀ ਅਤੇ ਨਵਜੋਤ ਸਿੱਧੂ ਨਾਲ ਵੀ ਸੰਪਰਕ ਨਹੀਂ ਹੋ ਸਕਿਆ। ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਦੀ ਪਤਨੀ ਵੀਨੂੰ ਬਾਦਲ ਦੇ ਚਰਚੇ ਵੀ ਚੱਲ ਰਹੇ ਹਨ ਪਰ ਵੀਨੂੰ ਬਾਦਲ ਆਖ ਚੁੱਕੇ ਹਨ ਕਿ ਉਨ੍ਹਾਂ ਨੇ ਇਸ ਬਾਰੇ ਹਾਲੇ ਅਜੇ ਕੁਝ ਸੋਚਿਆ ਨਹੀਂ ਹੈ। ਬਿਜਲੀ ਮੰਤਰੀ ਗੁਰਪ੍ਰੀਤ ਕਾਂਗੜ ਦਾ ਕਹਿਣਾ ਸੀ ਕਿ ਅਕਾਲੀਆਂ ਤੋਂ ਲੋਕਾਂ ਦਾ ਮੋਹ ਪੂਰੀ ਤਰ੍ਹਾਂ ਭੰਗ ਹੋ ਚੁੱਕਾ ਹੈ

**ਬਾਕੀ ਸਫ਼ਾ 28 'ਤੇ**

## ਨਸ਼ਿਆਂ ਬਾਰੇ ਸਾਬਕਾ ਡੀਜੀਪੀ ਸ਼ਸ਼ੀ ਕਾਂਤ ਦੀ ਕਥਿਤ ਸੂਚੀ ਦਾ ਭੇਦ ਬਰਕਰਾਰ

**ਚੰਡੀਗੜ੍ਹ/ਬਿਊਰੋ ਨਿਊਜ਼ :**
ਨਸ਼ਾ ਤਸਕਰਾਂ ਤੇ ਉਨ੍ਹਾਂ ਦੀ ਸਰਪ੍ਰਸਤੀ ਕਰਨ ਵਾਲੇ ਪੁਲੀਸ ਅਫ਼ਸਰਾਂ, ਅਧਿਕਾਰੀਆਂ ਤੇ ਸਿਆਸਤਦਾਨਾਂ ਬਾਰੇ ਪੰਜਾਬ ਦੇ ਸਾਬਕਾ ਡੀਜੀਪੀ ਸ਼ਸ਼ੀਕਾਂਤ ਵੱਲੋਂ ਤਿਆਰ ਕੀਤੀ ਕਥਿਤ ਸੂਚੀ ਕਿੱਥੇ ਹੈ ? ਹਾਲੇ ਤੱਕ ਇਹ ਸੂਚੀ ਜਨਤਕ ਨਹੀਂ ਹੋ ਸਕੀ। ਸ੍ਰੀ ਕਾਂਤ ਨੇ ਲੰਘੀ 23 ਮਈ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਇਕ ਹਲਫ਼ਨਾਮਾ ਦਾਇਰ ਕਰ ਕੇ ਮੰਗ ਕੀਤੀ ਸੀ ਕਿ ਨਸ਼ਾ ਤਸਕਰੀ ਦਾ ਧੰਦਾ ਬਹੁਤ ਹੀ ਕਮਾਈ ਵਾਲਾ ਹੈ ਤੇ ਇਸ ਵਿੱਚ ਨਵੇਂ ਖਿਲਾੜੀ ਆਉਂਦੇ ਰਹਿੰਦੇ ਹਨ ਜਿਸ ਕਰ ਕੇ ਸੂਬਾਈ ਤੇ ਕੌਮੀ ਸੁਰੱਖਿਆ ਏਜੰਸੀਆਂ ਨੂੰ ਨਵੀਂ ਸੂਚੀ ਤਿਆਰ ਕਰਨੀ ਚਾਹੀਦੀ ਹੈ, ਕਿਉਂਕਿ ਪਹਿਲੀ ਸੂਚੀ ਕਾਫ਼ੀ ਪੁਰਾਣੀ ਹੋ ਗਈ ਹੈ ਤੇ ਇਸ ਨੂੰ ਨਵਿਆਉਣ ਦੀ ਲੋੜ ਹੈ।

ਸ੍ਰੀ ਕਾਂਤ ਨੇ ਇਹ ਸੂਚੀ ਉਦੋਂ ਤਿਆਰ ਕਰਨ ਦਾ ਦਾਅਵਾ ਕੀਤਾ ਸੀ ਜਦੋਂ ਉਹ ਏਡੀਜੀਪੀ ਇੰਟੈਲੀਜੈਂਸ ਨਿਯੁਕਤ ਕੀਤੇ ਗਏ ਸਨ ਪਰ ਉਨ੍ਹਾਂ ਤੋਂ ਬਿਨਾਂ ਕਿਸੇ ਨੇ ਇਹ ਸੂਚੀ ਨਹੀਂ ਦੇਖੀ। ਹੁਣ ਹਾਈ ਕੋਰਟ ਨੇ ਪੰਜਾਬ ਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਸ੍ਰੀ ਕਾਂਤ ਦੇ ਹਲਫ਼ਨਾਮੇ ਬਾਰੇ ਜਵਾਬ ਦੇਣ ਲਈ ਕਿਹਾ ਹੈ। ਇਸ ਤੋਂ ਪਹਿਲਾਂ ਸਤੰਬਰ 2013 ਵਿੱਚ ਸ੍ਰੀ ਕਾਂਤ ਨੇ ਰਿੱਟ ਦਾਇਰ ਕੀਤੀ ਸੀ ਤੇ ਨਸ਼ਾ ਤਸਕਰਾਂ ਤੇ ਉਨ੍ਹਾਂ ਦੇ ਸਰਪ੍ਰਸਤਾਂ ਦੀ ਇਕ ਸੂਚੀ ਹੋਣ ਦਾ ਦਾਅਵਾ ਕੀਤਾ ਸੀ। ਉਨ੍ਹਾਂ ਹਲਫ਼ਨਾਮੇ ਵਿੱਚ ਦਾਅਵਾ ਕੀਤਾ ਸੀ ਕਿ ਉਨ੍ਹਾਂ ਨਸ਼ਾ ਤਸਕਰਾਂ ਤੇ ਉਨ੍ਹਾਂ ਦੀ ਸਰਪ੍ਰਸਤੀ ਕਰਨ ਵਾਲੇ ਅਫ਼ਸਰਾਂ ਤੇ ਸਿਆਸਤਦਾਨਾਂ ਦੀ ਸੂਚੀ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪੀ ਸੀ ਪਰ ਉਸ ਵੇਲੇ ਦੀ ਸਰਕਾਰ ਨੇ ਇਸ ਤਰ੍ਹਾਂ ਦੀ ਕੋਈ ਵੀ ਸੂਚੀ ਮਿਲਣ ਤੋਂ ਇਨਕਾਰ ਕੀਤਾ ਸੀ। ਆਪਣੇ ਹਾਲੀਆ ਹਲਫ਼ਨਾਮੇ ਵਿਚ ਸ੍ਰੀ



ਕਾਂਤ ਨੇ ਲਿਖਿਆ " ਮੈਂ ਇੰਟੈਲੀਜੈਂਸ ਵਿੰਗ ਵੱਲੋਂ 2007 ਵਿੱਚ ਤਿਆਰ ਕੀਤੀ ਨਸ਼ਾ ਤਸਕਰਾਂ ਦੀ ਸੂਚੀ ਵਿਚਲੇ ਨਾਂ ਜਿੰਨੇ ਕੁ ਮੈਨੂੰ ਹਾਲੇ ਤੱਕ ਚੇਤੇ ਹਨ, ਇਕ ਸੀਲਬੰਦ ਲਿਫ਼ਾਫੇ ਵਿੱਚ ਦੇਣ ਲਈ ਤਿਆਰ ਹਾਂ। " ਸ੍ਰੀ ਬਾਦਲ ਦੇ ਮੀਡੀਆ ਸਲਾਹਕਾਰ ਰਹੇ ਹਰਚਰਨ ਸਿੰਘ ਬੈਂਸ ਨੇ ਇਸ ਪੱਤਰਕਾਰਾਂ ਨੂੰ ਦੱਸਿਆ ਕਿ " ਮੈਂ ਇਸ ਮੁੱਦੇ ਬਾਰੇ ਸ੍ਰੀ ਬਾਦਲ ਤੋਂ ਕਈ ਵਾਰ ਪੁੱਛਿਆ ਸੀ ਪਰ ਉਨ੍ਹਾਂ ਸ਼ਸ਼ੀਕਾਂਤ ਤੋਂ ਅਜਿਹੀ ਕੋਈ ਵੀ ਸੂਚੀ ਮਿਲਣ ਬਾਰੇ ਸਾਫ਼ ਇਨਕਾਰ ਕੀਤਾ ਸੀ। "

ਇਸ ਕੇਸ ਵਿੱਚ ਇਕ ਧਿਰ ਬਣੇ ਸੀਨੀਅਰ ਵਕੀਲ ਨਵਕਿਰਨ ਸਿੰਘ ਨੇ ਕਿਹਾ ਕਿ ਸ੍ਰੀ ਸ਼ਸ਼ੀਕਾਂਤ ਤੋਂ ਇਲਾਵਾ ਹੋਰ ਕਿਸੇ ਨੇ ਇਹ ਸੂਚੀ ਨਹੀਂ ਦੇਖੀ। ਸ੍ਰੀ ਕਾਂਤ ਨੇ ਕਿਹਾ ਕਿ "ਉਨ੍ਹਾਂ ਕੋਲ ਇਸ ਦੀ ਕਾਪੀ ਨਹੀਂ ਸੀ। ਇਹ ਇਕ ਬਹੁਤ ਹੀ ਖੁਫ਼ੀਆ ਦਸਤਾਵੇਜ਼ ਸੀ। ਮੈਂ ਇਸ ਨੂੰ ਅਦਾਲਤ ਵਿਚ ਹੀ ਪੇਸ਼ ਕਰ ਸਕਦਾ ਸਾਂ। " ਇੰਟੈਲੀਜੈਂਸ ਵਿੰਗ ਵਿਚ ਤਾਇਨਾਤ ਦੋ ਸੀਨੀਅਰ ਅਫ਼ਸਰਾਂ ਨੇ ਵੀ ਇਹ ਸੂਚੀ ਦੇਖਣ ਤੋਂ ਇਨਕਾਰ ਕੀਤਾ।

## ਡੀਆਈਜੀ ਸਮੇਤ 14 ਜੇਲ੍ਹ ਅਫ਼ਸਰਾਂ ਖ਼ਿਲਾਫ਼ ਕਾਰਵਾਈ ਲਈ ਰਾਹ ਪੱਧਰਾ

**ਪਟਿਆਲਾ/ਬਿਊਰੋ ਨਿਊਜ਼ :**
ਪੰਜਾਬ ਸਰਕਾਰ ਦੇ ਇਕ ਫ਼ੈਸਲੇ ਤੋਂ ਬਾਅਦ ਜੇਲ੍ਹਾਂ ਵਿੱਚ ਬੰਦ ਕੈਦੀਆਂ ਵੱਲੋਂ ਮੋਬਾਈਲ ਫੋਨਾਂ ਦੀ ਵਰਤੋਂ ਰੋਕਣ 'ਚ ਨਾਕਾਮ ਜੇਲ੍ਹ ਅਫ਼ਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਦਾ ਰਾਹ ਸਾਫ਼ ਹੋ ਗਿਆ ਹੈ। ਜੇਲ੍ਹ ਮੰਤਰੀ ਨੇ ਅਧਿਕਾਰੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਹੁਣ ਦੋਸ਼-ਪੱਤਰ ਜਾਰੀ ਕਰਨ ਜਾਂ ਵਿਭਾਗੀ ਕਾਰਵਾਈ ਜਿਹੇ ਹਲਕੇ ਫੁਲਕੇ ਕਦਮਾਂ ਦੀ ਥਾਂ ਦਾਗ਼ੀ ਅਫ਼ਸਰਾਂ ਖ਼ਿਲਾਫ਼ ਐਫਆਈਆਰ ਦਰਜ ਕਰਵਾਉਣ।

ਪਤਾ ਚੱਲਿਆ ਹੈ ਕਿ ਪੰਜਾਬ ਦੀਆਂ ਜੇਲ੍ਹਾਂ ਵਿੱਚ ਬੰਦ ਲਸ਼ਕਰ-ਏ-ਤੋਇਬਾ ਦੇ ਦੋ ਕਾਰਕੁਨਾਂ ਵੱਲੋਂ ਪਾਕਿਸਤਾਨ ਵਿਚਲੇ ਆਪਣੇ 'ਸੰਚਾਲਕਾਂ' ਨਾਲ ਰਾਬਤਾ ਕਰਨ ਦੇ ਮਾਮਲੇ ਦੀ ਮੁਢਲੀ ਜਾਂਚ ਤੋਂ ਬਾਅਦ ਇਕ ਡੀਆਈਜੀ ਪੱਧਰ ਦੇ ਅਧਿਕਾਰੀ ਸਮੇਤ ਦਰਜਨ ਭਰ ਜੇਲ੍ਹ ਅਫ਼ਸਰਾਂ ਨੂੰ ਭਾਜੜ ਪਈ ਹੋਈ ਹੈ। ਪਿਛਲੇ ਮਹੀਨੇ ਜੇਲ੍ਹ ਵਿਭਾਗ ਨੇ ਪੰਜਾਬ ਸਰਕਾਰ ਨੂੰ ਇਨ੍ਹਾਂ ਅਫ਼ਸਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਲਈ ਲਿਖਿਆ ਸੀ ਜਿਨ੍ਹਾਂ ਖ਼ਿਲਾਫ਼ ਪਹਿਲੀ ਨਜ਼ਰੇ ਅਣਗਹਿਲੀ ਵਰਤਣ ਦੇ ਦੋਸ਼ ਸਹੀ ਪਾਏ ਗਏ ਹਨ। ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਹੁਣ ਤੋਂ ਬਾਅਦ ਜੇਲ੍ਹਾਂ ਵਿੱਚ ਮੋਬਾਈਲ ਫੋਨਾਂ ਦੀ ਵਰਤੋਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਢਿੱਲ-ਮੱਠ ਵਰਤਣ ਵਾਲੇ ਅਫ਼ਸਰਾਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਜਾਵੇਗੀ। ਉਨ੍ਹਾਂ ਕਿਹਾ " ਖਾਸ ਤੌਰ 'ਤੇ ਇਸ ਕੇਸ ਵਿੱਚ ਅਸੀਂ ਉਨ੍ਹਾਂ ਖ਼ਿਲਾਫ਼ ਪੰਜਾਬ ਸਿਵਿਲ ਸੇਵਾਵਾਂ (ਸਜ਼ਾ ਤੇ ਅਪੀਲ) ਨੇਮ 1970 ਦੀ ਧਾਰਾ 10 ਤਹਿਤ ਦੋਸ਼-ਪੱਤਰ ਜਾਰੀ ਕਰਨ ਅਤੇ ਇਕ ਜਾਂਚ ਅਫ਼ਸਰ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਮੁੜ ਨਾ ਵਾਪਰਨ।"

ਇਸ ਤੋਂ ਪਹਿਲਾਂ ਆਈਜੀ-ਜੇਲ੍ਹਾਂ ਰੂਪ ਕੁਮਾਰ ਅਰੋੜਾ ਵੱਲੋਂ ਕੀਤੀ ਗਈ ਮੁਢਲੀ ਜਾਂਚ ਵਿੱਚ

**ਬਾਕੀ ਸਫ਼ਾ 28 'ਤੇ**





**ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ**

*ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:*




**ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)**
**ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)**

**ਹੋਰ ਜਾਣਕਾਰੀ ਸੰਪਰਕ ਕਰੋ :**
**ਤਜਿੰਦਰ ਸਿੰਘ 916-529-7877**
**ਜਸਜੀਤ ਸਿੰਘ ਫੋਨ :510 875 3279**

ਅੰਮ੍ਰਿਤਸਰ ਟਾਈਮਜ਼ AMRITSAR TIMES

13 ਜੂਨ 2018 ਤੋਂ 19 ਜੂਨ 2018

## ਡੇਰਾਵਾਦ ਤੋਂ ਦੇਸ਼-ਕੌਮ ਨੂੰ ਵੱਡਾ ਖਤਰਾ

ਪੰਜਾਬ ਸਮੇਤ ਪੂਰੇ ਭਾਰਤ ਵਿਚ ਕੁਝ ਅਖੌਤੀ ਡੇਰੇਦਾਰਾਂ ਦੀਆਂ ਗੈਰਕਾਨੂੰਨੀ ਆਪ-ਹੁਦਰੀਆਂ ਨੇ ਹੁਣ ਤਕ ਖਾਸੇ "ਚਮਤਕਾਰ" ਦਿਖਾ ਦਿੱਤੇ ਹਨ, ਜੋ ਸਾਡੇ ਸਮਾਜ ਵਿਚ ਗੁਰੂ ਡੰਮ ਜਾਂ ਡੇਰਾਵਾਦ ਦੇ ਖਤਰਨਾਕ ਵਰਤਾਰੇ ਦੀ ਘਿਨਾਉਣੀ ਤਸਵੀਰ ਪੇਸ਼ ਕਰਨ ਵਾਸਤੇ ਕਾਫੀ ਹਨ। ਅਗਸਤ 2017 ਵਿਚ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਵਿਚ ਉਮਰ ਕੈਦ ਹੋਣ ਕਰਕੇ ਜੇਲ੍ਹ ਵਿਚ ਬੰਦ ਬਦਨਾਮ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੇ ਗੁਨਾਹਾਂ ਵਿਚ ਹੁਣ ਇਕ ਹੋਰ ਵਾਧਾ ਹੋਇਆ ਹੈ। ਹਾਲ ਹੀ 'ਚ ਪੰਜਾਬ ਪੁਲਿਸ ਨੇ ਡੇਰੇ ਨੂੰ ਸੰਨ 2015 ਦੌਰਾਨ ਪੰਜਾਬ ਵਿਚ ਵਾਪਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਬੀੜਾਂ ਦੀ ਬੇਅਦਬੀ ਕਾਂਡ ਦਾ ਮੁੱਖ ਸਾਜ਼ਿਸ਼ਘਾੜਾ ਮੰਨਿਆ ਹੈ।

ਮੀਡੀਆ ਵਿਚ ਹੋ ਰਹੇ ਤਾਜ਼ਾ ਖੁਲਾਸਿਆਂ ਨੇ ਪਹਿਲਾਂ ਹੀ ਚਿੰਤਤ ਸਿੱਖਾਂ ਨੂੰ ਹੋਰ ਚਿੰਤਾ 'ਚ ਪਾ ਦਿੱਤਾ ਹੈ। ਪਹਿਲੀ ਜੂਨ 2015 ਨੂੰ, ਜਿਸ ਦਿਨ ਬੁਰਜ ਜਵਾਹਰ ਸਿੰਘ ਵਾਲਾ ਪਿੰਡ 'ਚੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਸ਼ੁਰੂ ਹੋਈਆਂ ਸਨ, ਉਸ ਸਮੇਂ ਤੋਂ ਹੀ ਸ਼ੱਕ ਦੀ ਸੂਈ ਡੇਰਾ ਸਿਰਸਾ ਤੇ ਇਸ ਦੇ ਬਦਨਾਮ ਸਾਧ ਮੁਖੀ ਵੱਲ ਜਾਂਦੀ ਸੀ। ਪਿੰਡ ਭੂੰਦੜ ਵਿਖੇ, ਜਿਸ ਔਰਤ ਨੇ ਗੁਰੂ ਸਾਹਿਬ ਨੂੰ ਚੁੱਕ ਕੇ ਲੈ ਜਾਣ ਦੀ ਕੋਸ਼ਿਸ਼ ਕੀਤੀ ਸੀ, ਉਹ ਵੀ ਡੇਰਾ ਪ੍ਰੇਮਣ ਨਿਕਲੀ ਸੀ। ਇਸੇ ਤਰ੍ਹਾਂ ਚੰਦਬਾਜ਼ਾ (ਫ਼ਰੀਦਕੋਟ) ਪਿੰਡ ਦੇ ਗੁਰੂ ਘਰ 'ਚ ਜਿਹੜੇ ਲੌਕਟਧਾਰੀ ਪ੍ਰੇਮੀਆਂ ਨੇ ਗੁਰੂ ਘਰ 'ਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਉਹ ਵੀ ਸਿਰਸਾ ਸਾਧ ਦੇ ਪ੍ਰੇਮੀ ਹੀ ਸਨ। ਸਿੱਖ ਕੌਮ 'ਚ ਚਿੰਤਾ ਹੋਣੀ ਕੁਦਰਤੀ ਹੈ ਕਿ ਡੇਰਾ ਸਿਰਸਾ ਦੇ ਪ੍ਰੇਮੀ ਕਿਹੜੀ ਡੂੰਘੀ ਸਾਜਿਸ਼ ਅਧੀਨ, ਗੁਰੂ ਸਾਹਿਬ ਦੀ ਬੇਅਦਬੀ ਲਈ ਮੁੜ-ਮੁੜ ਸਰਗਰਮ ਹੁੰਦੇ ਆ ਰਹੇ ਹਨ ?

ਜਿਸ ਸਮੇਂ ਗੁਰੂ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਨਿਰੰਤਰ ਹੋ ਰਹੀਆਂ ਸਨ, ਉਸ ਸਮੇਂ ਦੀ ਅਕਾਲੀ-ਭਾਜਪਾ ਸਰਕਾਰ ਨੇ ਦੋਸ਼ੀਆਂ ਨੂੰ ਨਕੇਲ ਪਾਉਣ ਦੀ ਥਾਂ, ਰੋਸ ਪ੍ਰਗਟਾ ਰਹੇ ਸਿੱਖਾਂ 'ਤੇ ਗੋਲ਼ੀ ਚਲਾ ਕੇ 2 ਸਿੰਘਾਂ ਨੂੰ ਸ਼ਹੀਦ ਕਰ ਦਿੱਤਾ ਸੀ। ਗੁਰੂ ਸਾਹਿਬ ਦੀ ਬੇਅਦਬੀ ਦੇ ਕਾਂਡ ਦੀਆਂ ਤਾਰਾਂ ਉਦੋਂ ਵੀ ਸਿਰਸਾ ਡੇਰੇ ਨਾਲ ਜੁੜਦੀਆਂ ਸਨ। ਹਾਲਾਂ ਵੀ ਵੋਟ ਰਾਜਨੀਤੀ ਵਰਤੀ ਜਾ ਰਹੀ ਹੈ ਅਤੇ ਸੌਦਾ ਸਾਧ ਤੋਂ ਕਿਸੇ ਹੋਰ ਲਾਹੇ ਦੀ ਉਮੀਦ ਕੀਤੀ ਜਾ ਰਹੀ ਹੈ। ਜੇ ਭਾਰਤੀ ਕਾਨੂੰਨ ਮੁਤਾਬਕ ਹੀ ਗੱਲ ਕਰੀਏ ਤਾਂ ਸਰਕਾਰ ਦਾ ਮੁਢਲਾ ਫ਼ਰਜ਼ ਹੈ ਕਿ ਉਹ ਆਪਣੇ ਨਾਗਰਿਕਾਂ ਨੂੰ ਠੱਗੀ-ਠੋਰੀ ਤੋਂ ਬਚਾਵੇ, ਉਨਾਂ ਦਾ ਕਿਸੇ ਤਰਾਂ ਦਾ ਸ਼ੋਸ਼ਣ ਨਾ ਹੋਣ ਦਿੱਤਾ ਜਾਵੇ, ਉਨਾਂ ਨੂੰ ਕੋਈ ਬਲੈਕਮੇਲ ਨਾ ਕਰ ਸਕੇ। ਸਿਰਸੇ ਵਾਲਾ ਸਾਧ ਇਹ ਸਾਰਾ ਕੁਝ ਕਰਦਾ ਆ ਰਿਹਾ ਹੈ। ਉਸ ਖਿਲਾਫ ਉਪਰੋਕਤ ਸਾਰੇ ਦੋਸ਼ ਸਾਬਤ ਹੋ ਚੁੱਕੇ ਹਨ। 28 ਅਗਸਤ 2017 ਨੂੰ ਸਾਧ ਨੂੰ ਅਦਾਲਤ ਨੇ ਬਲਾਤਕਾਰੀ ਐਲਾਨ ਦਿੱਤਾ ਸੀ। ਉਸ ਵਕਤ ਕੁਝ ਸਮੇਂ ਲਈ ਤਾਂ ਸਰਕਾਰ ਨੇ ਇਨਾਂ ਦੇ ਕੂੜ ਪਰਚਾਰ ਦੀਆਂ ਦੁਕਾਨਾਂ ਨੂੰ ਬੰਦ ਕਰਵਾ ਦਿੱਤਾ ਸੀ ਪਰ ਬਾਅਦ ਵਿਚ ਪੰਜਾਬ 'ਚ ਮੁੱਖ ਡੇਰਾ ਸਲਾਬਤਪੁਰਾ ਦੁਬਾਰਾ ਖੋਲ੍ਹ ਦਿੱਤਾ ਗਿਆ ਹੈ। ਸਥਾਨਕ ਲੋਕ ਇਸ ਡੇਰੇ ਬਾਰੇ ਕਈ ਤਰ੍ਹਾਂ ਦੀਆਂ ਸ਼ਿਕਾਇਤਾਂ ਅਕਸਰ ਕਰਦੇ ਆ ਰਹੇ ਹਨ। ਹਰਿਆਣਾ ਸਰਕਾਰ ਇਹ ਸਾਬਤ ਕਰ ਚੁੱਕੀ ਹੈ ਕਿ ਪੰਚਕੂਲੇ 'ਚ ਹੋਈ ਹਿੰਸਾ 'ਚ ਡੇਰੇ ਦਾ ਵੱਡਾ ਰੋਲ ਸੀ, ਜਿਸ ਵਿਚ 50 ਕੁ ਦੇ ਆਸ-ਪਾਸ ਲੋਕ ਮਾਰੇ ਗਏ ਸਨ ਅਤੇ ਸਾੜ-ਫੂਕ ਤੇ ਭੰਨ-ਤੋੜ ਦਾ ਤਾਂ ਕੋਈ ਹਿਸਾਬ ਹੀ ਨਹੀਂ ਰਿਹਾ ਸੀ। ਦੂਜੇ ਪਾਸੇ ਪੰਜਾਬ ਪੁਲਿਸ ਮੌੜ ਬੰਬ ਕਾਂਡ ਦੀਆਂ ਤਾਰਾਂ ਵੀ ਡੇਰਾ ਸਿਰਸਾ ਨਾਲ ਜੋੜ ਰਹੀ ਹੈ। ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਕਾਂਡ ਵਿਚ ਡੇਰੇ ਦਾ ਸਿੱਧਾ ਹੱਥ ਸਾਬਤ ਹੋ ਚੁੱਕਾ ਹੈ। ਇਹ ਸਰਕਾਰ ਅਤੇ ਇਨਸਾਫ਼ ਦੋਵਾਂ ਦਾ ਜਲੂਸ ਨਿਕਲ ਰਿਹਾ ਹੈ। ਇਹ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਹੈ। ਤਾਜ਼ਾ ਖੁਲਾਸਿਆਂ ਤੋਂ ਬਾਅਦ ਕੇਵਲ ਸਿੱਖ ਹੀ ਨਹੀਂ ਸਗੋਂ ਕਿਸੇ ਵੀ ਧਰਮ ਨੂੰ ਮੰਨਣ ਵਾਲਾ ਕੋਈ ਜ਼ਿੰਮੇਵਾਰ ਨਾਗਰਿਕ ਇਸ ਗੱਲ ਦੇ ਖਿਲਾਫ ਹੀ ਜਾਵੇਗਾ ਕਿ ਇਕ ਬਲਾਤਕਾਰੀ, ਗੁੰਡੇ, ਅਯਾਸ਼ ਤੇ ਬਦਮਾਸ਼ ਦੀ ਗੁਰੂਆਂ ਦੀ ਪਵਿੱਤਰ ਧਰਤੀ 'ਤੇ ਇਕ ਧਾਰਮਿਕ ਆਗੂ ਵਜੋਂ ਮਾਨਤਾ ਜਾਰੀ ਰਹਿੰਦੀ ਹੋਵੇ।

ਸਿੱਖ ਦੁਸ਼ਮਣ ਤਾਕਤਾਂ ਸਿੱਖੀ ਦੇ ਨਿਆਰੇਪਣ ਨੂੰ ਖ਼ਤਮ ਕਰਨ ਲਈ ਹਰ ਹਥਿਆਰ ਦੀ ਵਰਤੋਂ ਕਰਦੀਆਂ ਆ ਰਹੀਆਂ ਹਨ। ਇਨ੍ਹਾਂ ਵਿਚ ਹੀ ਡੇਰਾਵਾਦ ਵੀ ਇਕ ਵੱਡਾ ਹਥਿਆਰ ਬਣਿਆਂ ਹੋਇਆ ਹੈ। ਸਿੱਖੀ 'ਤੇ ਬ੍ਰਾਹਮਣਵਾਦ ਦੀ ਪਾਣ ਚੜ੍ਹਾਉਣ ਲਈ, ਡੇਰਾਵਾਦ ਨੂੰ ਪੰਜਾਬ ਦੀ ਧਰਤੀ 'ਤੇ ਇਕ ਯੋਜਨਾਬੱਧ ਢੰਗ ਨਾਲ ਪ੍ਰਫੁਲਿਤ ਕੀਤਾ ਗਿਆ। ਬਿਪਰਵਾਦ ਤੇ ਗੁਰੂ ਘਰ ਦਾ ਟਕਰਾਅ ਮੁੱਢ ਕਦੀਮੀ ਤੁਰਿਆ ਆ ਰਿਹਾ ਹੈ। ਗੁਰੂ ਕਾਲ ਵਿਚ ਤਾਂ 22 ਮੰਜੀਆਂ ਹੀ ਡਾਹੀਆਂ ਗਈਆਂ ਸਨ, ਪ੍ਰੰਤੂ ਅੱਜ ਗਿਣਤੀ ਕਰਨੀ ਔਖੀ ਹੋ ਚੁੱਕੀ ਹੈ। ਅੰਗਰੇਜ਼ਾਂ ਦੇ ਸਮੇਂ ਮਹੰਤ ਨਰਾਇਣ ਦਾਸ ਨੇ ਕੀ ਕਹਿਰ ਵਰਤਾਇਆ ਸੀ, ਉਹ ਸਭ ਤਾਰੀਖ ਵਿਚ ਦਰਜ ਹੈ। ਸੰਨ 1978 ਦੀ ਵਿਸਾਖੀ ਵਾਲੇ ਦਿਨ ਇਕ ਨਿਰੰਕਾਰੀ ਡੇਰੇਦਾਰ ਦੁਆਰਾ ਸਿੱਖਾਂ ਨੂੰ ਸ਼ਹੀਦ ਕਰ ਦੇਣ ਦੇ ਵਾਕਿਆਤ ਮਗਰੋਂ ਪੰਜਾਬ ਨੇ ਕਿੰਨਾ ਸੰਤਾਪ ਝੱਲਿਆ, ਉਹ ਵੀ ਕਿਸੇ ਜਾਣਕਾਰੀ ਦਾ ਮੁਹਤਾਜ ਨਹੀਂ।

ਗੁਰੂ ਪਿਤਾ ਨੇ ਸਾਨੂੰ ਬਾਣੀ ਰਾਹੀਂ ਕਿਰਤ ਕਰੋ, ਵੰਡ ਛਕੋ ਅਤੇ ਸੇਵਾ ਤੇ ਸਿਮਰਨ ਦਾ ਰਾਹ ਦੱਸਿਆ ਹੈ। ਸਿੱਖ ਧਰਮ ਵਿਚ ਕਿਸੇ ਵੀ ਕਿਸਮ ਦੇ ਪਾਖੰਡ ਤੇ ਕਰਮ ਕਾਂਡ ਲਈ ਕੋਈ ਥਾਂ ਨਹੀਂ ਹੈ। ਫਿਰ ਇਹ ਸੋਚਣ ਦੀ ਲੋੜ ਹੈ ਕਿ ਅੱਜ ਹਰ ਕੋਈ ਆਪੋ-ਆਪਣੀ ਮਨ-ਮਰਜ਼ੀ ਨਾਲ ਸਿੱਖ ਸਿਧਾਂਤਾਂ ਨਾਲ ਕਿਵੇਂ ਖਿਲਵਾੜ ਕਰੀ ਜਾ ਰਿਹਾ ਹੈ। ਸਿਆਸਤਦਾਨਾਂ ਨੇ ਵੋਟਾਂ ਖਾਤਰ ਡੇਰਾਵਾਦ ਨੂੰ ਸ਼ਹਿ ਦੇਣ ਦਾ ਕੰਮ ਫੜ ਲਿਆ ਹੋਇਆ ਹੈ। ਆਰਐਸਐਸ ਨੂੰ ਇਸ ਨਾਪਾਕ ਗੱਠਜੋੜ ਦੀ ਤੀਜੀ ਧਿਰ ਆਖਿਆ ਜਾ ਸਕਦਾ ਹੈ, ਕਿਉਂਕਿ ਡੇਰਾਵਾਦ ਰਾਹੀਂ ਦੂਜੇ ਘੱਟ ਗਿਣਤੀ ਧਰਮਾਂ ਦੀ ਪਹਿਲ ਤਾਜ਼ਗੀ ਖਤਮ ਕਰਕੇ ਹਿੰਦੂਤਵ 'ਚ ਜਜ਼ਬ ਕਰਨ ਦੇ ਉਸ ਦੇ ਮਨਸੂਬੇ ਪੂਰੇ ਹੋ ਰਹੇ ਹਨ।

ਪੰਜਾਬ 'ਚ ਸਰਕਾਰ ਬਦਲਣ 'ਤੇ ਵੀ ਬੇਅਦਬੀ ਦੀਆਂ ਘਟਨਾਵਾਂ ਨਿਰੰਤਰ ਜਾਰੀ ਹਨ। ਸਾਫ ਹੈ ਕਿ ਇਨਾਂ ਮੰਦਭਾਗੀਆਂ ਘਟਨਾਵਾਂ ਪਿੱਛੇ ਵੱਡੀਆਂ ਤਾਕਤਾਂ ਹਨ। ਇਸ ਸਮੇਂ ਜੇ ਸੌਦਾ ਸਾਧ ਜੇਲ੍ਹ 'ਚ ਬੈਠਾ, ਆਪਣੇ ਪ੍ਰੇਮੀਆਂ ਰਾਹੀਂ, ਗੁਰੁ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਗੋਂਦਾਂ ਗੁੰਦ ਸਕਦਾ ਹੈ ਤਾਂ ਉਸ ਪਿੱਛੇ ਕੌਣ ਹੋ ਸਕਦਾ ਹੈ ? ਮੀਡੀਆ ਚ ਚਰਚਿਤ ਇਹ ਸੁਆਲ ਕਈ ਸ਼ੰਕੇ ਖੜੇ ਕਰਦਾ ਹੈ ਕਿ ਕੀ ਕੈਪਟਨ ਸਰਕਾਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਂਡ ਦਾ ਸੱਚ, ਲੋਕਾਂ ਸਾਹਮਣੇ ਨਹੀਂ ਲਿਆਉਣਾ ਚਾਹੁੰਦੀ ? ਹੁਣ ਵੀ ਜੇ ਸਰਕਾਰ ਸਿਰਸਾ ਡੇਰੇ ਦੇ ਸਾਧ ਤੇ ਉਸਦੇ ਚੇਲਿਆਂ ਦੀ ਪੁਸ਼ਤ ਪਨਾਹੀ ਕਰਦੀ ਹੈ ਤਾਂ ਇਸ ਦਾ ਸਾਫ਼ ਤੇ ਸਪੱਸ਼ਟ ਸੰਕੇਤ ਹੈ ਕਿ ਸਿੱਖੀ ਦੇ ਘਾਣ ਲਈ ਆਰਐਸਐਸ, ਭਾਜਪਾ ਤੇ ਉਨ੍ਹਾਂ ਦੇ ਜੋਟੀਦਾਰਾਂ ਸਮੇਤ ਕਾਂਗਰਸੀ ਵੀ ਇੱਕ-ਮਿੱਕ ਹਨ। ਕੈਪਟਨ ਸਰਕਾਰ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੇ ਪੰਜਾਬ 'ਚੋਂ ਬਾਦਲ ਸਰਕਾਰ ਦੀ ਜੜ ਪੁੱਟੀ ਗਈ ਸੀ ਤਾਂ ਉਸ ਵਿਚ ਵੱਡਾ ਕਾਰਨ ਪੰਜਾਬ 'ਚ ਗੁਰੂ ਸਾਹਿਬ ਦੀ ਹੋਈ ਬੇਅਦਬੀ ਦੀਆਂ ਘਟਨਾਵਾਂ ਜ਼ਿੰਮੇਵਾਰ ਸਨ। ਇਸ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਬੇਅਦਬੀ ਕਾਂਡ ਵਿਚ ਹੋ ਰਹੇ ਤਾਜ਼ਾ ਖੁਲਾਸਿਆਂ ਨੂੰ ਪਹਿਲ ਦੇ ਅਧਾਰ ਲੈ ਕੇ ਪੂਰੀ ਜ਼ਿੰਮੇਵਾਰੀ ਨਾਲ ਕਾਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ। ਸਾਰੀਆਂ ਪੰਥਕ ਧਿਰਾਂ ਨੂੰ ਵੀ ਇੱਕਜੁੱਟ ਹੋ ਕੇ ਇਸ ਮਸਲੇ ਦੇ ਪੱਕੇ ਹੱਲ ਲਈ ਸਾਂਝਾ ਮੁਹਾਜ਼ ਖੜ੍ਹਾ ਕਰਕੇ ਅੱਗੇ ਵਧਣ ਦੀ ਜ਼ਰੂਰਤ ਹੈ।

# ਧਰਮ ਅਤੇ ਇਤਿਹਾਸ ਦੇ ਸਨਮੁੱਖ ਮਨੋਰੰਜਨ

**ਸਾਲ 2005 ਵਿਚ ਜਦੋਂ ਸਾਹਿਬਜ਼ਾਦੇ' ਨਾ ਦੀ ਕਾਰਟੂਨ ਫਿਲਮ ਆਈ ਸੀ ਤਾਂ ਉਸ ਵੇਲੇ ਹੀ ਕਈ ਸਿੱਖ ਹਲਕਿਆਂ ਵੱਲੋਂ ਪੰਥ ਨੂੰ ਇਸ ਰੁਝਾਨ ਨੂੰ ਨਕਾਰਨ ਦਾ ਸੱਦਾ ਦਿੱਤਾ ਸੀ ਤੇ ਇਸ ਰਾਹ ਨੂੰ ਰੂਹਾਨੀ ਖ਼ੁਦਕੁਸ਼ੀ ਦਾ ਰਾਹ ਦੱਸਿਆ ਸੀ। ਪਰ ਇਹ ਰੁਝਾਨ ਕਿਸੇ ਨਾ ਕਿਸੇ ਹੱਦ ਤਕ ਸਹਿਣ ਕੀਤਾ ਜਾਂਦਾ ਰਿਹਾ ਤੇ ਇਸ ਪਿੱਛੇ ਇਕ ਕਾਰਨ ਇਹ ਸੀ ਕਿ ਕਾਰਟੂਨ ਵਿਧੀ ਨੂੰ ਨਕਲਾਂ ਲਾਹੁਣ ਦੇ ਹੋਰਨਾਂ ਢੰਗਾਂ ਤੋਂ ਵੱਖਰੇ ਤੌਰ ਤੇ ਵੇਖਿਆ ਜਾ ਰਿਹਾ ਸੀ। ਦੂਜਾ ਇਸ ਨੂੰ ਅਜੋਕੇ ਸਮੇਂ ਵਿੱਚ ਪਰਚਾਰ ਦੀ ਲੋੜ ਦੱਸਿਆ ਜਾ ਰਿਹਾ ਸੀ ਤੇ ਕੁਝ ਹਿੱਸੇ ਇਸ ਨੂੰ ਸਿੱਖ ਕਲਾ ਦੇ ਵਿਸਤਾਰ ਵਜੋਂ ਵੇਖ ਰਹੇ ਸਨ। ਇਸ ਰੁਝਾਨ ਨੂੰ 2014 ਵਿਚ ਆਈ ਚਾਰ ਸਾਹਿਬਜ਼ਾਦੇ' ਫਿਲਮ ਮੌਕੇ ਸਭ ਤੋਂ ਵੱਧ ਮਾਨਤਾ ਮਿਲੀ ਪਰ ਨਾਲ ਇਸ ਛੇਤੀ ਇਸ ਦੀ ਸਾਰਥਿਕਤਾ ਬਾਰੇ ਗੰਭੀਰ ਸਵਾਲ ਵੀ ਉੱਠੇ। ਸੰਨ 2015 ਤੇ 2018 ਵਿਚ ਨਾਨਕ ਸ਼ਾਹ ਫ਼ਕੀਰ ਫਿਲਮ ਦੇ ਵਿਰੋਧ ਮੌਕੇ ਸਿੱਖ ਜਗਤ ਨੇ ਇਸ ਰੁਝਾਨ ਨੂੰ ਕਾਫੀ ਹੱਦ ਤਕ ਰੱਦ ਕਰ ਦਿੱਤਾ ਹੈ। ਇਸ ਸਾਰੇ ਵਰਤਾਰੇ ਦੀ ਡੂੰਘੀ ਪੜਤਾਲ ਕਰਦਿਆਂ ਡਾ. ਸੇਵਕ ਸਿੰਘ ਨੇ ਇਕ ਲੰਮੀ ਲਿਖਤ ਪਾਠਕਾਂ ਸਾਂਝੀ ਕੀਤੀ ਹੈ। ਇਸ ਲਿਖਤ ਦਾ ਪਹਿਲਾ ਹਿੱਸਾ (ਪਰਛਾਵੇਂ ਅੰਦਰ ਸਿੱਖ ਬਣਕੇ ਜੀਣ ਦੀ ਲੋਚਾ) ਕੁਝ ਹ਼ਫ਼ਤੇ ਪਹਿਲਾਂ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਨਾਲ ਸਾਂਝਾ ਕੀਤਾ ਗਿਆ ਸੀ। ਇਸ ਵਾਰ ਪੇਸ਼ ਹੈ ਉਸ ਲਿਖਤ ਦਾ ਦੂਜਾ ਹਿੱਸਾ ਸਾਂਝਾ ਕਰ ਰਹੇ ਹਾਂ ਜਿਸ ਦਾ ਸਿਰਲੇਖ ਹੈ "ਧਰਮ ਅਤੇ ਇਤਿਹਾਸ ਦੇ ਸਨਮੁਖ ਮਨੋਰੰਜਨ"। ਇਸ ਲਿਖਤ ਦਾ ਅਗਲਾ ਹਿੱਸਾ ਆਉਂਦੇ ਦਿਨਾਂ ਵਿੱਚ ਪਾਠਕਾਂ ਨਾਲ ਸਾਂਝਾ ਕੀਤਾ ਜਾਵੇਗਾ: ਸੰਪਾਦਕ।**

**ਡਾ. ਸੇਵਕ ਸਿੰਘ**

ਪਰਛਾਵਿਆਂ ਦਾ ਸਵਾਲ ਪੰਥ ਸਾਹਮਣੇ ਕਾਫੀ ਚਿਰ ਤੋਂ ਹੈ ਪਰ ਬਿਜਾਲ ਅਤੇ ਮੱਕੜਜਾਲ ਦੇ ਚਲਣ ਨਾਲ ਇਹ ਹੋਰ ਅਹਿਮ ਹੋ ਗਿਆ



ਹੈ। ਕੁਝ ਲੋਕਾਂ ਵਲੋਂ ਆਪ ਮੁਹਾਰੇ ਰੂਪ ਵਿਚ ਪਰਛਾਵੇਂ ਬਣਾਉਣ ਨਾਲ ਇਹ ਸਵਾਲ ਚਰਚਾ ਵਿਚ ਆ ਗਿਆ ਹੈ, ਹੁਣ ਹੋਰ ਟਾਲਿਆ ਨਹੀਂ ਜਾ ਸਕਦਾ। ਇਹ ਮਸਲੇ ਨੂੰ ਸਮਝਣ ਲਈ ਕੁਝ ਨੁਕਤਿਆਂ ਦੀ ਸੰਖੇਪ ਚਰਚਾ ਜਰੂਰੀ ਹੈ। ਮੂਲ ਰੂਪ ਵਿਚ ਧਰਮ, ਧਰਮ ਇਤਿਹਾਸ ਅਤੇ ਆਮ ਇਤਿਹਾਸ ਦਾ ਫਰਕ ਸਮਝਣਾ ਅਤੇ ਫਿਰ ਏਹਨਾ ਨੂੰ ਨਕਲ, ਕਲਪਨਾ, ਮਨੋਰੰਜਨ ਅਤੇ ਮੰਡੀ ਦੇ ਪਰਸੰਗ ਵਿਚ ਸਮਝਣਾ ਲਾਜਮੀ ਹੈ ਤਾਂਕਿ ਦੁਨੀਆ ਨਾਲ ਰਲਣ ਲਈ ਅਮਲੀ ਕਿਰਦਾਰ ਅਤੇ ਪਰਚਾਰ ਦੀ ਲੋੜ ਦੇ ਫਰਕ ਨੂੰ ਸਮਝਿਆ ਜਾ ਸਕੇ। ਇਹ ਲਿਖਤ ਵਿਚ ਏਹ ਨੁਕਤੇ ਜੁੜਵੇਂ ਰੂਪ ਵਿਚ ਵਿਚਾਰੇ ਗਏ ਹਨ।

ਧਰਮ ਅਤੇ ਇਤਿਹਾਸ ਨੂੰ ਰੁਤਬੇਧਾਰੀ ਲੋਕ ਆਪਣੇ ਹਿੱਤ ਕਰਕੇ ਅਤੇ ਆਮ ਲੋਕ ਆਪਣੇ ਸੁਭਾਅ ਕਰਕੇ ਰਲਗੱਡ ਕਰਦੇ ਰਹਿੰਦੇ ਹਨ। ਰੁਤਬੇਧਾਰੀ ਲੋਕਾਂ ਵਲੋਂ ਇਹ ਰਲਗੱਡ (ਅਗਿਆਨਤਾ ਵਸ, ਜਾਣਬੁਝ ਕੇ ਜਾਂ ਕਾਹਲੀ ਅਤੇ ਬੇਸੰਜਮੀ ਨਾਲ) ਕਿਸੇ ਤਰ੍ਹਾਂ ਵੀ ਹੋ ਸਕਦੀ ਹੈ ਪਰ ਆਮ ਲੋਕਾਂ ਵਲੋ ਏਹਨਾ ਨੂੰ ਰਲਗਡ ਕਰਨ ਦੇ ਵੱਖਰੇ ਕਾਰਨ ਹਨ। ਆਮ ਲੋਕਾਂ ਵਿਚ ਇਹ ਰਲਗਡ ਪਰੰਪਰਾਗਤ ਸਮਝ ਕਰਕੇ ਵਧੇਰੇ ਹੁੰਦੀ ਹੈ ਜਿਸ ਅਨੁਸਾਰ ਇਤਿਹਾਸ ਵੀ ਧਰਮ ਵਰਗੀ ਭੂਮਿਕਾ ਨਿਭਾਉਂਦਾ ਹੈ। ਦੂਜਾ ਵੱਡਾ ਕਾਰਨ ਹੈ ਕਿ ਦੁਨੀਆ ਦੀ ਮੁੱਖਧਾਰਾ ਬਣੀ ਵਿਗਿਆਨਕ ਮਾਨਤਾ ਵਾਲੀ ਸਮਝ ਜੋ ਏਹਨਾ ਨੂੰ (ਆਪਣੇ ਤਰੀਕੇ ਨਾਲ ਰਲਗਡ ਕਰਕੇ) ਪਦਾਰਥਵਾਦੀ ਨੁਕਤੇ ਤੋਂ ਵਿਖਾਉਂਦੀ ਹੈ। ਧਰਮ ਅਤੇ ਇਤਿਹਾਸ ਦੀ ਦੁਰਵਰਤੋਂ ਕਰਨ ਵਾਲੇ ਲੋਕਾਂ ਨੂੰ ਭਾਵੇਂ ਇਹ ਰਲਗੱਡ ਦੀ ਸਮਝ ਹੋਵੇ ਜਾਂ ਨਾ ਹੋਵੇ ਪਰ ਜੋ ਸਹੀ ਅਤੇ ਨੇਕਦਿਲ ਵਰਤੋਂ ਕਰਨੀ ਚਾਹੁੰਦੇ ਹਨ ਓਹਨਾ ਲਈ ਧਰਮ ਅਤੇ ਇਤਿਹਾਸ ਵਿਚਲਾ ਫਰਕ ਸਮਝਣਾ ਬਹੁਤ ਜਰੂਰੀ ਹੈ। ਇਹ ਫਰਕ ਸਮਝੇ ਬਿਨਾ ਅੱਗੋਂ ਧਰਮ ਇਤਿਹਾਸ ਅਤੇ ਆਮ ਇਤਿਹਾਸ ਦਾ ਫਰਕ ਵੀ ਸਮਝ ਨਹੀਂ ਆਉਂਦਾ। ਸਿੱਖਾਂ ਸਮੇਤ ਅਨੇਕਾਂ ਧਾਰਮਿਕ ਲੋਕ ਆਪਣੇ ਧਰਮ ਅਤੇ ਇਤਿਹਾਸ ਨੂੰ ਵੱਖ ਕਰਕੇ ਨਹੀਂ ਵੇਖਦੇ, ਇਸ ਕਰਕੇ ਹੀ ਓਹ ਅਕਸਰ ਆਮ ਇਤਿਹਾਸ ਅਤੇ ਧਰਮ ਇਤਿਹਾਸ ਵਿੱਚ ਵੀ ਫਰਕ ਨਹੀਂ ਕਰਦੇ। ਏਹਨਾ ਫਰਕਾਂ ਨੂੰ ਸਮਝੇ ਬਿਨਾ ਧਰਮ ਅਤੇ ਇਤਿਹਾਸ ਬਾਰੇ ਹੀ ਨਹੀਂ ਸਗੋਂ ਸਾਰੀ ਜਿੰਦਗੀ ਬਾਰੇ ਵੀ ਕਾਫੀ ਗੱਲਾਂ ਗਲਤ ਸਮਝਣ ਜਾਂ ਕਰਨ ਦੀ ਸੰਭਾਵਨਾ ਹੁੰਦੀ ਹੈ।

ਬੀਤੇ ਸਮੇਂ ਨੂੰ ਅਤੇ ਜਿੰਦਗੀ ਦੇ ਮਨੋਰਥ ਨੂੰ ਧਰਮ ਦੇ ਨਜਰੀਏ ਤੋਂ ਸਮਝਣਾ ਹੋਰ ਗੱਲ ਹੈ ਅਤੇ ਆਮ ਇਤਿਹਾਸਕ ਸਮਝ ਨਾਲ ਸਮਝਣਾ ਹੋਰ ਗੱਲ ਹੈ। ਇਹ ਫਰਕ ਨੂੰ ਜਾਣਨਾ ਏਨਾ ਅਹਿਮ ਹੈ ਕਿ ਜੀਵਨ ਸੇਧ ਦੇ ਅਰਥ ਬਦਲ ਜਾਂਦੇ ਹਨ। ਧਰਮ ਜਾਂ ਇਤਿਹਾਸ ਵਿਚੋਂ ਕਿਸ ਨੂੰ ਜੀਵਨ ਸੇਧ ਵਜੋਂ ਅਪਣਾਉਣਾ ਹੈ, ਇਹ ਸਵਾਲ ਤੋਂ ਲੈ ਕੇ ਪਰਛਾਵੇਂ ਬਣਾ ਕੇ ਵੇਖਣ ਵਿਖਾਉਣ ਦੇ ਮਨਸ਼ੇ ਅਤੇ ਅਮਲ ਤੱਕ ਸਮੁਚੇ ਜੀਵਨ ਤੇ ਇਹ ਫਰਕ ਦਾ ਅਸਰ ਹੁੰਦਾ ਹੈ।

**ਧਰਮ ਇਤਿਹਾਸ ਦੇ ਫਰਕ ਦਾ ਸਵਾਲ**

ਧਰਮ ਅਤੇ ਇਤਿਹਾਸ ਦੇ ਫਰਕ ਨੂੰ ਸਮਝਣ ਲਈ ਕੁਝ ਨੁਕਤੇ ਵਿਚਾਰਯੋਗ ਹਨ।

ਇਤਿਹਾਸ ਜਾਣਨ ਦੀ ਆਮ ਵਿਧੀ ਪਦਾਰਥਵਾਦੀ ਹੈ ਜਿਸਨੂੰ ਧਰਮ ਦੀ ਬੋਲੀ ਵਿੱਚ ਸੰਸਾਰੀ ਜਾਂ ਭੋਗਵਾਦੀ ਬਿਰਤੀ ਵੀ ਕਹਿੰਦੇ ਹਨ। ਇਹ ਵਿਧੀ ਨਾਲ ਧਰਮ ਜੀਵਨ ਸੇਧ ਨਾ ਹੋ ਕੇ ਇਤਿਹਾਸ ਵਾਂਗ ਅਧਿਐਨ ਦਾ ਇਕ ਵਿਸ਼ਾ ਬਣ ਜਾਂਦਾ ਹੈ ਜੋ ਬਿਰਤਾਂਤ ਦੇ ਅਰਥਾਂ ਤੱਕ ਸਿਮਟ ਜਾਂਦਾ ਹੈ। ਇਤਿਹਾਸ ਦੇ ਬਿਰਤਾਂਤ ਹੋਣ ਦੀ ਗੱਲ ਇਤਿਹਾਸ ਦੇ ਸਿਧਾਂਤਕਾਰਾਂ ਅਤੇ ਇਤਿਹਾਸਕਾਰਾਂ ਨੇ ਲਿਖਤ ਰੂਪ ਵਿਚ ਕਹੀ ਹੋਈ ਹੈ ਪਰ ਧਰਮ ਬਾਰੇ ਧਰਮ ਬਾਨੀਆਂ ਅਤੇ ਸਿਧਾਂਤਕਾਰਾਂ ਨੇ ਇਹ ਗੱਲ ਨਹੀਂ ਆਖੀ। ਦੋਵਾਂ ਪਾਸਿਆਂ ਦੇ ਸਿਧਾਂਤਕਾਰ ਆਪਣੇ ਆਪਣੇ ਪੱਖ ਬਾਰੇ ਕੀ ਕਹਿੰਦੇ ਹਨ, ਓਹਨਾ ਦੇ ਵਿਚਾਰ ਜਾਣੋ ਤਾਂ ਗਲ ਸੌਖੇ ਰੂਪ ਵਿੱਚ ਸਮਝ ਆਏਗੀ ਕਿ ਧਰਮ ਕੀ ਹੈ, ਧਰਮ ਅਤੇ ਇਤਿਹਾਸ ਦਾ ਅਸਲ ਵਿੱਚ ਕਿੰਨਾ ਕੁ ਫਰਕ ਹੈ।

ਮੂਲ ਅਸੂਲ: ਹਰ ਧਰਮ ਨੇ ਆਪਣੇ ਸ਼ਬਦਾਂ ਵਿਚ ਆਪਣੇ ਤਰੀਕੇ ਨਾਲ ਧਰਮ ਨੂੰ ਜਿੰਦਗੀ ਦਾ ਮੂਲ ਕਿਹਾ ਹੈ। ਧਰਮ ਦਾ ਸਾਦਾ ਅਰਥ ਮੂਲ ਅਸੂਲ ਬਣਦਾ ਹੈ (ਜਿਹੜੇ ਰੱਬ-ਧਰਮ ਨੂੰ ਨਹੀਂ ਮੰਨਦੇ ਓਹ ਵੀ ਨੈਤਿਕਤਾ ਨੂੰ ਤਾਂ ਮੰਨ ਹੀ ਲੈਂਦੇ ਹਨ)। ਧਰਮ ਦੀ ਗੱਲ ਧਰਮ ਬਾਨੀਆਂ ਅਨੁਸਾਰ ਸੱਚ ਦੀ ਗੱਲ ਹੁੰਦੀ ਹੈ। ਆਖਰ ਕੋਈ ਵੱਡਾ ਕਾਰਨ ਹੋਏਗਾ ਕਿ ਦੁਨੀਆ ਦੇ ਸਾਰੇ ਧਰਮਾਂ ਨੇ ਸੱਚ ਨੂੰ ਧਰਮ ਰੂਪ ਕਿਹਾ ਹੈ। ਇਸ ਦੇ ਉਲਟ ਇਤਿਹਾਸ ਦਾ ਕੋਈ ਸਿਧਾਂਤਕਾਰ ਜਾਂ ਵੱਡਾ ਇਤਿਹਾਸਕਾਰ ਇਤਿਹਾਸ ਦੇ ਸੱਚ ਹੋਣ ਦੀ ਗਵਾਹੀ ਨਹੀਂ ਭਰਦਾ। ਇਤਿਹਾਸਕਾਰ ਪੱਕੇ ਸਬੂਤਾਂ ਵਿਚ ਵੀ ਝੂਠ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕਰ ਸਕਦੇ। ਧਰਮ ਵਿਚ ਅਤੇ ਇਤਿਹਾਸ ਵਿਚ ਝੂਠ ਦੇ ਅਰਥਾਂ ਦਾ ਬਹੁਤ ਵੱਡਾ ਫਰਕ ਹੈ। ਸਾਰੇ ਧਰਮਾਂ ਨੇ ਅਤੇ ਬਹੁਤੇ ਨਾਸਤਕਾਂ ਨੇ ਵੀ ਝੂਠ ਨੂੰ ਮਾੜਾ ਕਿਹਾ ਹੈ। ਇਹ ਯਾਦ ਰਖਣਾ ਬਹੁਤ ਜਰੂਰੀ ਹੈ ਕਿ ਜਿੰਦਗੀ ਅਤੇ ਜਹਾਨ ਨੂੰ ਜਾਣਨ ਦੇ ਸਾਰੇ ਆਸਤਕ-ਨਾਸਤਕ ਰਾਹ ਸੱਚ ਝੂਠ ਦਾ ਪੈਮਾਨਾ ਤੈਅ ਕਰਕੇ ਹੀ ਆਪਣੇ ਵਿਚਾਰ ਦਾ ਢਾਂਚਾ ਖੜ੍ਹਾ ਕਰਦੇ ਹਨ। ਸੱਚ ਝੂਠ ਵਿਚਲਾ ਫਰਕ ਅਖੀਰ ਨੂੰ ਜਿੰਦਗੀ ਦੇ ਧੁਰੇ ਨਾਲ ਜੁੜ ਜਾਂਦਾ ਹੈ ਜਿਥੇ ਹਰ ਸਮਾਜ ਦੀਆਂ ਕਦਰਾਂ ਕੀਮਤਾਂ ਅਤੇ ਮਾਨਤਾਵਾਂ ਖੜ੍ਹੀਆਂ ਹੁੰਦੀਆਂ ਹਨ। ਇਸ ਕਰਕੇ ਇਹ ਗਲ ਬਹੁਤ ਧਿਆਨ ਨਾਲ ਸਮਝਣ ਵਾਲੀ ਹੈ ਕਿ ਧਰਮ ਅਤੇ ਇਤਿਹਾਸ ਵਿਚਲਾ ਫਰਕ ਕਿਹੜੇ ਕਾਰਨਾਂ ਕਰਕੇ ਸਮਾਜਕ ਮਾਨਤਾਵਾਂ ਵਾਲੀ ਸੱਚ-ਝੂਠ ਦੀ ਮੂਲ ਵੰਡ ਨਾਲ ਜੁੜਦਾ ਹੈ।

ਇਹਨੂੰ ਸਮਝਣ ਲਈ ਦੋ ਫਰਕ ਵੇਖਣ ਵਾਲੇ ਹਨ। ਪਹਿਲਾ ਫਰਕ ਹੈ ਮੂਲ ਅਸੂਲ ਮੰਨਣ ਦਾ। ਜੇ ਧਰਮ ਨੂੰ ਮੂਲ ਅਸੂਲ ਮੰਨੀਏ ਤਾਂ ਇਹ ਪਵਿੱਤਰਤਾ ਦੇ ਅਰਥ ਧਾਰਨ ਕਰਦਾ ਹੈ। ਪਵਿੱਤਰਤਾ ਦੇ ਘੇਰੇ ਤੋਂ ਬਾਹਰਲਾ ਸਭ ਕੁਝ ਸੰਸਾਰੀ ਜਾਣਕਾਰੀ ਹੀ ਹੈ। ਇਹਦੇ ਅਨੁਸਾਰ ਆਮ ਇਤਿਹਾਸ ਵੀ ਜਾਣਕਾਰੀ ਹੀ ਹੈ। ਜੇ ਆਮ ਇਤਿਹਾਸ ਨੂੰ ਮੂਲ ਅਸੂਲ ਮੰਨੀਏ ਤਾਂ ਧਰਮ ਅਤੇ ਇਤਿਹਾਸ ਸਮੇਤ ਸਭ ਕੁਝ ਹੀ ਜਾਣਕਾਰੀ ਹੈ। ਦੂਜਾ ਫਰਕ ਹੈ ਸਬੂਤ ਮੰਨਣ ਦਾ। ਧਰਮ ਲਈ ਸੱਚ ਅਮਲ ਦਾ ਮਹੱਤਵ ਹੈ ਅਤੇ ਉਹ ਹੀ ਸਬੂਤ ਹੈ। ਆਮ ਇਤਿਹਾਸ ਲਈ ਲਿਖਤੀ ਜਾਂ ਵਸਤਾਂ ਵਾਲੇ ਸਬੂਤਾਂ ਦਾ ਮਹੱਤਵ ਹੁੰਦਾ ਹੈ। ਇਤਿਹਾਸਕ ਸਚਾਈ ਸਬੂਤਾਂ ਦੀ ਮੁਹਤਾਜ ਹੁੰਦੀ ਹੈ।

**ਜਾਣਕਾਰੀ ਅਤੇ ਪਵਿੱਤਰਤਾ:** ਇਤਿਹਾਸ ਜਾਣਕਾਰੀ ਵਿੱਚ ਢਲ ਸਕਦਾ ਹੈ ਕਿਉਂਕਿ ਉਹਦੀ ਪੈਦਾਵਰ ਹੀ ਜਾਣਕਾਰੀ ਰੂਪ ਵਿੱਚ ਹੁੰਦੀ ਹੈ ਪਰ ਜੋ ਪਵਿੱਤਰ ਹੈ ਉਹ ਜਾਣਕਾਰੀ ਵਿੱਚ ਤਬਦੀਲ ਨਹੀਂ ਹੁੰਦਾ। ਪਵਿੱਤਰ ਉਵ ਵੀ ਤਬਦੀਲ ਨਹੀਂ ਹੁੰਦਾ ਪਰ ਜਾਣਕਾਰੀ ਬਦਲਦੀ ਅਤੇ ਵਧਦੀ ਰਹਿੰਦੀ ਹੈ। ਜੋ ਪਵਿੱਤਰ ਹੈ ਉਹਦੀ ਹੋਂਦ ਇਤਿਹਾਸ ਕਰਕੇ ਨਹੀਂ ਹੈ ਭਾਵੇਂ ਉਹਦਾ ਲਿਖਤੀ ਇਤਿਹਾਸ ਵੀ ਮਿਲਦਾ ਹੋਵੇ। ਮਿਸਾਲ ਵਜੋਂ ਸਿੱਖਾਂ ਲਈ ਗੁਰੂ ਦੇ ਨਾਮ ਵਿੱਚ ਘਾਟਾ ਵਾਧਾ ਨਹੀਂ ਹੋ ਸਕਦਾ ਭਾਵੇਂ ਇਤਿਹਾਸ ਦੇ ਸਰੋਤ ਵਧ-ਘੱਟ ਜਾਂ ਖਤਮ ਹੋ ਜਾਣ। ਸਿੱਖਾਂ ਲਈ ਸ਼ਹੀਦਾਂ ਦਾ ਨਾਮ ਵੀ ਪਵਿੱਤਰ ਹੈ। ਸ਼ਹੀਦਾਂ ਦੇ ਇਤਿਹਾਸ ਦੇ ਸਰੋਤ ਜਾਂ ਓਹਨਾ ਦੀ ਗਿਣਤੀ ਤਾਂ ਘਟ ਵਧ ਸਕਦੀ ਹੈ ਪਰ ਓਹਨਾ ਦੇ ਰੁਤਬੇ ਨੂੰ ਫਰਕ ਨਹੀਂ ਪਏਗਾ। ਜੋ ਕੁਝ ਧਰਮ ਵਜੋਂ ਪਰਵਾਨ ਹੈ ਉਹ ਥਾਂ ਸਮੇਂ ਦੀ ਹੱਦ ਤੋਂ ਪਾਰ ਹੈ। ਅਸਲ ਵਿਚ ਧਰਮ ਦਾ ਇਤਿਹਾਸ ਨਹੀਂ ਹੁੰਦਾ ਸਗੋਂ ਸਚੀ ਸਾਖੀ ਹੁੰਦੀ ਹੈ। ਕੋਈ ਵੀ ਇਤਿਹਾਸ ਭਾਵੇਂ ਜਾਣਕਾਰੀ ਰੂਪ ਵਿਚ ਝੂਠ ਨਹੀਂ ਹੁੰਦਾ ਪਰ ਇਹ ਯਕੀਨ ਵਾਲੀ ਪਵਿੱਤਰਤਾ ਦਾ ਭਾਰ ਨਹੀਂ ਚੁੱਕਦਾ। ਪਵਿੱਤਰਤਾ ਬਿਨਾ ਇਤਿਹਾਸਕ ਜਾਣਕਾਰੀ ਨਾਲ ਲੱਦਿਆ ਜੀਵਨ ਵੀ ਅਸਲ ਵਿੱਚ ਖਾਲੀ ਹੋ ਸਕਦਾ ਹੈ ਜੋ ਧਰਮ ਦੇ ਪਾਸਕੂ ਨਾਲ ਵੀ ਨਹੀਂ ਤੁਲਦਾ। ਇਤਿਹਾਸ ਜਾਂ ਹੋਰ ਕਿਸੇ ਵੀ ਤਰੀਕੇ ਦੀ ਜਾਣਕਾਰੀ ਬੰਦੇ ਨੂੰ ਮਾਣ ਨਾਲ ਭਰਨ ਵਾਲੀ ਉਚਾਈ ਤੱਕ ਹੀ ਲਿਜਾ ਸਕਦੀ ਹੈ ਪਰ ਪਵਿੱਤਰਤਾ ਦੇ ਅਹਿਸਾਸ ਤੱਕ ਨਹੀਂ ਲਿਜਾਂਦੀ। ਜਾਣਕਾਰੀ ਅਤੇ ਪਵਿੱਤਰਤਾ ਨੂੰ ਧਾਰਨ ਕਰਨ ਦੇ ਰਾਹ ਜੇ ਆਪਸ ਵਿਰੋਧੀ ਨਹੀਂ ਤਾਂ ਯਕੀਨਨ ਵੱਖਰੇ ਹਨ। ਸਭ ਤੋਂ ਵੱਡਾ ਫਰਕ ਅਮਲ ਦਾ ਹੈ। ਇਤਿਹਾਸ ਦੀ ਗੱਲ ਕੋਈ ਵੀ ਆਖ ਸਕਦਾ ਹੈ ਪਰ ਧਰਮ ਦੀ ਗੱਲ ਆਖਣ ਦਾ ਅਸਲ ਹੱਕਦਾਰ ਉਹੀ ਹੈ ਜਿਸ ਨੇ ਧਰਮ ਧਾਰਿਆ ਹੈ। ਅਮਲਹੀਣ ਗੱਲ ਸਿਰਫ ਜਾਣਕਾਰੀ ਹੀ ਬਣ ਸਕਦੀ ਹੈ। ਇਸ ਕਰਕੇ ਹੀ ਬਹੁਤੇ ਲੋਕ ਧਰਮ ਨੂੰ ਇਤਿਹਾਸ ਰੂਪ ਵਿਚ ਪਰਚਾਰਨਾ ਚਾਹੁੰਦੇ ਹਨ ਕਿਉਂਕਿ ਓਹ ਉਸੇ ਧਰਮ ਦੇ ਅਮਲ ਤੋਂ ਬਚਣਾ ਚਾਹੁੰਦੇ ਹਨ, ਜੀਹਦੇ ਉਹ ਵਾਰਸ ਜਾਂ ਪਰਚਾਰਕ ਬਣਨਾ ਚਾਹੁੰਦੇ ਹਨ। ਧਰਮ ਨੂੰ ਪਰਛਾਵਿਆਂ ਦੇ ਰੂਪ ਵਿਚ ਵਿਰਸੇ ਦੀ ਸੋਝੀ ਵਜੋਂ ਪਰਚਾਰਨ ਪਿਛੇ ਵੀ ਇਹੋ ਭਾਵਨਾ ਜਾਪਦੀ ਹੈ।

ਬਾਕੀ ਸਫ਼ਾ 26 ਅਤੇ 27 'ਤੇ

# ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ

**ਡਾ. ਸਰਬਜਿੰਦਰ ਸਿੰਘ**

ਗੁਰੂ ਨਾਨਕ ਪਾਤਸ਼ਾਹ ਨੇ ਹਿੰਦੁਸਤਾਨ ਦੀ ਧਰਤੀ ਤੇ ੧ਓ ਦਾ ਦੈਵੀ ਨਾਦ ਗੁੰਜਾ ਕੇ ਇੱਥੋਂ ਦੀ ਦੱਬੀ-ਕੁਚਲੀ ਲੋਕਾਈ ਨੂੰ ਇਹ ਅਹਿਸਾਸ ਕਰਾਇਆ ਕਿ ਕੁੱਲ ਕਾਇਨਾਤ ਉਸ ਅਕਾਲ ਪੁਰਖ ਦੀ ਸੰਤਾਨ ਹੈ। ਭਾਰਤੀ ਭੂ-ਮੰਡਲ ਤੇ ਅਕਾਲ ਪੁਰਖ ਇਕ ਅਤੇ ਉਸ ਦੀ ਸਿਰਜੀ ਕਿਰਤ ਵੀ ਇਕ ਦਾ, ਅਜਿਹਾ ਨਵਾਂ ਤੇ ਨਿਵੇਕਲਾ ਪਾਠ ਪੜ੍ਹਾਇਆ ਕਿ ਹਿੰਦੁਸਤਾਨ ਦੀ ਲੋਕਾਈ ਦੀਆਂ ਨਾੜਾਂ ਵਿਚ ਸਦੀਆਂ ਤੋਂ ਯਖ਼ ਹੋਏ ਖ਼ੂਨ ਨੇ ਰੁਮਕਣਾ ਸ਼ੁਰੂ ਕਰ ਦਿੱਤਾ। ਹੁਣ ਗੁਰੂ ਨਾਨਕ ਉਨ੍ਹਾਂ ਦੀ ਮੁਕਤੀ ਦਾ ਰਹਿਬਰ ਸੀ ਅਤੇ ਉਹ ਉਸ ਦੇ 'ਬੰਦ'। ਦੂਰ-ਦਰਾਜ ਤੋਂ ਸੈਂਕੜਿਆਂ ਦੀ ਗਿਣਤੀ ਵਿਚ ਲੋਕ ਗੁਰੂ ਸਾਹਿਬ ਦੇ ਦੈਵੀ ਝੰਡੇ ਥੱਲੇ ਇਕੱਤਰ ਹੋਣ ਲੱਗੇ। ਗੁਰੂ ਨਾਨਕ ਪਾਤਸ਼ਾਹ ਨੇ ਸ਼ੋਸ਼ਨਕਾਰੀਆਂ ਦੀ ਧੱਕੇਸ਼ਾਹੀ ਵਿਰੁੱਧ ਪਾਠ ਪੜ੍ਹਾਉਣ ਲਈ ਪੂਰੀ ਦੁਨੀਆਂ ਦਾ ਭਰਮਣ ਕੀਤਾ। ਬਰਾਬਰੀ, ਮਨੁੱਖੀ ਸਨਮਾਨ, ਸੁਤੰਤਰਤਾ ਅਤੇ ਭਾਈਚਾਰੇ ਦੇ ਅਜਿਹੇ ਪੂਰਨੇ ਪਾਏ ਕਿ ਉਹ ਦਮਨਕਾਰੀਆਂ ਵਿਰੁੱਧ ਗੁਰਮਤਿ ਦੇ ਝੰਡੇ ਹੇਠ ਲਾਮਬੰਦ ਹੋਣ ਲੱਗੇ। ਭੂਤ, ਭਵਿੱਖ ਦੇ ਚੱਕਰ ਵਿਚੋਂ ਨਿਕਲ ਕੇ ਵਰਤਮਾਨ ਦੀ ਸਥਾਪਨਾ ਉਨ੍ਹਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਗਈ। ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤ ਮਨੁੱਖਾਂ ਦੇ ਮਾੜੇ ਭਾਗਾਂ ਤੇ ਬਾਰਸ਼ੇ ਰਹਿਮਤ ਸਿੱਧ ਹੋਏ। ਗੁਲਾਮ ਜ਼ਹਿਨੀਅਤ ਦੇ ਕਾਲੇ ਬੱਦਲ ਛੰਡਣ ਲੱਗੇ ਅਤੇ ਇਨ੍ਹਾਂ ਵਿਚੋਂ ਨਵੇਂ-ਨਵੇਲੇ ਸੂਰਜ ਦੇ ਲਿਸ਼ਕਾਰੇ ਦੱਬੀ-ਕੁਚਲੀ ਲੋਕਾਈ ਲਈ ਨਵਾਂ ਸੁਨੇਹਾ ਲੈ ਕੇ ਆਉਣ ਲੱਗੇ।

ਇਨ੍ਹਾਂ ਪੂਰਨਿਆਂ ਨੂੰ ਬਾਕੀ ਗੁਰੂ ਸਾਹਿਬਾਨ ਨੇ ਅਮਲ ਵਿਚ ਤਬਦੀਲ ਕਰਦਿਆਂ ਸਿਰਲੱਥ ਸੂਰਮਿਆਂ ਦੀ ਇਕ ਅਜਿਹੀ ਕੌਮੀਅਤ ਤਿਆਰ ਕਰ ਦਿੱਤੀ ਜੋ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਸੰਕਲਪ ਨਾਲ ਸਰਸ਼ਾਰ ਹੋਈ ਪਈ ਸੀ। ਗੁਰੂ ਨਾਨਕ ਪਾਤਸ਼ਾਹ ਦੇ ਘਰ ਨਾ ਹਿੰਦੂ- ਮੁਸਲਮਾਨ ਦਾ ਫਰਕ ਸੀ, ਨਾ ਹੀ ਊਚ ਨੀਚ ਅਤੇ ਔਰਤ-ਮਰਦ ਦਾ। ਗੁਰੂ ਨਾਨਕ ਸਾਹਿਬ ਦਾ ਸੰਗੀ-ਸਾਥੀ ਭਾਈ ਮਰਦਾਨਾ, ਜੋ ਗੁਰੂ ਸਾਹਿਬ ਨਾਲ ਅੰਤਮ ਸੁਆਸ ਤਕ ਨਿਭਿਆ, ਮੁਸਲਮਾਨ ਸੀ ਅਤੇ ਭਾਈ ਲਾਲੋ ਤਰਖਾਣ ਜਾਤ ਦਾ ਸੀ। ਗੁਰੂ ਨਾਨਕ ਪਾਤਸ਼ਾਹ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਅਨਿੰਨ ਸਿੱਖ ਭਾਈ ਲਹਿਣੇ ਨੂੰ ਗੁਰੂ ਅੰਗਦ ਵਜੋਂ ਗੁਰ ਗੱਦੀ ਤੇ ਸੁਸ਼ੋਭਿਤ ਕਰ ਇਕ ਨਿਵੇਕਲਾ ਪ੍ਰਸੰਗ ਸਥਾਪਿਤ ਕਰ ਇਹ ਵੀ ਅਹਿਸਾਸ ਕਰਵਾ ਦਿੱਤਾ ਸੀ ਕਿ ਨਾਨਕ ਘਰ ਵਿਚ ਯੋਗਤਾ ਆਧਾਰ ਹੈ ਜਨਮ ਨਹੀਂ। ਗੁਰੂ ਅੰਗਦ ਪਾਤਸ਼ਾਹ ਨੇ ਗੁਰਗੱਦੀ 'ਤੇ ਬੈਠਦੇ ਹੀ, ਗੁਰੂ ਨਾਨਕ ਪਾਤਸ਼ਾਹ ਵੱਲੋਂ ਦਿੱਤੇ ਸਿਧਾਂਤਾਂ ਨੂੰ ਅਮਲ ਵਿਚ ਢਾਲਣ ਦਾ ਕਾਰਜ ਜਾਰੀ ਰੱਖਿਆ ਅਤੇ ਸਭ ਤੋਂ ਪਹਿਲਾਂ ਆਪਣੀ ਪਤਨੀ ਮਾਤਾ ਖੀਵੀ ਜੀ ਨੂੰ ਲੰਗਰ ਦੀ ਮੁਖੀਆ ਸਥਾਪਿਤ ਕਰ ਔਰਤ ਦੇ ਸਨਮਾਨ ਨੂੰ ਸਿਖਰ ਉਤੇ ਪਹੁੰਚਾ ਦਿੱਤਾ ਸੀ। ਔਰਤ ਦੇ ਇਸ ਸਥਾਨ ਦੀ ਉਸ ਵੇਲੇ ਦੇ ਸਮਿਆਂ ਵਿਚ ਕਿਆਸ ਕਰਨਾ ਵੀ ਮੁਸ਼ਕਲ ਸੀ। ਗੁਰਮੁਖੀ ਲਿੱਪੀ ਵਿਚ ਸੁਧਾਰ ਕਰ ਸਿੱਖਾਂ ਦੀ ਆਪਣੀ ਲਿੱਪੀ ਸਥਾਪਿਤ ਕਰ ਦਿੱਤੀ ਅਤੇ ਹੁੰਮਾਯੂ ਦੇ ਹਉਮੈਂ ਨੂੰ ਤੋੜ ਕੇ ਇਹ ਸਥਾਪਿਤ ਕਰ ਦਿੱਤਾ ਕਿ ਗੁਰੂ ਘਰ ਵਿਚ ਅਕਾਲ ਪੁਰਖ ਦੇ ਭੈਅ ਨੂੰ ਨਮੋਂ ਹੈ ਪਰ ਤਖ਼ਤ ਦੇ ਭੈਅ ਨੂੰ ਕਬੂਲ ਕਰਨ ਦਾ ਕੋਈ ਸਥਾਨ ਹੀ ਨਹੀਂ ਹੈ।

ਅਮਰਦਾਸ ਨਾਨਕ ਘਰ ਦੀ ਨਿਰਖਾਂ-ਪਰਖਾਂ ਵਿਚ ਪਾਸ ਹੋਏ ਅਤੇ ਤੀਸਰੇ ਗੁਰੂ ਪਾਤਸ਼ਾਹ ਵਜੋਂ ਗੁਰਗੱਦੀ 'ਤੇ ਸੁਸ਼ੋਭਿਤ ਹੋਏ। ਗੁਰਗੱਦੀ 'ਤੇ ਬੈਠਦੇ ਹੀ ਉਨ੍ਹਾਂ ਨੇ ਮਹਿਸੂਸ ਕਰ ਲਿਆ ਸੀ ਕਿ ਆਉਣ ਵਾਲਾ ਸਮਾਂ ਵੰਗਾਰਾਂ ਭਰਿਆ ਹੋਇਆ ਹੈ। ਇਨ੍ਹਾਂ ਵੰਗਾਰਾਂ ਦਾ ਟਾਕਰਾ ਕਰਨ ਲਈ ਭਾਰਤੀ ਮਾਨਸਿਕਤਾ ਦੇ ਅੰਦਰ ਪਏ ਡਰ ਨੂੰ ਦੂਰ ਕਰ ਸੂਰਬੀਰ ਮਾਨਸਿਕਤਾ ਨੂੰ ਉਜਾਗਰ ਕਰਨਾ ਹੈ। ਇਸ ਵਾਸਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਹਿਤ ਬਾਈ ਮੰਜੀਆਂ ਦੀ ਸਥਾਪਤੀ ਕਰ ਦਿੱਤੀ ਤਾਂ ਕਿ 'ਪਤ ਸੇਤੀ' ਜ਼ਿੰਦਗੀ ਜਿਊਣ ਵਾਲਿਆਂ ਨੂੰ ਤਿਆਰ ਕੀਤਾ ਜਾਵੇ। ਦੂਸਰਾ ਮੰਜੀਆਂ ਦੀ ਗਿਣਤੀ ਮੁਗਲੀਆ ਹਕੂਮਤ ਦੇ ਬਾਈ ਸੂਬਿਆਂ ਦੀ ਗਿਣਤੀ ਦੇ ਬਰਾਬਰ ਰੱਖ ਕੇ ਡਰੀ ਹੋਈ ਲੋਕਾਈ ਨੂੰ ਅਹਿਸਾਸ ਕਰਾਇਆ ਕਿ ਇਨ੍ਹਾਂ ਸੂਬਿਆਂ ਦਾ ਭੈਅ ਮਨ ਵਿਚੋਂ ਕੱਢ ਦਿੱਤਾ ਜਾਵੇ। ਇਨ੍ਹਾਂ ਮੰਜੀਆਂ ਨੂੰ ਉਨ੍ਹਾਂ ਨੇ ਸੂਬਿਆਂ ਦਾ ਨਾਂ ਵੀ ਦਿੱਤਾ। ਇਨ੍ਹਾਂ ਮੰਜੀਆਂ ਉਪਰੰਤ ਬਵੰਜਾ ਪੀੜ੍ਹਿਆਂ ਦੀ ਸਥਾਪਤੀ ਕੀਤੀ ਇਹ ਗਿਣਤੀ ਵੀ ਅਚੰਭੇ ਵਾਲੀ ਸੀ ਕਿਉਂਕਿ ਅਕਬਰ ਦੇ ਸੁਰੱਖਿਆ ਅਮਲੇ ਦੀ ਗਿਣਤੀ ਵੀ ਬਵੰਜਾ ਹੀ ਸੀ। ਇਸ ਤੋਂ ਉਪਰੰਤ ਗੁਰੂ ਪਾਤਸ਼ਾਹ ਦੇ ਦੀਦਾਰ ਕਰਨ ਤੋਂ ਪਹਿਲਾਂ ਲੰਗਰ ਛਕਣਾ ਲਾਜ਼ਮੀ ਕਰਾਰ ਦੇ ਕੇ ਮਨੁੱਖੀ ਹਕੂਕ ਦੀ ਬਰਾਬਰੀ ਦਾ ਨਵਾਂ ਥੰਮ੍ਹ ਖੜ੍ਹਾ ਕਰ ਦਿੱਤਾ ਸੀ। ਇਤਿਹਾਸ ਗਵਾਹ ਹੈ ਕਿ ਅਕਬਰ ਵੀ ਗੁਰ ਪਾਤਸ਼ਾਹ ਦੇ ਦਰਸ਼ਨ ਸੰਗਤ ਵਿਚ ਲੰਗਰ ਛਕਣ ਉਪਰੰਤ ਹੀ ਕਰ ਸਕਿਆ ਸੀ, ਤੀਜੇ ਪਾਤਸ਼ਾਹ ਤੋਂ ਬਾਅਦ ਚੌਥੇ ਨਾਨਕ ਵਜੋਂ ਗੁਰੂ ਰਾਮਦਾਸ ਜੀ ਗੁਰਗੱਦੀ 'ਤੇ ਸੁਸ਼ੋਭਿਤ ਹੋਏ। ਉਨ੍ਹਾਂ ਦੁਆਰਾ ਅੰਮ੍ਰਿਤਸਰ ਅਤੇ ਸੰਤੋਖਸਰ ਸਰੋਵਰਾਂ ਦੀ ਉਸਾਰੀ ਕਰ ਕਿਸੇ ਵੱਡੇ ਕੇਂਦਰੀ ਅਸਥਾਨ ਵਲ ਇਸ਼ਾਰਾ ਕਰ ਦਿੱਤਾ ਸੀ ਜਿਸ ਨੇ ਆਉਣ ਵਾਲੇ ਸਮੇਂ ਵਿਚ ਸਿੱਖਾਂ ਦੇ ਮੱਕੇ ਵਜੋਂ ਸਥਾਨ ਗ੍ਰਹਿਣ ਕਰਨਾ ਸੀ। ਸਿੱਖ ਧਰਮ ਦਾ ਇਹ ਪ੍ਰਚਾਰ ਅਤੇ ਪਸਾਰ ਹਕੂਮਤ ਅਤੇ ਹੋਰ ਵਿਰੋਧੀਆਂ ਦੇ ਅੰਦਰ ਡਰ ਦੀ ਭਾਵਨਾ ਪੈਦਾ ਕਰ ਰਿਹਾ ਸੀ। ਇਹ ਡਰ ਉਨ੍ਹਾਂ ਨੂੰ ਸਿੱਖ ਧਰਮ ਵਿਰੁੱਧ ਲਾਮਬੰਦ ਕਰ ਰਿਹਾ ਸੀ ਅਤੇ ਇਸੇ ਲਾਮਬੰਦੀ ਵਿਚੋਂ ਹੀ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਸਾਹਮਣੇ ਆਈ।

ਸ੍ਰੀ ਗੁਰੂ ਰਾਮਦਾਸ ਜੀ ਦੀਆਂ ਨਿਰਖਾਂ-ਪਰਖਾਂ ਵਿਚ ਅਰਜਨ ਦੇਵ ਪੂਰੇ ਉਤਰੇ। ਇਸ ਲਈ ਚੌਥੇ ਪਾਤਸ਼ਾਹ ਨੇ ਪਰੰਪਰਕ ਢੰਗ ਨਾਲ ਉਨ੍ਹਾਂ ਨੂੰ ਪੰਜਵੇਂ ਨਾਨਕ ਵਜੋਂ ਸਥਾਪਿਤ ਕਰ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਗੁਰ ਗੱਦੀ 'ਤੇ ਬੈਠਦੇ ਹੀ ਸਿੱਖ ਧਰਮ ਦੇ ਪ੍ਰਚਾਰ ਪਸਾਰ ਨੂੰ ਨਾਨਕ ਸਿਧਾਂਤ ਅਨੁਸਾਰ ਅੱਗੇ ਚਲਾਇਆ। ਉਨ੍ਹਾਂ ਨੇ ਸਭ ਤੋਂ ਪਹਿਲਾਂ 1589 ਈ. ਨੂੰ ਗੁਰੂ ਪਿਤਾ ਰਾਮਦਾਸ ਜੀ ਵੱਲੋਂ ਤਿਆਰ ਕੀਤੇ ਅੰਮ੍ਰਿਤ-ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਦੀ ਸਥਾਪਨਾ ਕੀਤੀ ਅਤੇ ਪਵਿੱਤਰ ਹਰਿਮੰਦਰ ਦੀ ਨੀਂਹ ਸਾਈਂ ਮੀਆਂ ਮੀਰ ਕੋਲੋਂ ਰਖਵਾਈ। ਸਾਈਂ ਮੀਆਂ ਮੀਰ ਗੁਰੂ ਅਰਜਨ ਪਾਤਸ਼ਾਹ ਦੇ ਬਹੁਤ ਪ੍ਰਸ਼ੰਸਕ ਸਨ ਅਤੇ ਪ੍ਰਸਿੱਧ ਸੂਫੀ ਸਿਲਸਿਲੇ ਕਾਦਰੀ ਦੇ ਮੁਖੀ ਵੀ ਸਨ। ਗੁਰੂ ਸਾਹਿਬ ਦਾ ਇਹ ਕਦਮ ਜਿੱਥੇ ਧਰਮ ਦੇ ਨਾਮ 'ਤੇ ਧਾਰਮਿਕ ਅਸਥਾਨਾਂ ਦੁਆਲੇ ਲਗਾਈਆਂ ਧਾਰਮਿਕ ਕੱਟੜਤਾ ਦੀਆਂ ਵਲਗਣਾਂ ਨੂੰ ਤੋੜਨ ਵਾਲਾ ਸੀ, ਉਥੇ ਸਦੀਆਂ ਤੋਂ ਹਿੰਦੂ ਧਰਮ ਦੇ ਵਰਣ-ਆਸ਼ਰਮ ਦੁਆਰਾ ਕੀਤੀ ਜਾਂਦੀ ਮਨੁੱਖਤਾ ਦੀ ਲੁੱਟ ਵਿਰੁੱਧ ਵੰਗਾਰ ਵੀ ਸੀ। ਹਰਿਮੰਦਰ ਦੇ ਚਾਰੇ ਪਾਸੇ ਦਰਵਾਜ਼ੇ ਇਸ ਗੱਲ ਦੇ ਸੂਚਕ ਸਨ ਕਿ ਏਥੇ ਬਿਨਾਂ ਰੰਗ-ਜਾਤ ਭੇਦ ਤੋਂ ਸਭ ਨੂੰ ਗਲੇ ਲਗਾਇਆ ਜਾਵੇਗਾ। ਸਿੱਟੇ ਵਜੋਂ ਆਮ ਭਾਰਤੀ ਪੀੜਤ ਜਨਤਾ ਨੂੰ ਪਹਿਲੀ ਵਾਰ ਇਹ ਅਹਿਸਾਸ ਜਾਗਿਆ ਕਿ ਉਹ ਮਨੁੱਖ ਹੋਣ ਦੇ ਨਾਤੇ ਧਾਰਮਿਕ ਅਸਥਾਨ 'ਤੇ ਵੀ ਜਾ ਸਕਦੇ ਹਨ ਅਤੇ ਪਰਮੇਸ਼ਵਰ ਦਾ ਨਾਮ ਜਪਣ ਦੇ ਅਧਿਕਾਰੀ ਵੀ ਹਨ ਕਿਉਂਕਿ ਭਾਰਤੀ ਧਰਮ ਪ੍ਰੰਪਰਾ ਨੇ ਹੇਠਲੇ ਵਰਣਾਂ ਦੇ ਲੋਕਾਂ ਨੂੰ ਇਸ ਅਧਿਕਾਰ ਤੋਂ ਸੱਖਣਾ ਹੀ ਨਹੀਂ ਸੀ ਰੱਖਿਆ, ਸਗੋਂ ਪ੍ਰਮਾਤਮਾ ਦਾ ਨਾਮ ਜਪਣ ਦੀ ਕੁਤਾਹੀ ਕਰਨ ਜਾਂ ਧਰਮ ਗ੍ਰੰਥ ਦੇ ਦਰਸ਼ਨ ਕਰਨ 'ਤੇ ਸਖ਼ਤ ਸਜ਼ਾਵਾਂ ਦਾ ਭਾਗੀ ਵੀ ਬਣਾ ਦਿੱਤਾ ਸੀ।

ਅੰਮ੍ਰਿਤਸਰ ਦੀ ਸਿੱਖ ਧਾਰਮਿਕ ਕੇਂਦਰ ਵਜੋਂ ਸਥਾਪਨਾ ਨਾਲ ਸਿੱਖਾਂ ਨੂੰ ਖਾਸ ਕਰਕੇ ਅਤੇ ਪੰਜਾਬੀਆਂ ਨੂੰ ਆਮ ਕਰਕੇ ਸਾਂਝਾ ਕੇਂਦਰੀ ਸਥਾਨ ਪ੍ਰਾਪਤ ਹੋ ਗਿਆ। ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਧਿਆਨ ਵਿਚ ਰੱਖੇ ਪੈਮਾਨੇ ਨੇ ਉਸ ਵੇਲੇ ਦੇ ਨਸਲ ਭੇਦ ਵਿਚ ਉਲਝੇ ਸਮਾਜ ਲਈ ਜਿਥੇ ਇੱਕ ਚੁਣੌਤੀ ਖੜੀ ਕਰ ਦਿੱਤੀ ਸੀ, ਉਥੇ ਸਰਬੱਤ ਦੇ ਭਲੇ ਦਾ ਅਨੋਖਾ ਅਤੇ ਨਿਵੇਕਲਾ ਅਧਿਆਤਮਕ ਮਾਡਲ ਵੀ ਸਾਹਮਣੇ ਲੈ ਆਂਦਾ ਸੀ। ਨਤੀਜੇ ਵਜੋਂ ਸਿੱਖ ਧਰਮ ਲੋਕ-ਮਾਨਸਿਕਤਾ ਵਿਚ ਇਸ ਤਰ੍ਹਾਂ ਉਤਰਿਆ ਕਿ ਹੌਲੀ-ਹੌਲੀ ਸਿੱਖ ਧਰਮ ਇਕ ਲੋਕ ਲਹਿਰ ਬਣ ਗਿਆ। ਲੋਕ ਲਹਿਰ ਦੇ ਨਾਇਕ ਬਾਗ਼ੀ ਰੂਪ ਵਜੋਂ ਮਾਨਤਾ ਪ੍ਰਾਪਤ ਕਰ ਲੈਂਦੇ ਹਨ। ਇਸੇ ਵਿਚੋਂ ਸ਼ਹਾਦਤ ਦੇ ਸੋਮੇ ਫੁੱਟਣੇ ਸੁਭਾਵਿਕ ਗੱਲ ਬਣ ਜਾਂਦੀ ਹੈ।



ਗੁਰੂ ਅਰਜਨ ਦੇਵ ਜੀ ਦੋਵੇਂ ਵੱਡੇ ਭਰਾਵਾਂ ਪ੍ਰਿਥੀ ਚੰਦ ਅਤੇ ਮਹਾਂਦੇਵ ਜੀ ਨੂੰ ਬੇਹੱਦ ਪਿਆਰ ਅਤੇ ਸਤਿਕਾਰ ਦਿੰਦੇ ਸਨ, ਪਰ ਉਹ ਦੋਵੇਂ ਪਿਆਰ ਅਤੇ ਸਤਿਕਾਰ ਨੂੰ ਅੱਖੋਂ ਓਹਲੇ ਕਰ ਇਨ੍ਹਾਂ ਪ੍ਰਤੀ ਨਫ਼ਰਤ ਦਾ ਪ੍ਰਗਟਾਅ ਕਰਦੇ ਰਹਿੰਦੇ। ਪ੍ਰਿਥੀ ਚੰਦ ਅੰਦਰੋਂ ਲੋਭ-ਲਾਲਚ ਵਿਚ ਗ੍ਰਸਿਆ ਹੋਇਆ ਸੀ। ਜਿਥੇ ਉਹ ਸੰਸਾਰੀ ਵਸਤਾਂ ਤੇ ਮਾਇਆ ਦੀ ਪਕੜ ਵਿਚ ਸੀ, ਉਥੇ ਚੌਥੇ ਗੁਰੂ ਪਾਤਸ਼ਾਹ ਦਾ ਵੱਡਾ ਪੁੱਤਰ ਹੋਣ ਦੀ ਹਉਮੈ ਨੂੰ ਪਾਲੀ ਬੈਠਾ ਸੀ। ਗੁਰ ਗੱਦੀ ਗੁਰੂ ਅਰਜਨ ਦੇਵ ਜੀ ਨੂੰ ਮਿਲਣ 'ਤੇ ਉਸ ਅੰਦਰ ਈਰਖਾ ਦੇ ਭਾਂਬੜ ਬਲ ਉੱਠੇ ਈਰਖਾ ਦੀ ਅਗਨੀ ਹੋਰ ਵਧੀ ਜਦੋਂ ਗੁਰੂ ਰਾਮਦਾਸ ਜੀ ਦੇ ਭੋਗ 'ਤੇ ਬਾਬਾ ਸ੍ਰੀ ਚੰਦ ਵੱਲੋਂ ਦੋ ਪੱਗਾਂ ਭੇਜੀਆਂ। ਇਸ ਗੱਲ ਦਾ ਪ੍ਰਗਟਾ ਬੰਸਾਵਲੀ ਨਾਮੇ ਵਿਚ ਇਸ ਤਰ੍ਹਾਂ ਕੀਤਾ ਹੋਇਆ ਹੈ:

ਸਿਰੀ ਚੰਦ ਸਾਹਿਬ ਜੀ ਪੱਗ ਭਿਜਵਾਈ  
ਇਕ ਪ੍ਰਿਥੀ ਨੂੰ, ਇਕ ਅਰਜਨ ਨੂੰ ਆਈ  
ਮਰਨੇ ਕੀ ਪੱਗ ਪ੍ਰਿਥੀਏ ਬੱਧੀ,  
ਗੁਰਿਆਈ ਪੱਗ ਗੁਰੂ ਅਰਜਨ ਬੱਧੀ।

ਪ੍ਰਿਥੀ ਚੰਦ ਨੇ ਗੁਰ ਗੱਦੀ ਹਾਸਲ ਕਰਨ ਲਈ ਹਰ ਤਰੀਕਾ ਵਰਤਿਆ ਮਸੰਦਾਂ, ਗੁਰੂਆਂ ਦੋਖੀਆਂ ਅਤੇ ਰਾਜ ਦੇ ਕਰਮਚਾਰੀਆਂ ਨੂੰ ਲਾਲਚ ਦੇ ਕੇ ਆਪਣੇ ਹੱਕ ਵਿਚ ਕਰਨ ਲਈ ਹਰ ਹਰਬਾ ਵਰਤਿਆ, ਪਰ ਸਫਲਤਾ ਨਾ ਮਿਲੀ। ਗੁਰੂ ਅਰਜਨ ਪਾਤਸ਼ਾਹ ਵਲ ਸਿੱਖਾਂ ਨੇ ਵਹੀਰਾਂ ਘਤ ਲਈਆਂ। ਪ੍ਰਿਥੀ ਚੰਦ ਦਾ ਵਿਰੋਧ ਹੋਰ ਵੀ ਤੇਜ਼ ਹੋ ਗਿਆ। ਪ੍ਰਿਥੀ ਚੰਦ ਨੇ ਸੁਲਹੀ ਖ਼ਾਨ ਜੋ ਉਸ ਦਾ ਦੋਸਤ ਅਤੇ ਬਾਦਸ਼ਾਹ ਅਕਬਰ ਦਾ ਮੁਲਾਜ਼ਮ ਸੀ, ਨੂੰ ਗੁਰੂ ਅਰਜਨ ਦੇਵ ਜੀ ਨੂੰ ਡਰਾਉਣ ਲਈ ਮਨਾ ਲਿਆ। ਉਹ ਪ੍ਰਿਥੀ ਚੰਦ ਦੇ ਚੁੱਕਣ ਉਤੇ ਕਰ ਵਸੂਲਣ ਦੇ ਬਹਾਨੇ ਅੰਮ੍ਰਿਤਸਰ ਵਲ ਵਧਿਆ। ਰਾਤ ਉਹ ਪ੍ਰਿਥੀ ਚੰਦ ਕੋਲ ਰੁਕ ਗਿਆ। ਪਰ ਸਵੇਰੇ ਪ੍ਰਿਥੀ ਚੰਦ ਦੇ ਭੱਠੇ ਦੀ ਅੱਗ ਵਿਚ ਸੜ ਕੇ ਮਰ ਗਿਆ। ਸੁਲਹੀ ਖ਼ਾਨ ਦੇ ਮਰਨ ਨਾਲ ਪ੍ਰਿਥੀ ਚੰਦ ਨੂੰ ਬਹੁਤ ਤਕੜਾ ਧੱਕਾ ਵੱਜਿਆ। ਪਰ ਇਸ ਧੱਕੇ ਨੂੰ ਉਹ ਇਸ ਆਸ 'ਤੇ ਸਹਿਣ ਕਰ ਗਿਆ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਸੰਤਾਨ ਨਹੀਂ ਸੀ। ਇਸ ਕਰਕੇ ਗੁਰ-ਗੱਦੀ ਮੁੜ ਕੇ ਉਸ ਦੇ ਘਰ ਵਿਚ ਆ ਜਾਣ ਦੀ ਆਸ ਸੀ ਕਿਉਂਕਿ ਗੁਰੂ ਅਰਜਨ ਦੇਵ ਜੀ ਉਸ ਦੇ ਬੇਟੇ ਮਿਹਰਬਾਨ ਨੂੰ ਬਹੁਤ ਪਿਆਰ ਕਰਦੇ ਸਨ। ਪਰ ਉਸ ਦੀ ਇਸ ਆਸ ਤੋਂ ਉਸ ਵੇਲੇ ਬੂਰ ਝੜ ਗਿਆ ਜਦੋਂ 1595 ਈ. ਨੂੰ ਬਾਲ ਹਰਿਗੋਬਿੰਦ ਦਾ ਜਨਮ ਹੋ ਗਿਆ। ਪ੍ਰਿਥੀ ਚੰਦ ਲਈ ਇਹ ਅਸਹਿ ਸਦਮਾ ਸੀ।

ਪ੍ਰਿਥੀ ਚੰਦ ਨੇ ਹੁਣ ਹਾਰੇ ਹੋਏ ਜੁਆਰੀਏ ਵਾਂਗ ਅੰਤਿਮ ਦਾਅ ਖੇਡਦਿਆਂ, ਦਾਈ ਰਾਹੀਂ ਬੱਚੇ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਚਾਲ ਪੂਰੀ ਨਾ ਹੋਈ। ਸੱਪ ਤੋਂ ਡਸਾਉਣ ਦੀ ਕੋਸ਼ਿਸ਼ ਵੀ ਅਸਫਲ ਰਹੀ। ਦਹੀਂ ਵਿੱਚ ਜ਼ਹਿਰ ਪਾ ਕੇ ਖਵਾਉਣ ਲਈ ਰਸੋਈਏ ਨੂੰ ਵੱਢੀ ਦਿੱਤੀ ਪਰ ਬੱਚੇ ਨੂੰ ਹਾਨੀ ਨਾ ਹੋਈ ਸਗੋਂ ਰਸੋਈਆ ਸੂਲ ਹੋ ਕੇ ਮਰ ਗਿਆ। ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਸਿੱਖ ਸੰਗਤ ਨੂੰ ਲੱਗ ਗਿਆ ਅਤੇ ਉਹ ਪ੍ਰਿਥੀ ਚੰਦ ਨੂੰ ਨਫਰਤ ਕਰਨ ਲੱਗੇ ਪਰ ਉਹ ਹਰਕਤਾਂ ਤੋਂ ਬਾਜ ਨਾ ਆਇਆ ਅਤੇ ਲਗਾਤਾਰ ਗੁਰੂ ਪਾਤਸ਼ਾਹ ਦੀ ਸ਼ਿਕਾਇਤ ਮੁਗਲ ਦਰਬਾਰੇ ਭੇਜਦਾ ਰਿਹਾ। ਅਕਬਰ ਤੱਕ ਉਸਦੀ ਕੋਈ ਚਾਲ ਸਫਲ ਨਾ ਹੋਈ ਪਰ ਜਹਾਂਗੀਰ ਦੇ ਗੱਦੀ 'ਤੇ ਬੈਠਣ ਨਾਲ ਸਮਾਂ ਉਸ ਵਲ ਤਬਦੀਲ ਹੋਣ ਲੱਗਾ।

ਅਕਬਰ ਬਾਦਸ਼ਾਹ ਦੀ ਮੌਤ ਤੋਂ ਬਾਅਦ ਉਸ ਦੀ ਸਹਿਨਸ਼ੀਲਤਾ ਦੀ ਨੀਤੀ ਵੀ ਉਸ ਦੀ ਕਬਰ ਵਿੱਚ ਦਫਨ ਕਰ ਦਿੱਤੀ ਗਈ। ਉਸ ਦਾ ਵੱਡਾ ਬੇਟਾ ਸਲੀਮ ਜਹਾਂਗੀਰ ਦੇ ਲਕਬ ਨਾਲ ਰਾਜ ਗੱਦੀ 'ਤੇ ਬੈਠਾ। ਉਹ ਕੱਟੜ ਸੁੰਨੀ ਮੁਸਲਮਾਨ ਸੀ ਅਤੇ ਗੈਰ-ਧਰਮੀਆਂ ਨੂੰ ਸਖਤ ਨਫ਼ਰਤ ਕਰਦਾ ਸੀ। ਪਿਤਾ ਦੀ ਨਿਮਰਤਾ ਅਤੇ ਮਾਤਾ ਦੇ ਗੁਣ ਉਸਨੇ ਗ੍ਰਹਿਣ ਨਹੀਂ ਸਨ ਕੀਤੇ ਜਾਂ ਕਟੜਪੰਥੀ ਮੁਸਲਮਾਨਾਂ ਨੇ ਗ੍ਰਹਿਣ ਕਰਨ ਨਹੀਂ ਸਨ ਦਿੱਤੇ। ਉਸ ਦੇ ਮਨ ਵਿਚ ਕੁੱਟ-ਕੁੱਟ ਕੇ ਕਾਫਰਾਂ ਪ੍ਰਤੀ ਨਫ਼ਰਤ ਭਰ ਦਿੱਤੀ ਸੀ। ਇਸ ਲਈ ਉਸ ਨੇ ਆਪਣੀ ਧਾਰਮਿਕ ਨੀਤੀ ਅਜਿਹੀ ਬਣਾਈ ਜਿਹੜੀ ਗੈਰ-ਮੁਸਲਿਮ ਧਰਮੀਆਂ ਲਈ ਸਮੱਸਿਆ ਬਣਨੀ ਹੀ ਸੀ ਅਤੇ ਇਸ ਗੱਲ ਦਾ ਪ੍ਰਗਟਾਵਾ ਉਸ ਨੇ ਖੁਦ ਆਪਣੀ ਸਵੈ-ਜੀਵਨੀ ਤੁਜ਼ਕੇ-ਜਹਾਂਗੀਰੀ ਵਿਚ ਕੀਤਾ ਹੋਇਆ ਹੈ। ਉਹ ਲਿਖਦਾ ਹੈ:

"ਗੋਇੰਦਵਾਲ ਜੋ ਬਿਆਸ ਦਰਿਆ ਦੇ ਕੰਢੇ ਤੇ ਹੈ ਪੀਰ ਦਾ ਭੇਸ ਧਾਰ ਕੇ ਅਰਜਨ ਮਲ ਨਾਂ ਦਾ ਇਕ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ- ਤਰੀਕਿਆਂ ਨਾਲ ਬਹੁਤ ਸਾਰੇ ਹਿੰਦੂਆਂ ਅਤੇ ਇਸਲਾਮ ਦੇ ਜਾਹਲ ਤੇ ਮੂਰਖ ਲੋਕਾਂ ਉਤੇ ਡੋਰੇ ਪਾ ਰੱਖੇ ਹਨ। ਉਸ ਨੇ ਮਹਾਨ ਅਧਿਆਤਮਕ ਅਤੇ ਸੰਸਾਰਿਕ ਨੇਤਾ ਹੋਣ ਦਾ ਢੌਂਗ ਰਚਾ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ ਅਤੇ ਹਰ ਪਾਸੇ ਤੋਂ ਮੂਰਖ ਲੋਕ ਉਸ ਦੀ ਪੂਜਾ ਕਰਨ ਲਈ ਆਉਂਦੇ ਹਨ ਤੇ ਉਸ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਤਿੰਨ ਜਾਂ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਝੂਠ ਦੀ ਦੁਕਾਨ ਸਰਗਰਮ ਹੈ। ਬਹੁਤ ਚਿਰ ਤੋਂ ਮੇਰੇ ਮਨ ਵਿੱਚ ਇਹ ਵਿਚਾਰ ਆ ਰਿਹਾ ਹੈ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਇਸਲਾਮ ਦੇ ਝੰਡੇ ਥੱਲੇ ਲੈ ਆਵਾਂ।"

ਉਪਰੋਕਤ ਤੋਂ ਸਪਸ਼ਟ ਹੈ ਕਿ ਗੁਰੂ ਜੀ ਦਾ ਰਸੂਖ਼ ਬਹੁਤ ਵਧ ਰਿਹਾ ਸੀ। ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸਿੱਖ ਬਣ ਰਹੇ ਸਨ। ਇਸਲਾਮੀ ਰਾਜ ਵਿਚ ਮੁਸਲਮਾਨ ਦਾ ਧਰਮ ਬਦਲਣਾ ਬਹੁਤ ਵੱਡਾ ਗੁਨਾਹ ਹੈ, ਇਹ ਗੁਨਾਹ ਭਾਵੇਂ ਛੋਟੇ ਪੈਮਾਨੇ 'ਤੇ ਹੋਵੇ, ਗੁਰੂ ਪਾਤਸ਼ਾਹ ਕਰ ਰਹੇ ਸਨ। ਇਸ ਕਰਕੇ ਜਹਾਂਗੀਰ ਇਸ 'ਦੁਕਾਨ' ਨੂੰ ਬੰਦ ਕਰਨਾ ਚਾਹੁੰਦਾ ਸੀ, ਉਹ ਕੇਵਲ ਗੁਰੂ ਅਰਜਨ ਜੀ ਨੂੰ ਹੀ ਘ੍ਰਿਣਾ ਨਹੀਂ ਸੀ ਕਰਦਾ, ਸਗੋਂ ਚਾਰ ਪੀੜੀਆਂ ਤੋਂ ਚਲੀ ਆ ਰਹੀ ਗੁਰ-ਗੱਦੀ ਨੂੰ ਵੀ 'ਝੂਠ ਦੀ ਦੁਕਾਨ' ਸਮਝਦਾ ਸੀ। ਪਰ ਉਸ ਨੇ ਆਪਣੀ ਇਹ ਰਾਏ ਮੁੱਲਾਂ- ਮੁਲਾਣਿਆਂ ਜਾਂ ਗੁਰੂ-ਨਿੰਦਕਾਂ ਤੋਂ ਸੁਣ-ਸੁਣ ਕੇ ਹੀ ਬਣਾਈ ਸੀ। ਉਹ ਇਨ੍ਹਾਂ ਦੀਆਂ ਗੱਲਾਂ ਵਿੱਚ ਆਉਣ ਕਾਰਨ ਅੱਗ-ਬਬੂਲਾ ਹੋਈ ਫਿਰਦਾ ਸੀ ਅਤੇ ਅਜਿਹੇ ਮੌਕੇ ਦੀ ਉਡੀਕ ਵਿਚ ਸੀ ਜਦੋਂ ਉਹ ਗੁਰੂ ਸਾਹਿਬ ਨੂੰ ਇਸ ਦੀ ਬਣੀ ਸਜ਼ਾ ਦੇ ਸਕੇ।

ਇਸਲਾਮ ਧਰਮ ਦੇ ਭਰਾਤਰੀ ਭਾਵ ਅਤੇ ਰੱਬੀ ਪਿਆਰ ਵਰਗੇ ਸੰਦੇਸ਼ ਜਦੋਂ ਇਸਲਾਮੀ ਕੱਟੜਤਾ ਦੀ ਭੇਟ ਚੜ੍ਹ ਗਏ ਤਾਂ ਇਸ ਦੇ ਵਿਰੋਧ ਵਿਚ ਸੂਫੀਵਾਦ ਨਾਂ ਦੀ ਇਕ ਲਹਿਰ ਚੱਲੀ, ਜਿਸ ਨੇ ਕੱਟੜਤਾ ਦੀ ਹਨ੍ਹੇਰੀ ਨੂੰ ਠੱਲ੍ਹ ਪਾਉਣ ਦਾ ਯਤਨ ਕੀਤਾ। ਇਸ ਲਹਿਰ ਦਾ ਬਾਨੀ ਅਬੂ ਹਾਸ਼ਮ ਕੂਫੀ ਸੀ ਜੋ ਕੂਫ ਸ਼ਹਿਰ ਦਾ ਵਸਨੀਕ ਸੀ। ਇਸ ਲਹਿਰ ਦੇ ਪੈਰੋਕਾਰ ਹਰ ਮਜ਼੍ਹਬ, ਹਰ ਬੰਦੇ ਵਿਚ ਅੱਲ੍ਹਾ ਦੇ ਦੀਦਾਰੇ ਕਰਦੇ। ਹਿੰਦੁਸਤਾਨ ਦੀ ਧਰਤੀ 'ਤੇ ਇਹ ਲਹਿਰ ਨੌਵੀਂ ਸਦੀ ਤਕ ਪਹੁੰਚੀ। ਪਰ ਇੱਥੇ ਪਹੁੰਚਣ ਤਕ ਇਹ ਲਹਿਰ ਕਈ ਹਿੱਸਿਆਂ ਵਿਚ ਵੰਡੀ ਗਈ ਸੀ। ਜਿਨ੍ਹਾਂ ਨੂੰ ਸਿਲਸਲੇ ਦਾ ਨਾਂ ਦਿੱਤਾ ਗਿਆ ਸੀ। ਇਨ੍ਹਾਂ ਵਿਚ ਪ੍ਰਮੁੱਖ ਸਿਲਸਿਲੇ ਸਨ ਸੁਹਰਾਵਰਦੀ, ਚਿਸ਼ਤੀ, ਕਾਦਰੀ ਅਤੇ ਨਕਸ਼ਬੰਦੀ। ਇਨ੍ਹਾਂ ਸਿਲਸਿਲਿਆਂ ਦੇ ਸਿੱਖ ਧਰਮ ਨਾਲ ਪਿਆਰ ਅਤੇ ਵਿਰੋਧ ਵਾਲੇ ਦੋਵੇਂ ਸਬੰਧ ਰਹੇ ਹਨ। ਚਿਸ਼ਤੀ ਸਿਲਸਿਲੇ ਦੇ ਦੈਵੀ ਫਕੀਰ ਬਾਬਾ ਫਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹਿੱਸਾ ਹੈ। ਕਾਦਰੀ ਸਿਲਸਿਲੇ ਦੇ ਫਕੀਰ ਸਾਈਂ ਮੀਆਂ ਮੀਰ ਨੇ ਗੁਰੂ ਪੰਚਮ ਪਾਤਸ਼ਾਹ ਦੇ ਹੁਕਮਾਂ ਨਾਲ ਹਰਿਮੰਦਰ ਸਾਹਿਬ ਦੀ ਨੀਂਹ ਹੀ ਨਹੀਂ ਸੀ ਰੱਖੀ ਸਗੋਂ ਜਹਾਂਗੀਰ ਦੁਆਰਾ ਸ੍ਰੀ ਗੁਰੂ ਅਰਜਨ ਪਾਤਸ਼ਾਹ 'ਤੇ ਕੀਤੇ ਜ਼ੁਲਮਾਂ ਕਰਕੇ ਉਸ ਨੂੰ ਹਮੇਸ਼ਾ ਹਮੇਸ਼ਾ ਲਈ ਦੁਰਕਾਰ ਵੀ ਦਿੱਤਾ ਸੀ। ਪਰ ਨਕਸ਼ਬੰਦੀ ਸਿਲਸਿਲੇ ਦਾ ਰੋਲ ਬਹੁਤ ਹੀ ਨਾਂਹ- ਪੱਖੀ ਸੀ ਅਤੇ ਇਸ ਸਿਲਸਿਲੇ ਨੇ ਪੰਚਮ ਪਾਤਸ਼ਾਹ ਹਜ਼ੂਰ ਅਤੇ ਨੌਵੇਂ ਪਾਤਸ਼ਾਹ ਹਜ਼ੂਰ ਦੀ ਸ਼ਹਾਦਤ ਲਈ ਅਹਿਮ ਭੂਮਿਕਾ ਨਿਭਾ ਕੇ ਸਿੱਖ ਇਤਿਹਾਸ ਵਿਚ ਆਪਣੇ-ਆਪ ਨੂੰ ਹਮੇਸ਼ਾ ਲਈ ਕਲੰਕਤ ਕਰ ਲਿਆ ਸੀ। ਸਮੁੱਚੀ ਸਿੱਖ ਕੌਮੀਅਤ ਅੱਜ ਬਾਬਾ ਫਰੀਦ ਅਤੇ ਸਾਈਂ ਮੀਆਂ ਮੀਰ ਨੂੰ ਨਤਮਸਤਕ ਕਰਦੀ ਹੈ ਪਰ ਨਕਸ਼- ਬੰਦੀ ਸਿਲਸਲੇ ਪ੍ਰਤੀ ਨਫਰਤ ਉਨ੍ਹਾਂ ਦੇ ਮਨ ਦਾ ਹਿੱਸਾ ਹੋ ਚੁੱਕੀ ਹੈ।

ਨਕਸ਼ਬੰਦੀ ਸਿਲਸਿਲੇ ਨੇ ਸੂਫੀਵਾਦ ਦੇ ਨਿਮਰਤਾ ਅਤੇ

**ਬਾਕੀ ਸਫ਼ਾ 28 'ਤੇ**




SAVE UPTO 24¢
PER GALLON ON DIESEL






**FUEL CARD**
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

**FACTORING**
Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers | TA TravelCenters of America | Loves Travel Stops & Country Stores



VERKA
Good food for life



# ਡਲਿਵਰੀ ਡਰਾਈਵਰ ਦੀ ਲੋੜ

ਕੁਆਲਿਟੀ ਪ੍ਰੋਡਕਟ ਇਸ ਵੇਲੇ ਬੇਅ ਏਰੀਆ (ਉੱਤਰੀ ਕੇਲੀਫੋਰਨੀਆ) 'ਚ ਡਲਿਵਰੀ ਡਰਾਈਵਰ ਦੀ ਜਾਬ ਲਈ ਅਰਜ਼ੀਆਂ ਮੰਗ ਰਿਹਾ ਹੈ। ਬੇਅ ਏਰੀਆ ਦੇ ਵਸਨੀਕਾਂ ਨੂੰ ਪਹਿਲ ਦਿੱਤੀ ਜਾਵੇਗੀ।

ਤਨਖ਼ਾਹ: 16 ਡਾਲਰ ਪ੍ਰਤੀ ਘੰਟਾ।
ਤਿੰਨ ਮਹੀਨਿਆਂ ਬਾਅਦ ਮੁੜ ਵਿਚਾਰ ਕੀਤੀ ਜਾਵੇਗੀ।
ਅਸੀਂ ਸਾਲ ਵਿੱਚ 7 ਦਿਨ ਦੀ ਪੇਡ ਸਿੱਕ ਲੀਵ ਦਿੰਦੇ ਹਾਂ।

**ਡਲਿਵਰੀ ਡਰਾਈਵਰ ਦੀਆਂ ਡਿਊਟੀਆਂ ਇਸ ਪ੍ਰਕਾਰ ਹੋਣਗੀਆਂ**

- ਵੇਅਰ ਹਾਊਸ ਦੇ ਕੰਮਕਾਰ ਵਿੱਚ ਹੱਥ ਵਟਾਉਣਾ, ਡਲਿਵਰੀਆਂ ਲੈਣ ਅਤੇ ਪ੍ਰਾਪਤ ਵਸਤਾਂ ਦੀ ਗਰੋਸਰੀ ਸਟੋਰਾਂ ਤੇ ਰੈਸਟੋਰੈਂਟਾਂ ਨੂੰ ਡਲਿਵਰੀ ਕਰਨੀ।
- ਉਮੀਦਵਾਰ ਅੰਗਰੇਜ਼ੀ, ਹਿੰਦੀ ਅਤੇ ਪੰਜਾਬੀ ਪੜ੍ਹ/ਲਿਖ/ਬੋਲ ਸਕਦਾ ਹੋਵੇ।
- ਵੈਲਿਡ ਡਰਾਈਵਿੰਗ ਲਾਇਸੈਂਸ, ਸਾਫ਼ ਡਰਾਈਵਿੰਗ ਹਿਸਟਰੀ, ਵੇਅਰਹਾਊਸ ਡਲਿਵਰੀ ਅਤੇ ਫੋਰਕਲਿਫਟ ਵਰਤਣੀ/ਚਲਾਉਣੀ ਜਾਣਦਾ ਹੋਵੇ।
- 20-30 ਪਾਊਂਡ ਭਾਰ ਚੁੱਕਣ/ਧਰਨ ਅਤੇ ਜ਼ਬਾਨੀ/ਲਿਖਤੀ ਡਾਇਰੈਕਸ਼ਨਾਂ ਸਮਝਣ ਦੇ ਕਾਬਲ ਹੋਵੇ।

For More information or to apply contact:
**Quality Products Inc.**
1850 S. 10th St. #22
San Jose, CA 95112
(408) 292-0500 | info@verkausa.com



**ਗੁਰਬਾਣੀ**
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

**ਪੰਜਾਬੀ ਗਾਣੇ**
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM



# Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

**SERVICES**
- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com



# KHALSA INSURANCE AGENCY, INC.

Khalsa Insurance Agency is among TOP 50 agencies




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
COVERED CALIFORNIA
AFFORDABLE CARE ACT
California Health Benefit Exchange
Your destination for affordable health care

Call Now for the Lowest Health Insurance Premiums available
Some Households qualify for FREE HEALTHCARE

408-272-2500

Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm,office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



Address: 27293 S Hillview St, Tracy, CA 95304-8154

**Listing Price: $929,900,**

Area: 1.0100Acres (43996 Lot SqFt Apprx)



Address: 20199 Wicklund Rd, Tracy, CA 95391

**Listing Price $1,250,000,**

Area: 10.5000 Acres (457380 Lot SqFt Apprx)



**Ranjit S Mangat**
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



# ਜ਼ਿੰਦਗੀ ਨੂੰ ਸੁਹਾਵਣੀ ਬਣਾਓ 'ਦ ਕੰਪਨੀ ਯੂ ਕੀਪ' ਦੇ ਨਾਲ!

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1,2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ: 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ!!





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders



Raja SWEETS & CATERING
AUTHORIZED CATERER FOR MAJOR 5-STAR HOTELS
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


BRIGHT BRAIN & JADOO TV
MANDEEP & KIM DEOL
DR.CHARANJIT UPPAL
BRIGHT BRAIN PRODUCTIONS
jadoo
PRESENTS
Anjaneyap
ANJANEYAP GLOBAL
TARESH ANAND
copyworld
AIR INDIA
A STAR ALLIANCE MEMBER
RADIO ZINDAGI
1170 AM
SAN FRANCISCO | SAN JOSE
RANJIT BAWA
ANMOL GAGAN MAAN
PUNJABI FOLK
MITTI DA BAWA &
PUNJABO LIVE
JUNE 22, 2018
8 PM | INDIA COMMUNITY CENTER | MILPITAS
PNG
verka
Raja SWEETS & CATERING
PARADISE PALACE
Frontier Spice
NEW YORK LIFE Khushwinder Singh
Young Explorers
DIVINE VASTU
REWA KUMAR
TRAVELOPOD
BEST AIRFARES & VACATIONS WORLDWIDE
NEW YORK LIFE Mandeep Bajwa 925-922-2043
CA Ins. Lic. # 0H91161
Kim Deol
510-760-0970
UPPAL DENTAL
CALIFORNIA IMMIGRATION SERVICES
ROSY KAUR : 408-422-8585
SUPPORTED BY :
Kash Fabrics | Khosla - Thal | Shiddartha Int | Legent Travels | Rajeev Sharda - New India Bazar
Goldy - Mountain Mike | Abidi Rajbanti | Kulvant Nijjar | Amit Ghambir | Dass Sweets
Sammy Bhardawaj - Arya Benquet Hall | Dr Singla | Jaspreet Singh - Attorney | Amenda Ahuja
Bunty and Monika Shera | Raj Pabla | Cougar Truck Lines | Mr Paul Rangoli Sweets
Neeru and Harpreet Lamba | Guru Saini | Inder Dosanjh | Khoobsurat Saree Palace | Shidartha Grocery
Amritsar Times | Punjab Mail | Sade lok | Punjabi Radio USA | Radio Mirchi
Tickets : $50, $75, $100, VIP
TICKETS AVAILABLE AT:
Ticketmaster.com | Sulekha.com | TicketHungama.com | Brightbrain.events
For more information Call :
JAI SINGH 510-677-2777 • Kim Deol 510-760-0970
Dr. Uppal 510-432-2375 • Mandeep Bajwa 925-922-2043


First Punjabi Channel to go HD Worldwide
jus punjabi HD
IS NOW
HD
HIGH DEFINITION
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com

# ਰਣਜੀਤ ਬਾਵਾ ਤੇ ਅਨਮੋਲ ਗਗਨ ਮਾਨ, ਮਿਲਪੀਟਸ ਦੇ ਪੰਜਾਬੀ ਫੋਕ ਸ਼ੋਅ 'ਚ 22 ਜੂਨ ਨੂੰ ਲਾਉਣਗੇ ਰੌਣਕਾਂ







**ਸੈਨ ਹੋਜ਼ੇ/ਬਿਊਰੋ ਨਿਊਜ਼:**
ਉੱਘੇ ਪੰਜਾਬੀ ਗਾਇਕ ਤੇ ਖਿੰਦੋ ਖੂੰਡੀ ਫਿਲਮ ਦੇ ਨਾਇਕ ਰਣਜੀਤ ਬਾਵਾ, ਅਨਮੋਲ ਗਗਨ ਮਾਨ ਤੇ ਸਾਥੀ ਗਾਇਕ ਕਲਾਕਾਰਾਂ ਦੇ 22 ਜੂਨ 2018 ਨੂੰ ਮਿਲਪੀਟਸ ਵਿੱਚ ਕਰਵਾਏ ਜਾਣ ਵਾਲੇ ਪੰਜਾਬੀ ਫੋਕ ਸ਼ੋਅ (ਮਿੱਟੀ ਦਾ ਬਾਵਾ ਤੇ ਪੰਜਾਬੀ ਲਾਈਵ) ਲਈ ਦਰਸ਼ਕਾਂ ਤੇ ਸਰੋਤਿਆਂ ਵਿੱਚ ਭਾਰੀ ਉੱਤਸ਼ਾਹ ਪਾਇਆ ਜਾ ਰਿਹਾ ਹੈ। ਬਰਾਈਟ ਬਰੇਨ ਐਂਡ ਜਾਦੂ ਟੀਵੀ, ਮਨਦੀਪ ਤੇ ਕਿਮ ਦਿਓਲ ਤੇ ਚਰਨਜੀਤ ਉੱਪਲ ਦੀ ਤਰਫੋਂ ਪੰਜਾਬੀ ਗਾਇਕੀ ਦਾ ਇਹ ਰੰਗਾ ਰੰਗ ਪ੍ਰੋਗਰਾਮ 22 ਜੂਨ ਸ਼ੁਕਰਵਾਰ ਨੂੰ ਸ਼ਾਮੀਂ 8:00 ਵਜੇ ਤੋਂ ਦੇਰ ਰਾਤੀਂ ਇੰਡੀਆ ਕਮਿਊਨਿਟੀ ਸੈਂਟਰ ਮਿਲਪੀਟਸ ਵਿਖੇ ਕਰਵਾਇਆ ਜਾਣਾ ਹੈ।
ਪ੍ਰੋਗਰਾਮ ਲਈ ਟਿਕਟਾਂ ਇਸ ਤਰ੍ਹਾਂ ਹਨ: $50, $75, $100 ਤੋਂ ਇਲਾਵਾ VIP
ਆਨ ਲਾਇਨ ਟਿਕਟਾਂ ਖਰੀਦਣ ਲਈ :
Ticketmaster.com,
Sulekha.com,
TicketHungama.com,
Brightbrain.cvents
ਹੋਰ ਜਾਣਕਾਰੀ ਲਈ ਸੰਪਰਕ ਕਰੋ:
ਜੈ ਸਿੰਘ-510-677-2777
ਕਿਮ ਦਿਓਲ : 510-760-0970
ਡਾ.ਉਪਲ: 510-432-2375
ਮਨਦੀਪ ਬਾਜਵਾ : 925-922-2043

### ਵੱਖ ਵੱਖ ਸ਼ਹਿਰਾਂ ਵਿੱਚ ਹੋਣ ਵਾਲੇ ਇਨ੍ਹਾਂ ਸ਼ੋਆਂ ਦਾ ਵੇਰਵਾ ਇਸ ਤਰ੍ਹਾਂ ਹੈ

- 22 ਜੂਨ : ਇੰਡੀਆ ਕਮਿਊਨਿਟੀ ਸੈਂਟਰ ਮਿਲਪੀਟਸ
- 23 ਜੂਨ : ਬਰਬੈਂਕ ਹਾਈ ਸਕੂਲ ਸੈਕਰਾਮੈਂਟੋ
- 24 ਜੂਨ : ਗੁਨੀਤ LA ਲਾਸ ਏਂਜਲਸ
- 27 ਜੂਨ : ਡੈਨਵਰ
- 29 ਜੂਨ : ਫਰੈਜ਼ਨੋਂ (ਸ਼ੋਅ ਆਰਗੇਨਾਈਜ਼ਰ ਬਰਾਈਟ ਬਰੇਨ ਪ੍ਰੋਡੱਕਸ਼ਨਜ਼)



ਜਥੇਦਾਰ ਸੁਖਦੇਵ ਸਿੰਘ ਭੌਰ ਸਾਬਕਾ ਪ੍ਰਧਾਨ ਤੇ ਜਨਰਲ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਿਹੜੇ ਅੱਜ ਕਲ੍ਹ ਆਪਣੀ ਪ੍ਰਵਾਰਕ ਫੇਰੀ ਹਿਤ ਕੈਲੇਫੋਰਨੀਆਂ ਪਹੁੰਚੇ ਹੋਏ ਹਨ, ਉਨ੍ਹਾਂ ਨਾਲ 18 ਜੂਨ ਤੱਕ ਸੰਪਰਕ ਨੰਬਰ 530-407-4406
ਫੋਟੋ ਤੇ ਵੇਰਵਾ : ਤਰਲੋਚਨ ਸਿੰਘ ਦੁਪਾਲ ਪੁਰ



# ਖਾਲਸਾ ਰਾਜ ਦੀ ਉਸਾਰੀ ਲਈ ਅਹਿਮ ਯੋਗਦਾਨ ਨਿਭਾਇਆ ਸਿੱਖ ਮਿਸਲਾਂ ਨੇ

**ਜਸਪ੍ਰੀਤ ਕੌਰ**

> **ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖਾਂ ਦੇ ਰਾਜਨੀਤਕ ਤੇ ਸਾਮਾਜਿਕ ਨੈਤਿਕਤਾ ਵਿਚ ਪਰਜਾਤੰਤਰ ਤੇ ਗਣਤੰਤਰ ਦੇ ਸਿਧਾਂਤਾਂ ਦਾ ਰੰਗ ਗੂੜ੍ਹਾ ਸੀ। ਸਰਦਾਰ ਆਪਣੀ ਮਰਜ਼ੀ ਨਾਲ ਕੋਈ ਫ਼ੈਸਲਾ ਨਹੀਂ ਸੀ ਕਰਦੇ ਤੇ ਸਿੱਖਾਂ ਨੂੰ ਵਿਚਾਰ-ਵਟਾਂਦਰਾ ਕਰਨ ਲਈ ਬੁਲਾਇਆ ਜਾਂਦਾ ਸੀ ਤੇ ਉਹ ਆਪਣੇ ਵਿਚਾਰ ਅਜ਼ਾਦੀ ਨਾਲ ਦੱਸ ਸਕਦੇ ਸਨ। ਮਿਸਲ ਸੰਸਥਾ ਅਸਲ ਵਿਚ ਸਿੱਖ ਪੰਥ ਦੀ ਲੋਕਤੰਤਰ ਸੰਸਥਾ ਸੀ। ਇਹ ਗੁਰਬਾਣੀ ਦੇ ਨਿਯਮਾਂ ਉੱਪਰ ਆਧਾਰਿਤ ਸੀ, ਜੋ ਗੁਰੂ ਸਾਹਿਬ ਨੇ ਹੁਕਮ ਦਿੱਤੇ ਸਨ। ਇਨਾਂ ਮਿਸਲਾਂ ਲਈ ਅਕਾਲ ਪੁਰਖ ਸੁਪਰੀਮ ਸੀ, ਇਸ ਲਈ ਉਹ ਗੁਰਮਤਿਆਂ ਰਾਹੀਂ ਅਕਾਲ ਤਖ਼ਤ ਸਾਹਿਬ ਦੀ ਛੱਤਰ ਛਾਇਆ ਅਧੀਨ ਸਾਂਝੇ ਫੈਸਲੇ ਕਰਦੇ ਸਨ।**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਿਖ ਲਹਿਰ ਸਿੱਧੇ ਰੂਪ ਵਿਚ ਰਾਜਨੀਤਕ ਤੇ ਸਾਮਾਜਿਕ ਸੰਗਠਨ ਦੇ ਤੌਰ 'ਤੇ ਵਿਚਰਨ ਲੱਗੀ ਸੀ। ਸਿੱਖਾਂ ਦੇ ਕਈ ਛੋਟੇ-ਛੋਟੇ ਸੰਗਠਿਤ ਬਣ ਗਏ ਸਨ, ਜਿਨ੍ਹਾਂ ਨੇ ਬਾਅਦ ਵਿਚ ਵਿਸ਼ਾਲ ਸਿਖ ਰਾਜ ਲਈ ਬੀਜ ਰੂਪੀ ਕੰਮ ਕੀਤਾ ਸੀ। 1758 ਈ. ਵਿਚ ਅਦੀਨਾ ਬੇਗ ਦੀ ਮੌਤ ਨਾਲ ਸਿਖ ਸਰਦਾਰਾਂ ਨੇ ਅਜ਼ਾਦੀ ਪ੍ਰਾਪਤ ਕਰਨ ਦਾ ਫ਼ੈਸਲਾ ਕਰ ਲਿਆ। ਭਾਵੇਂ ਇਸ ਗੱਲ ਦਾ ਉਹਨਾਂ ਨੂੰ ਗਿਆਨ ਸੀ ਕਿ ਇਸ ਨੂੰ ਅਹਿਮਦਸ਼ਾਹ ਅਬਦਾਲੀ ਇੱਕ ਚੁਣੌਤੀ ਸਮਝੇਗਾ ਤੇ ਹੋਰ ਜ਼ੋਰਦਾਰ ਹਮਲਾ ਕਰੇਗਾ। ਹੁਣ ਸਿਖ ਪੰਜਾਬ ਵਿਚ ਪ੍ਰਭੂਸੱਤਾ ਪ੍ਰਾਪਤ ਕਰਨ ਦੇ ਅਤਿਅੰਤ ਨੇੜੇ ਸਨ ਤੇ ਉਹਨਾਂ ਨੂੰ ਆਪਣੇ ਸੁਪਨੇ ਨੂੰ ਅਮਲੀ ਜਾਮਾ ਪਹਿਨਾਉਣ ਵਿਚ ਬਹੁਤੀ ਦੇਰ ਨਹੀਂ ਲੱਗੀ। ਬਹੁਤ ਸਾਰੇ ਸਰਦਾਰਾਂ ਨੇ ਨਵੇਂ ਮਿਲੇ ਇਲਾਕਿਆਂ ਵਿਚ ਆਪਣੀਆਂ ਸਰਕਾਰਾਂ ਕਾਇਮ ਕਰ ਲਈਆਂ ਸਨ। ਭਾਵੇਂ ਸਿਖ ਮਿਸਲਾਂ ਦਾ ਰਾਜ ਪ੍ਰਬੰਧ ਅਮਲੀ ਰੂਪ ਵਿਚ ਕਿਸੇ ਨਿਸ਼ਚਿਤ ਸ਼ਾਸਨ ਪ੍ਰਣਾਲੀ ਅਨੁਸਾਰ ਨਹੀਂ ਕੀਤਾ ਗਿਆ ਸੀ ਪਰ ਵੱਖ-ਵੱਖ ਸਰਦਾਰਾਂ ਨੇ ਰਾਜ ਪ੍ਰਬੰਧ ਚਲਾਉਣ ਲਈ ਆਪਣੇ-ਆਪਣੇ ਨਿਯਮ ਬਣਾ ਲਏ ਹੋਏ ਸਨ ਜੋ ਹਾਲਾਤ ਅਨੁਸਾਰ ਉਹਨਾਂ ਨੂੰ ਠੀਕ ਪ੍ਰਤੀਤ ਹੁੰਦੇ ਸਨ। ਇਨ੍ਹਾਂ ਸਰਦਾਰਾਂ ਪਾਸੋਂ ਇਕਦਮ ਮਜ਼ਬੂਤ ਸਰਕਾਰ ਦੀ ਕਾਮਨਾ ਬੇਅਰਥ ਸੀ, ਕਿਉਂਕਿ ਇਨ੍ਹਾਂ ਨੇ ਅੱਧੀ ਸਦੀ ਦੇ ਸੰਘਰਸ਼ ਉਪਰੰਤ ਪ੍ਰਬੰਧਕੀ ਸੱਤਾ ਸੰਭਾਲੀ ਸੀ। ਜਿਸ ਤਰ੍ਹਾਂ ਦੀਆਂ ਸਰਕਾਰਾਂ ਇਹਨਾਂ ਨੇ ਕਾਇਮ ਕੀਤੀਆਂ ਸਨ, ਉਹਨਾਂ ਬਾਰੇ ਇਤਿਹਾਸਕਾਰਾਂ ਦੇ ਵਿਚਾਰ ਵੱਖ-ਵੱਖ ਹਨ। ਕਨਿੰਘਮ ਅਨੁਸਾਰ, "ਮਿਸਲ ਸੰਗਠਨ ਧਰਮਤੰਤਰੀ, ਸੰਘੀ ਤੇ ਜਾਗੀਰਦਾਰੀ ਸੀ" ਇਹ ਸੰਗਠਨ ਧਰਮਤੰਤਰੀ ਸੀ, ਕਿਉਂਕਿ ਧਰਮਤੰਤਰੀ ਰਾਜ ਦੀ ਪ੍ਰਭੂਸੱਤਾ ਅਕਾਲ ਪੁਰਖ ਅਧੀਨ ਮੰਨੀ ਜਾਂਦੀ ਸੀ ਤੇ ਰਾਜ ਦੇ ਕਾਨੂੰਨ ਨੂੰ ਮਨੁੱਖੀ ਹੁਕਮ ਦੀ ਬਜਾਇ ਦੈਵੀ-ਹੁਕਮ ਮੰਨਿਆ ਜਾਂਦਾ ਸੀ। ਕਨਿੰਘਮ ਦੇ ਸ਼ਬਦਾਂ ਵਿਚ ਮਿਸਲਾਂ ਦਾ ਸੰਗਠਨ ਧਾਰਮਿਕ ਸੀ, ਕਿਉਂਕਿ ਕੇਵਲ ਪਰਮਾਤਮਾ ਉਹਨਾਂ ਦਾ ਮਦਦਗਾਰ ਸੀ ਤੇ ਨਿਆਂ ਕਰਨ ਵਾਲਾ ਸੀ।

ਇਸ ਸੰਪ੍ਰਦਾਇ ਦਾ ਉਦੇਸ਼ ਯੁੱਧ ਲਈ ਹਰ ਵੇਲੇ ਤਿਆਰ ਰਹਿ ਕੇ ਤਿਆਰ ਬਰ ਤਿਆਰ ਰਹਿਣਾ



ਸੀ। ਇਹ ਸੰਘੀ ਇਸ ਲਈ ਸੀ, ਕਿਉਂਕਿ "ਹਰ ਸਾਲ ਸਰਬੱਤ ਖ਼ਾਲਸਾ ਸਾਲ ਵਿਚ ਘੱਟੋ ਘੱਟ ਇਕ ਵਾਰ ਅੰਮ੍ਰਿਤਸਰ ਵਿਖੇ ਇਕੱਤਰ ਹੁੰਦਾ ਸੀ। ਸ਼ਾਇਦ ਇਹ ਆਸ ਕੀਤੀ ਜਾਂਦੀ ਸੀ ਕਿ ਉਹ ਧਾਰਮਿਕ ਪੂਜਾ ਕਰਨ ਲਈ ਅਤੇ ਇਸ ਅਤਿ ਪਵਿੱਤਰ ਸਥਾਨ ਲਈ ਸਤਿਕਾਰ ਪੈਦਾ ਕਰਨ ਲਈ ਸਵਾਰਥੀ ਹਿੱਤਾਂ ਦਾ ਤਿਆਗ ਕਰਕੇ ਸਰਬੱਤ ਦੀ ਭਲਾਈ ਲਈ ਕਾਰਜ ਕਰਨ। ਉਹ ਇਕੱਤਰ ਹੋ ਕੇ ਆਪਣੇ ਗੁਰੂ ਪਾਸੋਂ ਸੂਝ ਪ੍ਰਾਪਤ ਕਰਨ ਲਈ ਅਰਦਾਸ ਕਰਦੇ ਸਨ ਤੇ ਉਸ ਵਾਅਦੇ 'ਤੇ ਕਾਇਮ ਰਹਿੰਦੇ ਸਨ ਜੋ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕਰਦੇ ਸਨ"। "ਇਹ ਸੰਗਠਨ ਜਾਗੀਰਦਾਰੀ ਜਾਂ ਸਾਮੰਤਵਾਦੀ ਇਸ ਲਈ ਸੀ ਕਿ ਵੱਖ-ਵੱਖ ਮਿਸਲਾਂ ਦੇ ਨੇਤਾ ਜਿੱਤੇ ਹੋਏ ਪ੍ਰਦੇਸ਼ਾਂ ਅਤੇ ਲੁੱਟਮਾਰ ਵਿਚ ਪ੍ਰਾਪਤ ਕੀਤੇ ਸਾਮਾਨ ਨੂੰ ਆਪਸ ਵਿਚ ਬਰਾਬਰ ਵੰਡ ਲੈਂਦੇ ਸਨ। ਇਸ ਪਿੱਛੋਂ ਮਿਸਲ ਦਾ ਨੇਤਾ ਆਪਣੇ ਹਿੱਸੇ ਨੂੰ ਆਪਣੇ ਅਧੀਨ ਸਰਦਾਰਾਂ ਵਿਚ ਵੰਡ ਲੈਂਦਾ ਸੀ ਤੇ ਫਿਰ ਹਰ ਇਕ ਸਰਦਾਰ ਆਪਣੇ ਹਿੱਸੇ ਦਾ ਕੁਝ ਭਾਗ ਆਪਣੇ ਅਧੀਨ ਫ਼ੌਜੀਆਂ ਵਿਚ ਵੰਡ ਦਿੰਦਾ ਸੀ।"

ਮੈਲਕੋਮ ਦਾ ਵਿਚਾਰ ਹੈ ਕਿ ਸਿੱਖਾਂ ਦੀ ਸਰਕਾਰ ਧਾਰਮਿਕ ਸੀ ਤੇ "ਮੁਖੀ ਸਰਦਾਰ, ਖਾਲਸਾ ਜਾਂ ਅਕਾਲ ਪੁਰਖ ਜਾਂ ਸੇਵਕ ਮੰਨ ਕੇ ਸੱਤਾ ਗ੍ਰਹਿਣ ਕਰੀ ਰੱਖਦਾ ਸੀ। ਰਾਸ਼ਟਰੀ ਕੌਂਸਲ ਹਮੇਸ਼ਾਂ ਅਕਾਲ ਪੁਰਖ ਦੀ ਨਿਗਰਾਨੀ ਅਧੀਨ ਪ੍ਰੇਰਣਾ ਲੈ ਕੇ ਕਾਰਜ ਕਰਦੀ ਸੀ, ਜਿਸ ਨੂੰ ਉਹ ਹਮੇਸ਼ਾਂ ਉਹਨਾਂ ਦੇ ਹਰ ਕਰਮ ਨੂੰ ਦੇਖਣ ਵਾਲਾ ਮੰਨਦੇ ਸਨ।"

ਸਾਰੀਆਂ ਮਿਸਲਾਂ ਦੇ ਨੇਤਾ ਖਾਲਸਾ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਉੱਤੇ ਉਹਨਾਂ ਨੂੰ ਪੂਰਨ ਤੇ ਅਟੱਲ ਵਿਸ਼ਵਾਸ ਸੀ। ਉਹ ਧਰਮ ਦੇ ਨਾਂ 'ਤੇ ਇਕੱਠੇ ਹੋ ਜਾਂਦੇ ਸਨ ਤੇ ਧਾਰਮਿਕ ਭਾਵਨਾਵਾਂ ਅਧੀਨ ਬੜੇ ਜੋਸ਼ ਤੇ ਉਤਸ਼ਾਹ ਨਾਲ ਵੈਰੀਆਂ ਨਾਲ ਲੜਦੇ ਸਨ। ਵਿਦੇਸ਼ੀ ਯਾਤਰੂਆਂ ਤੇ ਇਤਿਹਾਸਕਾਰਾਂ ਵਿੱਚੋਂ ਬਹੁਤਿਆਂ ਨੇ ਸਿਖ ਮਿਸਲਾਂ ਦੇ ਸਮੇਂ ਸਿਖ ਪ੍ਰਸ਼ਾਸਨ ਪ੍ਰਣਾਲੀ ਵਿਚ ਪਰਜਾਤੰਤਰ ਦੇ ਮੁੱਖ ਤੱਤਾਂ ਬਾਰੇ ਵਿਸ਼ੇਸ਼ ਕਰਕੇ ਲਿਖਿਆ ਹੈ।

ਪੋਲੀਅਰ ਅਨੁਸਾਰ ਸਿਖ ਮਿਸਲਾਂ ਦੀ ਸ਼ਾਸਨ ਪ੍ਰਣਾਲੀ ਵੱਡੇ-ਵੱਡੇ ਸਰਦਾਰਾਂ ਦਾਂ ਸਰਦਾਰਸ਼ਾਹੀ ਲੋਕਤੰਤਰ ਦੀ ਸੀ। ਉਹ ਅੱਗੇ ਲਿਖਦਾ ਹੈ ਕਿ "ਉਹਨਾਂ (ਸਿਖਾਂ) ਨੇ ਇਕ ਤਰ੍ਹਾਂ ਦਾ ਗਣਤੰਤਰ ਸਥਾਪਿਤ ਕਰ ਲਿਆ ਸੀ ਤੇ ਕੁਝ ਸਾਲਾਂ ਦੇ ਸਮੇਂ ਵਿਚ ਉਹਨਾਂ ਨੇ ਲਾਹੌਰ ਤੇ ਮੁਲਤਾਨ ਸੂਬੇ ਦੀ ਪੂਰੀ ਸਰਕਾਰ ਬਣਾ ਲਈ ਸੀ।" ਗੋਰਡਨ ਦੇ ਸ਼ਬਦਾਂ ਵਿਚ ਇਹ ਸਰਦਾਰ, ਮਿਸਲਾਂ ਉੱਪਰ ਪੂਰਨ ਅਧਿਕਾਰਾਂ ਦਾ ਪ੍ਰਯੋਗ ਨਹੀਂ ਸਨ ਕਰਦੇ ਜਿਹਨਾਂ ਦਾ ਵਿਧਾਨ ਲੋਕਤੰਤਰੀ ਸੀ ਤੇ ਮੁਖੀ ਦੇ ਅਧਿਕਾਰ ਸੀਮਾਬੱਧ ਸਨ। ਉਹ ਅੱਗੇ ਜਾ ਕੇ ਲਿਖਦਾ ਹੈ ਕਿ ਸਰਦਾਰ ਤੇ ਉਸ ਦੇ ਬੰਦੇ ਬਰਾਬਰੀ ਦੇ ਭਾਵ ਨਾਲ ਇਕੱਠੇ ਬੈਠ ਕੇ ਖਾਂਦੇ ਪੀਂਦੇ ਸਨ। ਗੋਰਡਨ ਮਿਸਲ ਸੰਗਠਨ ਨੂੰ ਲੋਕਤੰਤਰੀ ਸਿਧਾਂਤਾਂ 'ਤੇ ਆਧਾਰਿਤ ਜਥੇਬੰਦਕ ਰਾਜ ਆਖਦਾ ਹੈ। ਫੋਰਸਟਰ ਜੋ ਸਿੱਖਾਂ ਬਾਰੇ ਅਠਾਰ੍ਹਵੀਂ ਸਦੀ ਦੇ 8ਵੇਂ ਦਹਾਕੇ ਦੇ ਆਰੰਭ ਵਿਚ ਲਿਖਦਾ ਹੈ ਕਿ ਸਿੱਖ ਸਰਕਾਰ ਲਈ ਪਰਿਭਾਸ਼ਿਕ ਸ਼ਬਦ ਦਾ ਪ੍ਰਯੋਗ ਕਰਨ। ਮੇਰੇ ਲਈ ਔਖਾ ਹੈ ਕਿਉਂਕਿ ਪਹਿਲੀ ਨਜ਼ਰੇ ਇਹ ਕੁਲੀਨਤੰਤਰ ਜਾਪਦੀ ਹੈ ਪਰ ਨੇੜੇ ਤੋਂ ਨਿਰੀਖਣ ਕਰਨ ਤੋਂ ਇਸ ਦੇ ਕਈ ਬੜੇ ਲੋਕਪ੍ਰਿਯ ਹਿੱਸੇ ਸਨ। ਰਾਜ ਦੇ ਕਿਸੇ ਵਿਅਕਤੀ ਤੇ ਵਿਸ਼ੇਸ਼ ਨੂੰ ਸਨਮਾਨਾਰਥ ਮਰਤਬਾ ਨਹੀਂ ਪਰਦਾਨ ਕੀਤਾ ਜਾਂਦਾ। ਗ਼ੈਰ ਫ਼ੌਜੀ ਸਮਾਨ ਵਿਚ ਬਰਾਬਰੀ ਰੱਖੀ ਜਾਂਦੀ ਹੈ ਜਿਸ ਨੂੰ ਲੋਕਾਂ ਦਾ ਵਰਗ ਭਾਵੇਂ ਉਹ ਕਿੰਨਾ ਅਮੀਰ ਹੋਵੇ, ਤੋੜ ਨਹੀਂ ਸਕਦਾ। ਜਦੋਂ ਸਰਬੱਤ



ਖਾਲਸਾ ਦੀ ਇਕੱਤਰਤਾ ਬੁਲਾਈ ਜਾਂਦੀ, ਜਿਸ ਵਿਚ ਜ਼ਿਆਦਾ ਫ਼ੌਜ ਹੀ ਹੁੰਦੀ ਤਾਂ ਹਰ ਮੈਂਬਰ ਨੂੰ ਆਪਣਾ ਵਿਚਾਰ ਪੇਸ਼ ਕਰਨ ਦਾ ਅਧਿਕਾਰ ਸੀ ਤੇ ਵਿਚਾਰ ਵਟਾਂਦਰੇ ਨਾਲ ਬਹੁ-ਗਿਣਤੀ ਫ਼ੈਸਲੇ ਕਰਦੀ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਦਾਰ ਦੀ ਸਥਿਤੀ ਉਸ ਹੇਠ ਕੰਮ ਕਰਨ ਵਾਲਿਆਂ ਦੇ ਮੁਕਾਬਲੇ ਚੰਗੇਰੀ ਹੁੰਦੀ ਸੀ ਪਰ ਜੇਕਰ ਉਸ ਦੇ ਪੈਰੋਕਾਰ ਆਪਣੇ ਆਗੂ ਤੋਂ ਅਸੰਤੁਸ਼ਟ ਹੁੰਦੇ ਸਨ ਤਾਂ ਉਹਨਾਂ ਨੂੰ ਅਧਿਕਾਰ ਪ੍ਰਾਪਤ ਸੀ ਕਿ ਉਸ ਨੂੰ ਛੱਡ ਕੇ ਹੋਰ ਜਿਹੜੇ ਮਰਜ਼ੀ ਸਰਦਾਰ ਪਾਸ ਚਲੇ ਜਾਣ ਤੇ ਆਪਣੀਆਂ ਸੇਵਾਵਾਂ ਪੇਸ਼ ਕਰਨ। ਇਹ ਸਭ ਤੋਂ ਵੱਡਾ ਪਰਜਾਤੰਤਰੀ ਅਧਿਕਾਰ ਸੀ, ਜਿਸ ਨੂੰ ਹੋਰ ਸਰਦਾਰ ਦੇ ਪੈਰੋਕਾਰ ਵਰਤ ਸਕਦੇ ਸਨ।

ਜੌਰਜ ਕੈਂਪਬੈਲ ਨੇ ਮਿਸਲ ਸੰਗਠਨ ਤੇ ਇਸ ਦੀ ਸਰਕਾਰ ਦੇ ਸਰੂਪ ਬਾਰੇ ਬੜੀ ਕੀਮਤੀ ਸੂਚਨਾ ਦਿੱਤੀ ਹੈ। ਉਹ ਲਿਖਦਾ ਹੈ ਕਿ ਸਿੱਖ ਪ੍ਰਣਾਲੀ ਕਮਾਲ ਦੀ ਹੈ ਜਿਸ ਵਿਚੋਂ ਜਰਮਨੀ ਪ੍ਰਣਾਲੀ ਨਿਕਲੀ। ਉਹਨਾਂ ਨੇ ਮਿਸਲਾਂ ਜਾਂ ਫ਼ੌਜੀ ਸੰਗਠਨ ਬਣਾਏ। ਹਰ ਮਿਸਲ ਨੇ ਆਪਣੇ ਸਰਵਉੱਚ ਸਰਦਾਰ ਤੇ ਉਪ-ਸਰਦਾਰੀ ਚੁਣੇ। ਮਿਸਲਾਂ ਇਕੱਠੀਆਂ ਹੋ ਕੇ ਖਾਲਸਾ ਜਾਂ ਸਿੱਖ ਕਾਮਨਵੈਲਥ ਬਣਿਆ। ਜਰਮਨ ਵਿਚ ਵੀ ਅਜਿਹਾ ਰੁਝਾਨ ਸੀ। ਸਰਵਉੱਚ ਮੁਖੀ ਨੂੰ ਚੁਣਿਆ ਜਾਂਦਾ ਜਿਸ ਪਾਸ ਬੜੀ ਥੋੜ੍ਹੀ ਜਿਹੀ ਸ਼ਕਤੀ ਹੁੰਦੀ ਸੀ ਅਤੇ ਉਹ ਸਥਾਨ ਖਾਨਦਾਨੀ ਨਹੀਂ ਸੀ। ਪਰ ਹੌਲੀ-ਹੌਲੀ ਮਿਸਲਾਂ ਦੇ ਮੁਖੀਆਂ ਤੇ ਛੋਟੇ ਸਰਦਾਰਾਂ ਨੇ ਖਾਨਦਾਨੀ ਰੂਪ ਧਾਰਨ ਕਰ ਲਿਆ ਜਿਵੇਂ ਯੂਰਪ ਵਿਚ ਡਿਊਕਜ਼ ਤੇ ਸ਼ੈਨਰਜ ਬਣ ਗਏ ਸਨ।

ਇੱਬਸਟਨ ਦੇ ਵਿਚਾਰ ਅਨੁਸਾਰ ਸਿੱਖ ਮਿਸਲਾਂ ਦਾ ਸੰਗਠਨ ਧਰਮਤੰਤਰ, ਪਰਜਾਤੰਤਰ ਤੇ ਨਿਰੰਕੁਸ਼ਤਾ ਦਾ ਵਚਿੱਤਰ ਸੁਮੇਲ ਸੀ। ਇਹ ਧਰਮਤੰਤਰ ਇਸ ਲਈ ਸੀ ਕਿ ਸਿੱਖ ਸਿਪਾਹੀ ਤੇ ਸਰਦਾਰ ਗੁਰੂ ਦੀ ਖ਼ਾਤਰ ਲੜਦੇ ਸਨ ਤੇ ਅੰਮ੍ਰਿਤਸਰ ਵਿਚ ਇਕੱਠੇ ਮਿਲ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਭ ਮਹੱਤਵਪੂਰਨ ਮੁਆਮਲਿਆਂ ਦੇ ਫ਼ੈਸਲੇ ਕਰਦੇ ਸਨ ਜੋ ਗੁਰੂ ਦੇ ਫ਼ੈਸਲੇ ਮੰਨੇ ਜਾਂਦੇ ਸਨ। ਮਿਸਲਾਂ ਦੇ ਸੰਗਠਨ ਵਿਚ ਪਰਜਾਤੰਤਰ ਦਾ ਅੰਸ਼ ਸੀ, ਕਿਉਂਕਿ ਕੇਵਲ ਮਿਸਲਾਂ ਦੇ ਨੇਤਾ ਹੀ ਇੱਕ ਦੂਜੇ ਦੇ ਬਰਾਬਰ ਸਮਝੇ ਨਹੀਂ ਜਾਂਦੇ ਸਨ, ਸਗੋਂ ਮਿਸਲ ਦੇ ਸਾਰੇ ਮੈਂਬਰ ਵੀ ਬਰਾਬਰ ਸਮਝੇ ਜਾਂਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖਾਂ ਦੇ ਰਾਜਨੀਤਕ ਤੇ ਸਾਮਾਜਿਕ ਨੈਤਿਕਤਾ ਵਿਚ ਪਰਜਾਤੰਤਰ ਤੇ ਗਣਤੰਤਰ ਦੇ ਸਿਧਾਂਤਾਂ ਦਾ ਰੰਗ ਗੂੜ੍ਹਾ ਸੀ। ਸਰਦਾਰ ਆਪਣੀ ਮਰਜ਼ੀ ਨਾਲ ਕੋਈ ਫ਼ੈਸਲਾ ਨਹੀਂ ਸੀ ਕਰਦੇ ਤੇ ਸਿੱਖਾਂ ਨੂੰ ਵਿਚਾਰ-ਵਟਾਂਦਰਾ ਕਰਨ ਲਈ ਬੁਲਾਇਆ ਜਾਂਦਾ ਸੀ ਤੇ ਉਹ ਆਪਣੇ ਵਿਚਾਰ ਅਜ਼ਾਦੀ ਨਾਲ ਦੱਸ ਸਕਦੇ ਸਨ। ਮਿਸਲ ਸੰਸਥਾ ਅਸਲ ਵਿਚ ਸਿੱਖ ਪੰਥ ਦੀ ਲੋਕਤੰਤਰ ਸੰਸਥਾ ਸੀ। ਇਹ ਗੁਰਬਾਣੀ ਦੇ ਨਿਯਮਾਂ ਉੱਪਰ ਆਧਾਰਿਤ ਸੀ, ਜੋ ਗੁਰੂ ਸਾਹਿਬ ਨੇ ਹੁਕਮ ਦਿੱਤੇ ਸਨ। ਇਨ੍ਹਾਂ ਮਿਸਲਾਂ ਲਈ ਅਕਾਲ ਪੁਰਖ ਸੁਪਰੀਮ ਸੀ, ਇਸ ਲਈ ਉਹ ਗੁਰਮਤਿਆਂ ਰਾਹੀਂ ਅਕਾਲ ਤਖ਼ਤ ਸਾਹਿਬ ਦੀ ਛੱਤਰ ਛਾਇਆ ਅਧੀਨ ਸਾਂਝੇ ਫੈਸਲੇ ਕਰਦੇ ਸਨ।

ਡਾ. ਅਨਿਲ ਚੰਦਰ ਬੈਨਰਜੀ, ਕਨਿੰਘਮ ਦੇ ਮਤ ਦਾ ਖੰਡਨ ਕਰਦਾ ਹੋਇਆ ਲਿਖਦਾ ਹੈ ਕਿ ਮਿਸਲਾਂ ਦਾ ਸੰਗਠਨ ਬਣਾਵਟ ਵਿਚ ਲੋਕਤੰਤਰ ਤੇ ਸਿਧਾਂਤਕ ਪੱਖੋਂ ਧਾਰਮਿਕ ਸਨ। ਇਹ ਬਣਾਵਟ ਵਿਚ ਲੋਕਤੰਤਰ ਸੀ, ਕਿਉਂਕਿ ਸਭ ਮਿਸਲਾਂ ਦੇ ਨੇਤਾ ਬਰਾਬਰ ਸਨ ਤੇ ਕੋਈ ਸਰਦਾਰ ਵੀ ਦੂਜੇ ਸਰਦਾਰ ਦੇ ਅਧੀਨ ਨਹੀਂ ਸੀ। ਗੁਰਮਤਾ ਸਾਰੇ ਹੀ ਸਰਦਾਰਾਂ ਦੀ ਸਭਾ ਸੀ ਅਤੇ ਇਸ ਦੇ ਫ਼ੈਸਲੇ ਸਰਬੱਤ ਖਾਲਸਾ ਦੇ ਫ਼ੈਸਲੇ ਮੰਨੇ ਜਾਂਦੇ ਸਨ। ਮਿਸਲਾਂ ਦੇ ਅੰਦਰ ਵੀ ਮੈਂਬਰਾਂ ਵਿਚ ਸਾਮਾਜਿਕ, ਧਾਰਮਿਕ ਤੇ ਰਾਜਨੀਤਕ ਬਰਾਬਰੀ ਪਾਈ ਜਾਂਦੀ ਸੀ। ਜਦੋਂ ਵੀ ਕੋਈ ਮੈਂਬਰ ਚਾਹੁੰਦਾ ਉਹ ਇੱਕ ਮਿਸਲ ਨੂੰ ਛੱਡ ਕੇ ਦੂਜੀ ਮਿਸਲ ਵਿਚ ਜਾ ਸਕਦਾ ਸੀ, ਪਰੰਤੂ ਮਿਸਲਾਂ ਵਿਚ ਏਕਤਾ ਸਥਿਰ ਰੱਖਣਵਾਲੇ ਸਿਧਾਂਤ ਧਾਰਮਿਕ ਸਨ। ਸਾਰੀਆਂ ਮਿਸਲਾਂ ਦੇ ਨੇਤਾ ਖਾਲਸਾ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਉੱਤੇ ਉਹਨਾਂ ਨੂੰ ਪੂਰਨ ਤੇ ਅਟੱਲ ਵਿਸ਼ਵਾਸ ਸੀ। ਉਹ ਧਰਮ ਦੇ ਨਾਂ 'ਤੇ ਇਕੱਠੇ ਹੋ ਜਾਂਦੇ ਸਨ ਤੇ ਧਾਰਮਿਕ ਭਾਵਨਾਵਾਂ ਅਧੀਨ ਬੜੇ ਜੋਸ਼ ਤੇ ਉਤਸ਼ਾਹ ਨਾਲ ਵੈਰੀਆਂ ਨਾਲ ਲੜਦੇ ਸਨ। ਵਿਦੇਸ਼ੀ ਯਾਤਰੂਆਂ ਤੇ ਇਤਿਹਾਸਕਾਰਾਂ ਵਿੱਚੋਂ ਬਹੁਤਿਆਂ ਨੇ ਸਿਖ ਮਿਸਲਾਂ ਦੇ ਸਮੇਂ ਸਿਖ ਪ੍ਰਸ਼ਾਸਨ ਪ੍ਰਣਾਲੀ ਵਿਚ ਪਰਜਾਤੰਤਰ ਦੇ ਮੁੱਖ ਤੱਤਾਂ ਬਾਰੇ ਵਿਸ਼ੇਸ਼ ਕਰਕੇ ਲਿਖਿਆ ਹੈ।

ਪੋਲੀਅਰ ਅਨੁਸਾਰ ਸਿਖ ਮਿਸਲਾਂ ਦੀ ਸ਼ਾਸਨ ਪ੍ਰਣਾਲੀ ਵੱਡੇ-ਵੱਡੇ ਸਰਦਾਰਾਂ ਦਾਂ ਸਰਦਾਰਸ਼ਾਹੀ ਲੋਕਤੰਤਰ ਦੀ ਸੀ। ਉਹ ਅੱਗੇ ਲਿਖਦਾ ਹੈ ਕਿ "ਉਹਨਾਂ (ਸਿਖਾਂ) ਨੇ ਇਕ ਤਰ੍ਹਾਂ ਦਾ ਗਣਤੰਤਰ ਸਥਾਪਿਤ ਕਰ ਲਿਆ ਸੀ ਤੇ ਕੁਝ ਸਾਲਾਂ ਦੇ ਸਮੇਂ ਵਿਚ ਉਹਨਾਂ ਨੇ ਲਾਹੌਰ ਤੇ ਮੁਲਤਾਨ ਸੂਬੇ ਦੀ ਪੂਰੀ ਸਰਕਾਰ ਬਣਾ ਲਈ ਸੀ।" ਗੋਰਡਨ ਦੇ ਸ਼ਬਦਾਂ ਵਿਚ ਇਹ ਸਰਦਾਰ, ਮਿਸਲਾਂ ਉੱਪਰ ਪੂਰਨ ਅਧਿਕਾਰਾਂ ਦਾ ਪ੍ਰਯੋਗ ਨਹੀਂ ਸਨ ਕਰਦੇ ਜਿਹਨਾਂ ਦਾ ਵਿਧਾਨ ਲੋਕਤੰਤਰੀ ਸੀ ਤੇ ਮੁਖੀ ਦੇ ਅਧਿਕਾਰ ਸੀਮਾਬੱਧ ਸਨ। ਉਹ ਅੱਗੇ ਜਾ ਕੇ ਲਿਖਦਾ ਹੈ ਕਿ ਸਰਦਾਰ ਤੇ ਉਸ ਦੇ ਬੰਦੇ ਬਰਾਬਰੀ ਦੇ ਭਾਵ ਨਾਲ ਇਕੱਠੇ ਬੈਠ ਕੇ ਖਾਂਦੇ ਪੀਂਦੇ ਸਨ। ਗੋਰਡਨ ਮਿਸਲ ਸੰਗਠਨ ਨੂੰ ਲੋਕਤੰਤਰੀ ਸਿਧਾਂਤਾਂ 'ਤੇ ਆਧਾਰਿਤ ਜਥੇਬੰਦਕ ਰਾਜ ਆਖਦਾ ਹੈ। ਫੋਰਸਟਰ ਜੋ ਸਿੱਖਾਂ ਬਾਰੇ ਅਠਾਰ੍ਹਵੀਂ ਸਦੀ ਦੇ 8ਵੇਂ ਦਹਾਕੇ ਦੇ ਆਰੰਭ ਵਿਚ ਲਿਖਦਾ ਹੈ ਕਿ ਸਿੱਖ ਸਰਕਾਰ ਲਈ ਪਰਿਭਾਸ਼ਿਕ ਸ਼ਬਦ ਦਾ ਪ੍ਰਯੋਗ ਕਰਨ। ਮੇਰੇ ਲਈ ਔਖਾ ਹੈ ਕਿਉਂਕਿ ਪਹਿਲੀ ਨਜ਼ਰੇ ਇਹ ਕੁਲੀਨਤੰਤਰ ਜਾਪਦੀ ਹੈ ਪਰ ਨੇੜੇ ਤੋਂ ਨਿਰੀਖਣ ਕਰਨ ਤੋਂ ਇਸ ਦੇ ਕਈ ਬੜੇ ਲੋਕਪ੍ਰਿਯ ਹਿੱਸੇ ਸਨ। ਰਾਜ ਦੇ ਕਿਸੇ ਵਿਅਕਤੀ ਤੇ ਵਿਸ਼ੇਸ਼ ਨੂੰ ਸਨਮਾਨਾਰਥ ਮਰਤਬਾ ਨਹੀਂ ਪਰਦਾਨ ਕੀਤਾ ਜਾਂਦਾ। ਗ਼ੈਰ ਫ਼ੌਜੀ ਸਮਾਨ ਵਿਚ ਬਰਾਬਰੀ ਰੱਖੀ ਜਾਂਦੀ ਹੈ ਜਿਸ ਨੂੰ ਲੋਕਾਂ ਦਾ ਵਰਗ ਭਾਵੇਂ ਉਹ ਕਿੰਨਾ ਅਮੀਰ ਹੋਵੇ, ਤੋੜ ਨਹੀਂ ਸਕਦਾ। ਜਦੋਂ ਸਰਬੱਤ ਖਾਲਸਾ ਦੀ ਇਕੱਤਰਤਾ ਬੁਲਾਈ ਜਾਂਦੀ, ਜਿਸ ਵਿਚ ਜ਼ਿਆਦਾ ਫ਼ੌਜ ਹੀ ਹੁੰਦੀ ਤਾਂ ਹਰ ਮੈਂਬਰ ਨੂੰ ਆਪਣਾ ਵਿਚਾਰ ਪੇਸ਼ ਕਰਨ ਦਾ ਅਧਿਕਾਰ ਸੀ ਤੇ ਵਿਚਾਰ ਵਟਾਂਦਰੇ ਨਾਲ ਬਹੁ-ਗਿਣਤੀ ਫ਼ੈਸਲੇ ਕਰਦੀ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਦਾਰ ਦੀ ਸਥਿਤੀ ਉਸ ਹੇਠ ਕੰਮ ਕਰਨ ਵਾਲਿਆਂ ਦੇ ਮੁਕਾਬਲੇ ਚੰਗੇਰੀ ਹੁੰਦੀ ਸੀ ਪਰ ਜੇਕਰ ਉਸ ਦੇ ਪੈਰੋਕਾਰ ਆਪਣੇ ਆਗੂ ਤੋਂ ਅਸੰਤੁਸ਼ਟ ਹੁੰਦੇ ਸਨ ਤਾਂ ਉਹਨਾਂ ਨੂੰ ਅਧਿਕਾਰ ਪ੍ਰਾਪਤ ਸੀ ਕਿ ਉਸ ਨੂੰ ਛੱਡ ਕੇ ਹੋਰ ਜਿਹੜੇ ਮਰਜ਼ੀ ਸਰਦਾਰ ਪਾਸ ਚਲੇ ਜਾਣ ਤੇ ਆਪਣੀਆਂ ਸੇਵਾਵਾਂ ਪੇਸ਼ ਕਰਨ। ਇਹ ਸਭ ਤੋਂ ਵੱਡਾ ਪਰਜਾਤੰਤਰੀ ਅਧਿਕਾਰ ਸੀ, ਜਿਸ ਨੂੰ ਹੋਰ ਸਰਦਾਰ ਦੇ ਪੈਰੋਕਾਰ ਵਰਤ ਸਕਦੇ ਸਨ।

ਜੌਰਜ ਕੈਂਪਬੈਲ ਨੇ ਮਿਸਲ ਸੰਗਠਨ ਤੇ ਇਸ ਦੀ ਸਰਕਾਰ ਦੇ ਸਰੂਪ ਬਾਰੇ ਬੜੀ ਕੀਮਤੀ ਸੂਚਨਾ ਦਿੱਤੀ ਹੈ। ਉਹ ਲਿਖਦਾ ਹੈ ਕਿ ਸਿੱਖ ਪ੍ਰਣਾਲੀ ਕਮਾਲ ਦੀ ਹੈ ਜਿਸ ਵਿਚੋਂ ਜਰਮਨੀ ਪ੍ਰਣਾਲੀ ਨਿਕਲੀ। ਉਹਨਾਂ ਨੇ ਮਿਸਲਾਂ ਜਾਂ ਫ਼ੌਜੀ ਸੰਗਠਨ ਬਣਾਏ। ਹਰ ਮਿਸਲ ਨੇ ਆਪਣੇ ਸਰਵਉੱਚ ਸਰਦਾਰ ਤੇ ਉਪ-ਸਰਦਾਰੀ ਚੁਣੇ। ਮਿਸਲਾਂ ਇਕੱਠੀਆਂ ਹੋ ਕੇ ਖਾਲਸਾ ਜਾਂ ਸਿੱਖ ਕਾਮਨਵੈਲਥ ਬਣਿਆ। ਜਰਮਨ ਵਿਚ ਵੀ ਅਜਿਹਾ ਰੁਝਾਨ ਸੀ। ਸਰਵਉੱਚ ਮੁਖੀ ਨੂੰ ਚੁਣਿਆ ਜਾਂਦਾ ਜਿਸ ਪਾਸ ਬੜੀ ਥੋੜ੍ਹੀ ਜਿਹੀ ਸ਼ਕਤੀ ਹੁੰਦੀ ਸੀ ਅਤੇ ਉਹ ਸਥਾਨ ਖਾਨਦਾਨੀ ਨਹੀਂ ਸੀ। ਪਰ ਹੌਲੀ-ਹੌਲੀ ਮਿਸਲਾਂ ਦੇ ਮੁਖੀਆਂ ਤੇ ਛੋਟੇ ਸਰਦਾਰਾਂ ਨੇ ਖਾਨਦਾਨੀ ਰੂਪ ਧਾਰਨ ਕਰ ਲਿਆ ਜਿਵੇਂ ਯੂਰਪ ਵਿਚ ਡਿਊਕਜ਼ ਤੇ ਸ਼ੈਨਰਜ ਬਣ ਗਏ ਸਨ।

ਇੱਬਸਟਨ ਦੇ ਵਿਚਾਰ ਅਨੁਸਾਰ ਸਿੱਖ ਮਿਸਲਾਂ ਦਾ ਸੰਗਠਨ ਧਰਮਤੰਤਰ, ਪਰਜਾਤੰਤਰ ਤੇ ਨਿਰੰਕੁਸ਼ਤਾ ਦਾ ਵਚਿੱਤਰ ਸੁਮੇਲ ਸੀ। ਇਹ ਧਰਮਤੰਤਰ ਇਸ ਲਈ ਸੀ ਕਿ ਸਿੱਖ ਸਿਪਾਹੀ ਤੇ ਸਰਦਾਰ ਗੁਰੂ ਦੀ ਖ਼ਾਤਰ ਲੜਦੇ ਸਨ ਤੇ ਅੰਮ੍ਰਿਤਸਰ ਵਿਚ ਇਕੱਠੇ ਮਿਲ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸਭ ਮਹੱਤਵਪੂਰਨ ਮੁਆਮਲਿਆਂ ਦੇ ਫ਼ੈਸਲੇ ਕਰਦੇ ਸਨ ਜੋ ਗੁਰੂ ਦੇ ਫ਼ੈਸਲੇ ਮੰਨੇ ਜਾਂਦੇ ਸਨ। ਮਿਸਲਾਂ ਦੇ ਸੰਗਠਨ ਵਿਚ ਪਰਜਾਤੰਤਰ ਦਾ ਅੰਸ਼ ਸੀ, ਕਿਉਂਕਿ ਕੇਵਲ ਮਿਸਲਾਂ ਦੇ ਨੇਤਾ ਹੀ ਇੱਕ ਦੂਜੇ ਦੇ ਬਰਾਬਰ ਸਮਝੇ ਨਹੀਂ ਜਾਂਦੇ ਸਨ, ਸਗੋਂ ਮਿਸਲ ਦੇ ਸਾਰੇ ਮੈਂਬਰ ਵੀ ਬਰਾਬਰ ਸਮਝੇ ਜਾਂਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖਾਂ ਦੇ ਰਾਜਨੀਤਕ ਤੇ ਸਾਮਾਜਿਕ ਨੈਤਿਕਤਾ ਵਿਚ ਪਰਜਾਤੰਤਰ ਤੇ ਗਣਤੰਤਰ ਦੇ ਸਿਧਾਂਤਾਂ ਦਾ ਰੰਗ ਗੂੜ੍ਹਾ ਸੀ। ਸਰਦਾਰ ਆਪਣੀ ਮਰਜ਼ੀ ਨਾਲ ਕੋਈ ਫ਼ੈਸਲਾ ਨਹੀਂ ਸੀ ਕਰਦੇ ਤੇ ਸਿੱਖਾਂ ਨੂੰ ਵਿਚਾਰ-ਵਟਾਂਦਰਾ ਕਰਨ ਲਈ ਬੁਲਾਇਆ ਜਾਂਦਾ ਸੀ ਤੇ ਉਹ ਆਪਣੇ ਵਿਚਾਰ ਅਜ਼ਾਦੀ ਨਾਲ ਦੱਸ ਸਕਦੇ ਸਨ। ਮਿਸਲ ਸੰਸਥਾ ਅਸਲ ਵਿਚ ਸਿੱਖ ਪੰਥ ਦੀ ਲੋਕਤੰਤਰ ਸੰਸਥਾ ਸੀ। ਇਹ ਗੁਰਬਾਣੀ ਦੇ ਨਿਯਮਾਂ ਉੱਪਰ ਆਧਾਰਿਤ ਸੀ, ਜੋ ਗੁਰੂ ਸਾਹਿਬ ਨੇ ਹੁਕਮ ਦਿੱਤੇ ਸਨ। ਇਨਾਂ ਮਿਸਲਾਂ ਲਈ ਅਕਾਲ ਪੁਰਖ ਸੁਪਰੀਮ ਸੀ, ਇਸ ਲਈ ਉਹ ਗੁਰਮਤਿਆਂ ਰਾਹੀਂ ਅਕਾਲ ਤਖ਼ਤ ਸਾਹਿਬ ਦੀ ਛੱਤਰ ਛਾਇਆ ਅਧੀਨ ਸਾਂਝੇ ਫੈਸਲੇ ਕਰਦੇ ਸਨ।

### ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼

# ਸ਼ਹਾਦਤ ਦੇ ਰਾਹ ਉੱਤੇ ਤੁਰਨ ਵਾਲੇ ਸਿਰਲੱਥ ਸੂਰਮੇ

**ਗੁਰਦੀਪ ਕੌਰ ਸੈਕਰਾਮੈਂਟੋ**
(ਫੋਨ ਸੰਪਰਕ: 916-695-0035)

ਕੁਰਬਾਨੀਆਂ ਭਰੇ ਇਤਿਹਾਸ ਵਿਚ ਸੁਨਹਿਰੇ ਅੱਖਰਾਂ ਵਿਚ ਆਪਣਾ ਨਾਂ ਲਿਖਵਾ ਜਾਣ ਵਾਲੇ ਸੂਰਮਿਆਂ ਨੂੰ ਸ਼ਹੀਦ ਕਹਿੰਦੇ ਹਨ। ਸ਼ਹੀਦ ਕੌਂਦ ਦਾ ਉਹ ਸਰਮਾਇਆ ਹੁੰਦੇ ਹਨ, ਜਿਨ੍ਹਾਂ ਨੇ ਆਪਣੇ ਆਪ ਦਾ ਮੁੱਲ ਆਪਣਾ ਸਿਰ ਦੇ ਕੇ ਤਾਰਿਆ ਹੁੰਦਾ ਹੈ। ਸਿੱਖ ਕੌਮ ਦਾ ਇਤਿਹਾਸ ਕੁਰਬਾਨੀਆਂ ਭਰਿਆ ਹੈ। ਇਸ ਦੇ ਪੁੱਤਰਾਂ ਨੇ ਆਪਣੀਆਂ ਸ਼ਹੀਦੀਆਂ ਦੇ ਕੇ ਇਸ ਖਜ਼ਾਨੇ ਨੂੰ ਹੋਰ ਅਮੀਰ ਅਤੇ ਬਲਵਾਨ ਬਣਾਇਆ ਹੈ। ਸ਼ਹੀਦੀ ਪ੍ਰਾਪਤ ਕਰਨ ਵਾਲੇ ਯੋਧੇ ਸੂਰਬੀਰ ਕੌਮ ਦੇ ਉਹ ਕੀਮਤੀ ਨਗ ਹੁੰਦੇ ਹਨ, ਜਿਨ੍ਹਾਂ ਦਾ ਮੁੱਲ ਅੱਜ ਤੱਕ ਕਿਸੇ ਤੋਂ ਵੀ ਤਾਰਿਆ ਨਹੀਂ ਗਿਆ। ਸ਼ਹੀਦ ਕੌਂਣ ਰੂਪੀ ਮਹਿਲ ਦੇ ਉਹ ਨੀਂਹ ਪੱਥਰ ਹੁੰਦੇ ਹਨ, ਜਿਨ੍ਹਾਂ ਉਤੇ ਕੌਮ ਦਾ ਝੰਡਾ ਝੂਲਦਾ ਹੈ। ਸ਼ਹੀਦ ਮੌਤ ਨੂੰ ਖੁਸ਼ੀ-ਖੁਸ਼ੀ ਸਵੀਕਾਰ ਕਰਦੇ ਹਨ। ਸ਼ਹੀਦਾਂ ਲਈ ਜਿਊਣਾ ਉਸੇ ਵੇਲੇ ਸਫ਼ਲ ਹੋ ਜਾਂਦਾ ਹੈ, ਜਦੋਂ ਉਹਨਾਂ ਦੀ ਮੌਤ ਰੂਪੀ ਲਾੜੀ ਨਾਲ ਉਮਰ ਨਿਭਣ ਵਾਲਾ ਰਿਸ਼ਤਾ ਤੈਅ ਹੋ ਜਾਂਦਾ ਹੈ।

ਜਿਹੜੇ ਲੋਕਪੱਖੀ ਇਨਸਾਨ ਸਮੇਂ ਦੀਆਂ ਸਰਕਾਰਾਂ ਦੀਆਂ ਉਲਟ ਨੀਤੀਆਂ ਦੇ ਵਿਰੋਧ ਵਿੱਚ ਝੰਡੇ ਚੁੱਕ ਲੈਂਦੇ ਹਨ, ਉਨ੍ਹਾਂ ਨੂੰ ਮਾਣ ਨਾਲ ਬਾਕੀ ਦੁਨੀਆਂ ਸੂਰਮੇ ਆਖਦੀ ਹੈ। ਆਪਣੀ ਕੌਮ ਅਤੇ ਜਮੀਰ ਖ਼ਾਤਰ ਸਦਾ ਲਈ ਮਰ ਮਿੱਟ ਜਾਣ ਵਾਲੇ ਅਣਖੀ ਸੂਰਮੇ ਸ਼ਹੀਦਾਂ ਦੀਆਂ ਕਤਾਰਾਂ ਨੂੰ ਹੋਰ ਲੰਮਾ ਕਰ ਦਿੰਦੇ ਹਨ। ਸ਼ਹੀਦਾਂ ਨੇ ਸਦਾ ਹੀ ਆਪਣੀ ਮਾਂ ਦੇ ਦੁੱਧ ਦੀ ਲਾਜ ਪਾਲੀ ਹੈ। ਭੈਣਾਂ ਦੀਆਂ ਰੱਖਣੀਆਂ ਦਾ ਮੁੱਲ ਤਾਰਿਆ ਹੈ। ਸ਼ਹੀਦ ਦੀ ਮਾਂ ਆਪਣੇ ਪੁੱਤਰ ਦੀ ਮੌਤ 'ਤੇ ਅੱਥਰੂ ਨਹੀਂ ਕੇਰਦੀ, ਸਗੋਂ ਉਹ ਰੱਬ ਦਾ ਕੋਟਿ-ਕੋਟਿ ਧੰਨਵਾਦ ਕਰਦੀ ਹੈ ਕਿ ਉਸ ਦੇ ਪੁੱਤਰ ਨੇ ਉਸ ਦੇ ਦੁੱਧ ਨੂੰ ਖੋਟਾ ਨਹੀਂ ਕੀਤਾ।

ਸ਼ਹੀਦ ਆਪਣੇ ਇਸ਼ਕ ਦੀ ਖਾਤਰ ਆਪਣੇ ਮਿੱਥੇ ਹੋਏ ਨਿਸ਼ਾਨਿਆਂ ਨੂੰ ਪੂਰਾ ਕਰਨ ਲਈ ਜਹਾਨ-ਏ-ਫ਼ਾਨੀ ਤੋਂ ਕੂਚ ਕਰ ਜਾਂਦੇ ਹਨ ਅਤੇ ਅੱਜ ਤੱਕ ਕਿਸੇ ਸਰਕਾਰ ਦੀ ਹਿੰਮਤ ਨਹੀਂ ਹੋਈ ਕਿ ਉਹ ਕਿਸੇ ਸ਼ਹੀਦ ਨਾਲ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰ ਸਕੇ।

ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਤਾਰੂ ਜੀ, ਬਾਬਾ ਬੰਦਾ ਸਿੰਘ ਬਹਾਦਰ ਸਿੱਖ ਕੌਮ ਦੇ ਉਹ ਸਤਿਕਾਰਯੋਗ ਸ਼ਹੀਦ ਹਨ, ਜਿਨ੍ਹਾਂ ਨੂੰ ਯਾਦ ਕਰਦਿਆਂ ਸ਼ਰਧਾ ਨਾਲ ਉਹਨਾਂ ਅੱਗੇ ਸਿਰ ਨਿਵ ਜਾਂਦਾ ਹੈ। ਇਹ ਸਿੱਖ ਕੌਮ ਦੇ ਉਹ ਮਹਾਨ ਸ਼ਹੀਦ ਹਨ, ਜਿਨ੍ਹਾਂ ਦੇ ਮੋਢਿਆਂ ਉਤੇ ਸਿੱਖ ਕੌਮ ਦਾ ਮਹਿਲ ਖੜੋਤਾ ਹੈ।

ਸ਼ਹੀਦ ਆਪਣੇ ਆਉਣ ਵਾਲੇ ਸਮੇਂ ਦੇ ਖ਼ਤਰਿਆਂ ਤੋਂ ਭੈਅ-ਭੀਤ ਨਹੀਂ ਹੁੰਦੇ। ਉਹ ਕਦੇ ਵੀ ਆਪਣੇ ਮਿੱਥੇ ਹੋਏ ਨਿਸ਼ਾਨਿਆਂ ਤੋਂ ਖੁੰਝਦੇ ਨਹੀਂ। ਕਿਸੇ ਵੀ ਹਾਲਾਤ ਨਾਲ ਉਹਨਾਂ ਸਮਝੌਤਾ ਕਰਨਾ ਸਿੱਖਿਆ ਨਹੀਂ ਹੁੰਦਾ। ਗੁਰੂ ਅਰਜਨ ਦੇਵ ਜੀ ਨੂੰ ਗਿਆਨ ਸੀ ਕਿ ਤੱਤੀ ਰੇਤ ਉਹਨਾਂ ਦੇ ਸੀਸ ਉੱਤੇ ਪਵੇਗੀ ਹੀ, ਉਬਲਦੀ ਦੇਗ਼ ਦਾ ਸੇਕ ਸਹਿਣਾ ਹੋਵੇਗਾ, ਤੱਤੀ ਤਵੀ ਉੱਤੇ ਉਹਨਾਂ ਨੂੰ ਬੈਠਣਾ ਹੀ ਪਵੇਗਾ, ਪਰ ਉਹ ਆਪਣੇ ਸਿੱਦਕ ਤੋਂ ਡੋਲੇ ਨਹੀਂ। ਗੁਰੂ ਤੇਗ ਬਹਾਦਰ ਜੀ ਨੇ ਵੀ ਆਪਣਾ ਸੀਸ ਦੇ ਦਿੱਤਾ, ਪਰ ਸਿਦਕ ਅਤੇ ਸਿਰੜ ਹਾਰਿਆ ਨਹੀਂ, ਉਸ ਤੋਂ ਡੋਲੇ ਨਹੀਂ। ਭਾਈ ਸਤੀ ਦਾਸ, ਭਾਈ ਮਤੀ ਦਾਸ, ਭਾਈ ਦਿਆਲਾ ਜੀ ਨੇ ਵੀ ਆਪਣਾ ਬੰਦ-ਬੰਦ ਕਟਵਾ ਦਿੱਤਾ, ਉਲਬਦੀਆਂ ਦੇਗਾਂ ਵਿਚ ਉਬਾਲੇ ਗਏ ਪਰ ਉਹ ਆਪਣੇ ਨਿਸ਼ਚਿਆਂ 'ਤੇ ਅਡੋਲ ਖੜੋਤੇ ਰਹੇ ਸਨ। ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਿੱਖ ਕੌਮ ਖਾਤਰ ਆਪਣਾ ਸਰੀਰ ਛਲਣੀ ਕਰਵਾ ਦਿੱਤਾ। ਨਿੱਕੀਆਂ ਉਮਰੇ ਵਾਲੇ ਵੱਡੇ ਪਾਂਧੀ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਨੇ ਨੀਹਾਂ ਵਿਚ ਕੁਰਬਾਨੀਆਂ ਦੇ ਕੇ ਸਿੱਖ ਕੌਮ ਦਾ ਅਡੋਲ ਮਹਿਲ ਤਿਆਰ ਕਰ ਦਿੱਤਾ ਸੀ। ਸ਼ਹੀਦਾਂ ਨੇ ਆਪਣੇ ਬੋਲ ਆਪਣੀਆਂ ਕੁਰਬਾਨੀਆਂ ਦੇ ਕੇ ਪੁਗਾਏ ਹਨ। ਉਹ ਉਹਨਾਂ ਦਰਦਾਂ ਗਮਾਂ ਦੇ ਰਾਹ ਪਏ, ਜਿਥੇ ਦੁੱਖ ਹੀ ਦੁੱਖ ਸਨ, ਪੀੜਾਂ ਹੀ ਪੀੜਾਂ ਸਨ, ਪਰ ਉਹ ਮੋੜਿਆਂ ਨਹੀਂ ਮੁੜੇ।

ਸਿੱਖ ਕੌਮ ਦੀਆਂ ਸਿੱਖ ਬੀਬੀਆਂ ਵੀ ਸ਼ਰਧਾ ਅਤੇ ਸਤਿਕਾਰ ਦੇ ਪਾਤਰ ਹਨ। ਉਹਨਾਂ ਅੱਗੇ ਨਤਮਸਤਕ ਹੋਣਾ ਵੀ ਸੁਭਾਗਸ਼ਾਲੀ ਹੈ। ਧੰਨ ਹੈ ਉਹ ਬੀਬੀ ਸੁਭਾਗੀ ਅਤੇ ਬੀਬੀ ਲੱਛੀ ਜਿਨ੍ਹਾਂ ਨੇ ਆਪਣੇ ਨਿੱਕੇ-ਨਿੱਕੇ ਬੱਚਿਆਂ ਦੇ ਟੋਟੇ ਕਰਵਾ ਕੇ ਆਪਣੀ ਝੋਲੀ ਵਿਚ ਪਵਾ ਲਏ, ਆਪਣੇ ਜਿਗਰ ਦੇ ਟੋਟਿਆਂ ਨੂੰ ਅੱਖਾਂ ਸਾਹਮਣੇ ਨੇਜ਼ਿਆਂ ਉੱਤੇ ਟੰਗ ਹੁੰਦੇ ਵੇਖਿਆ। ਚੱਪਾ-ਚੱਪਾ ਰੋਟੀ ਦੇ ਉੱਤੇ ਗੁਜ਼ਾਰਾ ਕੀਤਾ, ਪਰ ਮੂੰਹੋਂ ਸੀਅ ਨਹੀਂ ਉਚਾਰੀ। ਫਿਰ ਵੀ ਉਹਨਾਂ ਨੇ ਉਸ ਪਰਵਰਦਿਗਾਰ ਦਾ ਸ਼ੁਕਰੀਆ ਕੀਤਾ ਅਤੇ ਮੂੰਹੋਂ ਕਿਹਾ, 'ਤੇਰਾ ਭਾਣਾ ਮੀਠਾ ਲਾਗੇ।'

ਸ਼ਹੀਦ ਕਿਸੇ ਤੋਂ ਡਰਦਾ ਨਹੀਂ, ਕਿਸੇ ਨੂੰ ਡਰਾਉਂਦਾ ਨਹੀਂ। ਉਹ ਆਪਣੇ ਨਾਲ ਹੋ ਰਹੀਆਂ ਵਧੀਕੀਆਂ ਨੂੰ, ਆਪਣੀ ਸੱਚਾਈ ਪੇਸ਼ ਕਰਨ ਲਈ ਬਰਦਾਸ਼ਤ ਕਰਦਾ ਹੈ ਅਤੇ ਫਿਰ ਇਕ ਉਹ ਸਮਾਂ ਵੀ ਆਉਂਦਾ ਹੈ ਜਦੋਂ ਉਸ ਦੀ ਸ਼ਹੀਦੀ ਤੋਂ ਬਾਅਦ ਉਸ ਉੱਤੇ ਜ਼ੁਲਮ ਕਰਨ ਵਾਲੇ ਉਸ ਦਾ ਨਾਂ ਲੈਣ ਤੋਂ ਵੀ ਥਰ ਥਰ ਕੰਬਦੇ ਹਨ।

ਸ਼ਹੀਦ ਦਾ ਸਫ਼ਰ ਬੜਾ ਲੰਮਾ ਹੁੰਦਾ ਹੈ, ਉਸ ਦਾ ਪੈਂਡਾਂ ਬਿਖੜਾ ਹੁੰਦਾ ਹੈ। ਉਸ ਦੀ ਮੰਜ਼ਿਲ ਭਾਵੇਂ ਦੂਰ ਹੁੰਦੀ ਹੈ, ਪਰ ਉਸ ਨੂੰ ਪਤਾ ਹੁੰਦਾ ਹੈ ਕਿ ਉਹ ਜਲਦੀ ਹੀ ਆਪਣੀ ਮੰਜ਼ਿਲ 'ਤੇ ਪਹੁੰਚ ਜਾਵੇਗਾ।

ਅਫ਼ਸੋਸ ਅੱਜ ਸਿੱਖ ਕੌਮ ਸ਼ਹੀਦਾਂ ਦੇ ਸ਼ਹੀਦੀ ਦਿਨ ਤਾਂ ਮਨਾ ਰਹੀ ਹੈ, ਪਰ ਉਹਨਾਂ ਦੇ ਪਾਏ ਪੂਰਨਿਆਂ 'ਤੇ ਚੱਲਣ ਦਾ ਖੂਬਸੂਰਤ ਫਰਜ਼ ਸੰਜੀਦਗੀ ਨਾਲ ਨਹੀਂ ਨਿਭਾ ਰਹੀ। ਇਸ ਮਿਲਾਵਟ ਵਾਲੇ ਯੁੱਗ ਵਿਚ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਸਹੀ ਮੁੱਲ ਨਹੀਂ ਪੈ ਰਿਹਾ। ਸ਼ਹੀਦਾਂ ਨੂੰ ਅਸੀਂ ਨਤਮਸਤਕ ਹਾਂ ਜਿਨ੍ਹਾਂ ਨੇ ਆਪਣੀਆਂ ਜਾਨਾਂ ਦੀ ਪਰਵਾਹ ਨਾ ਕਰਦਿਆਂ, ਸਿੱਖ ਕੌਮ ਦੀ ਲਾਜ ਰੱਖੀ ਹੈ। ਆਪਣੇ ਖ਼ੂਨ ਦਾ ਕਤਰਾ-ਕਤਰਾ ਦੇਸ਼ ਕੌਮ ਦੇ ਲੇਖੇ ਲਾ ਕੇ ਸ਼ਹੀਦ ਖ਼ੁਸ਼ ਹੁੰਦਾ ਹੈ। ਕਿਸੇ ਪ੍ਰਤੀ, ਵੈਰ, ਵਿਰੋਧ, ਈਰਖਾ ਅਤੇ ਸਾੜਾ ਕਰਨ ਵਾਲੇ ਸ਼ਹੀਦ ਨਹੀਂ ਹੋ ਸਕਦੇ। ਸ਼ਹੀਦੀ ਇਕ ਸੰਕਲਪ ਹੈ, ਇਕ ਨਿਸ਼ਚਾ ਹੈ, ਇੱਕ ਦ੍ਰਿੜ ਇਰਾਦਾ ਹੈ। ਇਹ ਮੌਤ ਦਾ ਉਹ ਖ਼ਾਸ ਰੂਪ ਹੁੰਦਾ ਹੈ, ਜੋ ਕਿਸੇ ਸਿਧਾਂਤ ਦੀ ਖਾਤਰ ਅਪਣਾਇਆ ਗਿਆ ਹੁੰਦਾ ਹੈ। ਸ਼ਹੀਦ ਸ਼ਬਦ ਪੜ੍ਹਨ ਵਾਲਿਆਂ ਲਈ ਸਿਰਫ਼ ਇਕ ਸਤਿਕਾਰਤ ਸ਼ਬਦ ਹੈ, ਇਸ ਦੀ ਪਰਿਭਾਸ਼ਾ-ਲਿਖੀ ਜਾਂ ਸੁਣਾਈ ਨਹੀਂ ਜਾ ਸਕਦੀ। ਇਹ ਤਾਂ ਸਿਰਫ਼ ਇਕ ਸੋਚਣ ਤੇ ਸਮਝਣ ਵਾਲਾ ਜਜ਼ਬਾ ਹੈ, ਜਦੋਂ ਖ਼ੂਨ ਖੌਲ ਜਾਵੇ, ਜਦ ਬੰਦਾ ਉੱਠ ਖਲੋਵੇ। ਸ਼ਹੀਦ ਉਹ ਪੂਰਨੇ ਪਾ ਜਾਂਦੇ ਹਨ ਕਿ ਆਉਣ ਵਾਲੀਆਂ ਪੀੜ੍ਹੀਆਂ ਉਹਨਾਂ ਦੇ ਸੋਹਲੇ ਗਾਉਂਦੀਆਂ ਹਨ।

ਵੈਰ-ਭਾਵ ਤੋਂ ਉੱਪਰ ਉੱਠ ਕੇ ਸ਼ਹੀਦ ਸਰਬੱਤ ਦਾ ਭਲਾ ਮੰਗਦੇ ਹਨ। ਦੇਸ਼ ਕੌਮ ਦੇ ਲੇਖੇ ਆਪਣੀਆਂ ਜਾਨਾਂ ਲਾ ਦੇਣੀਆਂ, ਸ਼ਹੀਦ ਦਾ ਮੁੱਖ ਮੰਤਵ ਹੁੰਦਾ ਹੈ। ਸ਼ਹੀਦ ਦਾ ਮਿਸ਼ਨ ਆਪਣੇ ਫੈਸਲੇ ਤੇ ਅਟੱਲ ਰਹਿਣਾ ਹੁੰਦਾ ਹੈ।

'ਤੇਰਾ ਭਾਣਾ ਮੀਠਾ ਲਾਗੇ' ਕਹਿਣ ਵਾਲੇ ਸ਼ਹੀਦ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ 'ਤੇ ਆਓ ਅਸੀਂ ਵੀ ਪ੍ਰਣ ਕਰੀਏ ਕਿ ਸਿਰ ਜਾਵੇ ਤਾਂ ਜਾਵੇ, ਮੇਰਾ ਸਿੱਖੀ ਸਿਦਕ ਨਾ ਜਾਵੇ।

# ਸ਼ਹੀਦੀ ਗੁਰੂ ਅਰਜਨ ਦੇਵ ਜੀ

**ਪ੍ਰਮਿੰਦਰ ਸਿੰਘ 'ਪ੍ਰਵਾਨਾ'**
(ਫ਼ੋਨ : 510-781-0487)

ਸਿੱਖ ਇਤਿਹਾਸ ਕੁਰਬਾਨੀਆਂ ਅਤੇ ਸ਼ਹਾਦਤਾਂ ਦੀ ਤਰਜ਼ਮਾਨੀ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪਣੀ ਸ਼ਰਧਾ ਅਤੇ ਨਿਸ਼ਚਾ ਕਰਕੇ ਸਿੱਖਾਂ ਨੇ ਕੁਰਬਾਨੀਆਂ ਦਿੱਤੀਆਂ। ਸਿੱਖ ਧਰਮ ਦਾ ਨਿਸ਼ਾਨਾ ਮਨੁੱਖ ਨੂੰ ਪੂਰਨ ਆਜ਼ਾਦੀ ਦੇਣਾ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਕਾਲ ਵਿਚ ਉਸ ਸਮੇਂ ਪ੍ਰਚਲਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਕੁਰੀਤੀਆਂ ਦੀ ਨਿਖੇਧੀ ਕਰਕੇ, ਵਹਿਮਾਂ-ਭਰਮਾਂ ਦਾ ਵਿਰੋਧ ਕਰਕੇ ਸਹੀ ਜੀਵਨ ਜਾਚ ਸਿਖਾਈ। ਗੁਰੂ ਸਾਬਿ ਦੇ ਫਲਸਫੇ ਵਿਚ ਕੇਵਲ ਅਧਿਆਤਮਕ ਉੱਚਾਈਆਂ ਹੀ ਨਹੀਂ ਸਗੋਂ ਬੜੀ ਪ੍ਰਬਲ ਸਮਾਜੀ ਅਤੇ ਰਾਜਸੀ ਚੇਤਨਾ ਵੀ ਵਿਦਮਾਨ ਹੈ ਜੋ ਸਾਨੂੰ ਕ੍ਰਾਂਤੀਕਾਰੀ ਪਰੇਰਣਾ ਦਿੰਦੀ ਹੈ। ਇਸੇ ਕਰਕੇ ਸਿੱਖ ਧਰਮ ਦੇ ਪ੍ਰਚਾਰ ਦੀ ਵਧ ਰਹੀ ਲਹਿਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਵੀ ਸਿੱਖ ਧਰਮ ਗ੍ਰਹਿਣ ਕਰਨ ਲਈ ਪ੍ਰੇਰਿਆ। ਇਹ ਗੱਲ ਕੱਟੜ ਸ਼ਰਈ ਮੁਸਲਮਾਨਾਂ ਲਈ ਬੜੀ ਦੁਖਦਾਇਕ ਸੀ। ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਦਾ ਸਾਥ ਦੇ ਕੇ ਉਸ ਨੂੰ ਅਕਬਰ ਤੋਂ ਬਾਅਦ ਰਾਜ-ਗੱਦੀ 'ਤੇ ਬਿਠਾਇਆ ਸੀ। ਉਸ ਦੇ ਕੰਨ ਭਰੇ ਗਏ ਕਿ ਸਿੱਖੀ ਦੀ ਲਹਿਰ ਨੂੰ ਖ਼ਤਮ ਕਰਨਾ ਚਾਹੀਦਾ ਹੈ। ਪ੍ਰਿਥੀ ਚੰਦ, ਚੰਦੂ ਅਤੇ ਬੀਰਬਲ ਨੇ ਵੀ ਜਹਾਂਗੀਰ ਨੂੰ ਇਸ ਬਾਬਤ ਭੜਕਾਇਆ।

ਜਹਾਂਗੀਰ ਗੁਰੂ ਜੀ ਨਾਲ ਟੱਕਰ ਲੈਣ ਦੇ ਬਹਾਨੇ ਢੂੰਡਣ ਲੱਗਾ। ਉਸ ਨੇ 'ਤੁਜ਼ਕ-ਏ-ਜਹਾਂਗੀਰ' ਵਿਚ ਲਿਖਿਆ ਹੈ, "ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਵਿਚ ਇਕ ਅਰਜਨ ਨਾਂ ਦਾ ਹਿੰਦੂ, ਸੰਤ ਅਤੇ ਰੂਹਾਨੀ ਆਗੂ ਦੇ ਭੇਸ ਵਿਚ ਰਹਿੰਦਾ ਸੀ। ਕਈ ਸਧਾਰਨ ਸਮਝ ਦੇ ਹਿੰਦੂਆਂ ਅਤੇ ਮੂਰਖ ਮੁਸਲਮਾਨਾਂ ਨੂੰ ਉਸ ਨੇ ਆਪਣੇ ਵੱਖਰੇ ਧਰਮ ਦੇ ਢੰਗ ਤਰੀਕੇ ਅਪਨਾਉਣ ਲਈ ਨਾਲ ਜੋੜ ਲਿਆ। ਉਸ ਨੇ ਸੰਤਪੁਣੇ ਦੀ ਪਵਿੱਤਰਤਾ ਦਾ ਢੋਲ ਵਜਾਇਆ। ਉਸ ਨੂੰ ਗੁਰੂ ਅਤੇ ਸੱਚੇ ਪਾਤਿਸ਼ਾਹ ਕਿਹਾ ਜਾਂਦਾ ਸੀ। ਬਹੁਤ ਥਾਵਾਂ ਤੋਂ ਚਰਵਾਹੇ ਅਤੇ ਬੇਵਕੂਫ਼ ਉਸ ਦੇ ਪੱਕੇ ਸ਼ਰਧਾਲੂ ਬਣ ਗਏ। ਇਹ ਧੰਦਾ 3-4 ਪੀੜ੍ਹੀਆਂ ਤੋਂ ਚਲਾਇਆ ਸੀ। ਕਾਫ਼ੀ ਲੰਮੇ ਸਮੇਂ ਤੋਂ ਮੇਰੇ ਮਨ ਵਿਚ ਝੂਠ ਦੀ ਦੁਕਾਨ ਨੂੰ ਬੰਦ ਕਰਨ ਜਾਂ ਉਸ ਨੂੰ ਮੁਸਲਮਾਨ ਮੱਤ ਵਿਚ ਲਿਆਉਣ ਦਾ ਖਿਆਲ ਸੀ।"

ਕਈ ਮੁਸਲਮਾਨਾਂ ਦਾ ਅਰਜਨ ਦੇਵ ਜੀ ਦੇ ਪੈਰੋਕਾਰ ਬਣ ਜਾਣ 'ਤੇ ਜਹਾਂਗੀਰ ਔਖਾ ਸੀ। ਉਹ ਗੁਰੂ ਜੀ ਨੂੰ ਇਸਲਾਮ ਦੇ ਦੇ ਰਾਹ ਵਿਚ ਰੁਕਾਵਟ ਸਮਝਦਾ ਸੀ। ਇਸ ਤਰ੍ਹਾਂ ਮੁਸਲਮਾਨ ਹਕੂਮਤ ਦੀ ਸਿੱਖ ਲਹਿਰ ਨਾਲ ਟੱਕਰ ਅਵੱਸ਼ ਸੀ। ਜਹਾਂਗੀਰ ਇਕੱਲਾ ਗੁਰੂ ਜੀ ਨੂੰ ਹੀ ਸ਼ਹੀਦ ਨਹੀਂ ਕਰਨਾ ਚਾਹੁੰਦਾ ਸੀ ਸਗੋਂ ਉਹ ਸਿੱਖ ਲਹਿਰ ਦੀ ਵਿਚਾਰਧਾਰਾ ਨੂੰ ਮਾਰਨਾ ਚਾਹੁੰਦਾ ਸੀ, ਜਿਸ ਨੂੰ ਉਸ ਨੇ ਝੂਠੀ ਦੁਕਾਨਦਾਰੀ ਦਾ ਨਾਂ ਦਿੱਤਾ। ਇਹ ਸਮੁੱਚੀ ਸਿੱਖ ਲਹਿਰ 'ਤੇ ਹਮਲਾ ਸੀ, ਜੋ ਮੁਗ਼ਲ ਹਕੂਮਤ ਲਈ ਇਕ ਵੰਗਾਰ ਬਣੀ ਹੋਈ ਸੀ। ਗੁਰੂ ਜੀ ਜਾਣਦੇ ਸਨ ਕਿ ਜਿਸ ਰਾਹ 'ਤੇ ਉਹ ਚੱਲ ਰਹੇ ਹਨ ਉਸ ਦੇ ਨਤੀਜੇ ਕੀ ਹੋਣਗੇ। ਇਸਲਾਮ ਛੱਡ ਕੇ ਹੋਰ ਧਰਮ ਅਪਨਾਉਣ ਵਾਲੇ ਲਈ ਮੌਤ ਦੀ ਸਜ਼ਾ ਸੀ। ਗੁਰੂ ਜੀ ਆਪਣੀ ਵਿਚਾਰਧਾਰਾ ਬਦਲਣ ਅਤੇ ਗੁਰੂ-ਮਰਿਆਦਾ ਦਾ ਰਾਹ ਛੱਡਣ ਲਈ ਕਦੇ ਵੀ ਤਿਆਰ ਨਹੀਂ ਸਨ ਹੋ ਸਕਦੇ। ਸਮਰੱਥ ਗੁਰੂ ਇਸ ਦੇ ਨਤੀਜਿਆਂ ਤੋਂ ਵਾਕਫ਼ ਸਨ, ਜਿਸ ਨਾਲ ਕੌਮ ਨੇ ਜ਼ੁਲਮ ਦੇ ਖ਼ਿਲਾਫ਼ ਤਿਆਰ ਹੋਣਾ ਸੀ।

ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵਧਦੀ ਗਈ। ਜਦੋਂ ਗੁਰੂ ਅਰਜਨ ਦੇਵ ਜੀ ਨੂੰ ਬਾਣੀ ਬਦਲ ਦੇਣ ਲਈ ਕਿਹਾ ਤਾਂ ਉਨ੍ਹਾਂ ਨੇ ਪੁਰਜ਼ੋਰ



ਨਾਂਹ ਕਰ ਦਿੱਤੀ। ਜਹਾਂਗੀਰ ਗੁਰੂ ਜੀ ਨੂੰ ਮੁਸਲਮਾਨ ਮੱਤ ਵਿਚ ਲਿਆਉਣਾ ਚਾਹੁੰਦਾ ਸੀ, ਤਾਂ ਜੋ ਗੁਰੂ ਜੀ ਦੇ ਪੈਰੋਕਾਰ ਵੀ ਮੁਸਲਮਾਨ ਬਣ ਜਾਣ। ਜਦ ਗੁਰੂ ਜੀ ਨੇ ਇਸਲਾਮ ਨਾ ਕਬੂਲਿਆਂ ਤਾਂ ਜਹਾਂਗੀਰ ਨੇ ਸਜ਼ਾ ਸੁਣਾ ਦਿੱਤੀ ਪਰ ਗੁਰੂ ਜੀ ਜ਼ਰਾ ਵੀ ਡੋਲੇ ਨਹੀਂ। ਗੁਰੂ ਜੀ ਜੁਰਮਾਨਾ ਅਦਾ ਕਰਕੇ ਬਚ ਸਕਦੇ ਸਨ ਜੋ ਮੌਤ ਦੀ ਸਜ਼ਾ 'ਤੇ ਲਾਇਆ ਗਿਆ ਸੀ। ਗੁਰੂ ਜੀ ਨੇ ਕਿਹਾ ਕਿ ਮੈਂ ਤੈਨੂੰ ਧਨ ਕਿਸੇ ਕੀਮਤ 'ਤੇ ਨਹੀਂ ਦੇ ਸਕਦਾ। ਮੈਂ ਉਸ ਅਕਾਲ ਪੁਰਖ ਨੂੰ ਮੰਨਦਾ ਹਾਂ, ਮੈਂ ਕਿਸੇ ਦੁਨਿਆਵੀ ਬਾਦਸ਼ਾਹ ਨੂੰ ਨਹੀਂ ਮੰਨਦਾ। ਇਸ ਨਾਲ ਸਿੱਖ ਲਹਿਰ ਦੀ ਹਕੂਮਤ ਵਿਰੁੱਧ ਸਿੱਧੀ ਟੱਕਰ ਹੋ ਗਈ। ਗੁਰੂ ਜੀ ਨੇ ਖੁਸਰੋ, ਜੋ ਰਾਜ-ਸੱਤਾ ਪ੍ਰਾਪਤ ਕਰਨਾ ਚਾਹੁੰਦਾ ਸੀ, ਜਿਸ ਨੇ ਜਹਾਂਗੀਰ ਦੇ ਖ਼ਿਲਾਫ਼ ਬਗ਼ਾਵਤ ਕਰ ਦਿੱਤੀ ਸੀ, ਨੂੰ ਅਸ਼ੀਰਵਾਦ ਦਿੱਤਾ ਅਤੇ ਉਸ ਦੀ ਧਨ ਮਾਲ ਨਾਲ ਵੀ ਸਹਾਇਤਾ ਕੀਤੀ। ਇਹ ਸਿੱਧੀ ਸਿਆਸੀ ਵੰਗਾਰ ਸੀ। ਗੁਰੂ ਜੀ ਨੇ ਖੁਸਰੋ ਦੇ ਰਾਜ ਗੱਦੀ ਦੇ ਦਾਅਵੇ ਨੂੰ ਠੀਕ ਸਮਝਿਆ ਸੀ। ਖੁਸਰੋ ਨੂੰ ਪਨਾਹ ਦੇਣ ਦੇ ਬਹਾਨੇ ਹੇਠ ਜੂਨ 1606 ਵਿਚ ਗੁਰੂ ਅਰਜਨ ਦੇਵ ਜੀ ਨੂੰ ਜਹਾਂਗੀਰ ਦੇ ਰਾਜ ਨੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਇਸ ਜਗ੍ਹਾ 'ਤੇ ਗੁਰਦੁਆਰਾ ਡੇਹਰਾ ਸਾਹਿਬ ਪਾਕਿਸਤਾਨ ਵਿਚ ਸਥਾਪਤ ਹੈ। ਗੁਰੂ ਜੀ ਨੇ ਇਹ ਜਾਣ ਲਿਆ ਸੀ ਕਿ ਸਿੱਖ ਲਹਿਰ ਨੂੰ ਅੱਗੇ ਚਲਾਉਣ ਲਈ ਹਕੂਮਤਾਂ ਨਾਲ ਟੱਕਰ ਲੈਣੀ ਹੀ ਹੋਵੇਗੀ। ਲਾਹੌਰ ਜਾਣ ਤੋਂ ਪਹਿਲਾਂ ਸਮਰੱਥ ਗੁਰੂ ਜੀ ਨੇ ਜਾਣ ਲਿਆ ਸੀ ਕਿ ਸੱਚ-ਖੰਡ ਜਾਣ ਦਾ ਵੇਲਾ ਆ ਗਿਆ ਹੈ। ਉਹਨਾਂ ਹਰਿਗੋਬਿੰਦ ਸਾਹਿਬ ਨੂੰ ਗੱਦੀ 'ਤੇ ਬੈਠਾਉਣ ਦਾ ਐਲਾਨ ਕਰ ਦਿੱਤਾ। ਉਨ੍ਹਾਂ ਮੀਆਂ ਮੀਰ ਨੂੰ ਕਿਹਾ ਕਿ ਉਹ ਇਹ ਤਸੀਹੇ ਕੌਮ ਲਈ ਮਿਸਾਲ ਪੈਦਾ ਕਰਨ ਲਈ ਜਰ ਰਹੇ ਹਨ। ਇਹ ਕੁਰਬਾਨੀ ਆਉਣ ਵਾਲੇ ਸਮੇਂ ਵਿਚ ਹਥਿਆਰਬੰਦ ਹੋਣ ਦੀ ਜ਼ਰੂਰਤ ਦੀ ਸ਼ੁਰੂਆਤ ਹੈ। ਉਨ੍ਹਾਂ ਨੇ ਹਰਿਗੋਬਿੰਦ ਜੀ ਨੂੰ ਚਿਤਾਵਨੀ ਦਿੱਤੀ ਕਿ ਤਖ਼ਤ 'ਤੇ ਹਥਿਆਰਬੰਦ ਹੋ ਕੇ ਬੈਠੋ ਅਤੇ ਵੱਧ ਤੋਂ ਵੱਧ ਫ਼ੌਜ ਰੱਖੋ।

ਇਸ ਤਰ੍ਹਾਂ ਗੁਰੂ ਜੀ ਸਿੱਖ ਧਰਮ ਨੂੰ ਸਿਖ਼ਰ 'ਤੇ ਪਹੁੰਚਾ ਕੇ ਸ਼ਹੀਦ ਹੋਏ। ਉਨ੍ਹਾਂ ਨੇ ਰੱਬ ਦੀ ਰਜ਼ਾ ਵਿਚ ਰਹਿੰਦਿਆਂ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ।

"ਤੇਰਾ ਕੀਆ ਮੀਠਾ ਲਾਗੈ।।
ਹਰਿ ਨਾਮੁ ਪਦਾਰਥ ਨਾਨਕ ਮਾਂਗੈ।।"

ਉਨ੍ਹਾਂ ਲੋਕਾਈ ਦੇ ਦਰਦ ਨੂੰ ਪਿੰਡੇ 'ਤੇ ਝੱਲਦਿਆਂ ਲਾਸਾਨੀ ਸ਼ਹਾਦਤ ਦਿੱਤੀ। ਗੁਰੂ ਜੀ ਨੇ "ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰਿ ਧਰਿ ਤਲੀ ਗਲੀ ਮੇਰੀ ਆਉ।।" ਦ੍ਰਿੜ ਕਰ ਵਿਖਾਇਆ ਕਿ ਜੋ ਕੁਝ ਵੀ ਹੋਵੇ ਹੱਸ ਕੇ ਸਹੋ, ਭਾਣਾ ਮੰਨੋ ਪਰ ਅਸੂਲ ਨਾ ਛੱਡੋ। ਸੱਚ ਨੂੰ ਹੱਥੋਂ ਨਾ ਜਾਣ ਦਿਓ, ਜ਼ਾਲਮ ਅਤੇ ਜ਼ੁਲਮ ਦਾ ਨਾਸ਼ ਕਰੋ। ਜ਼ਿੱਲ੍ਹਤ ਦੀ ਜ਼ਿੰਦਗੀ ਨਾਲੋਂ ਮੌਤ ਨੂੰ ਉੱਚਾ ਸਮਝੋ। ਗੁਰੂ ਜੀ ਨੇ ਸੰਗਤ ਨੂੰ ਉਪਦੇਸ਼ ਮਾਤਰ ਹੀ ਨਹੀਂ ਦੱਸਿਆ ਸਗੋਂ ਦੁੱਖ-ਪੀੜਾ ਕਸ਼ਟ ਆਪ ਸਹਿ ਸਹਿ ਕੇ ਸਿੱਖਿਆ ਦਿੱਤੀ ਹੈ।

ਗੁਰੂ ਅਰਜਨ ਦੇਵ ਜੀ ਨੇ ਸਿੱਖ ਇਤਿਹਾਸ ਵਿਚ ਸ਼ਹੀਦਾਂ ਦੇ ਸਿਰਤਾਜ ਵਜੋਂ ਫ਼ਖ਼ਰ ਵਾਲਾ ਰੁਤਬਾ ਪ੍ਰਾਪਤ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਗੁਰਗੱਦੀ 'ਤੇ ਬੈਠਦਿਆਂ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ, ਜੋ ਰਾਜਸੀ ਅਤੇ ਅਧਿਆਤਮਕ ਸ਼ਕਤੀ ਦਾ ਸੁਮੇਲ ਹਨ। ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਵਿਚ ਕੁਰਬਾਨੀ ਦਾ ਐਸਾ ਜਜ਼ਬਾ ਭਰਿਆ ਕਿ ਅਣਗਿਣਤ ਸ਼ਹੀਦਾਂ ਨੇ ਸਿੱਖੀ ਦੇ ਬੂਟੇ ਨੂੰ ਆਪਣੇ ਖ਼ੂਨ ਨਾਲ ਸਿੰਜ ਕੇ ਕੌਮ ਦੇ ਵਡਮੁੱਲੇ ਵਿਰਸੇ ਨੂੰ ਹੋਰ ਵੀ ਸ਼ਿੰਗਾਰਿਆ। ਇਨ੍ਹਾਂ ਸ਼ਹਾਦਤਾਂ ਨੇ ਜ਼ਾਲਮ ਹਕੂਮਤਾਂ ਦੇ ਥੰਮ ਹਿਲਾ ਦਿੱਤੇ। ਸਦੀਆਂ ਤੋਂ ਦੱਬੇ ਕੁਚਲੇ ਲੋਕਾਂ ਨੂੰ ਆਣਖ ਅਤੇ ਸਵੈਮਾਣ ਵਾਲਾ ਜੀਵਨ ਜੀਣ ਦੀ ਜਾਚ ਸਿਖਾਈ। ਸਮੂਹ ਸ਼ਹੀਦਾਂ ਦੀ ਕੁਰਬਾਨੀ ਨੂੰ ਕੌਮ ਦਾ ਪ੍ਰਣਾਮ ਹੈ।

*ਉਂਜ, ਹਕੀਕਤ ਹੁਣ ਇਹ ਹੈ ਕਿ ਸਾਨੂੰ ਵੱਖ ਵੱਖ ਸਮਿਆਂ ਦੌਰਾਨ ਧਾਰਾ 29 ਜ਼ੋਰ-ਸ਼ੋਰ ਨਾਲ ਉਠਾਉਣ ਲਈ ਮਜਬੂਰ ਕੀਤਾ ਗਿਆ, ਤੇ ਫਿਰ ਇਹ ਸਾਬਤ ਹੋਇਆ ਕਿ ਅਸੀਂ ਇਕ ਰਾਸ਼ਟਰ ਵਜੋਂ ਛੋਟੇ, ਕਮਜ਼ੋਰ ਤੇ ਲੋੜਵੰਦਾਂ ਦੀ ਸੁਰੱਖਿਆ ਲਈ ਇਨ੍ਹਾਂ ਨਾਲ ਇੱਕਮਿੱਕ ਹੋਣ, ਮੱਤਭੇਦ ਦੂਰ ਕਰਨ ਤੇ ਸਹਿਹੋਂਦ ਨਾਲ ਰਲਮਿਲ ਕੇ ਰਹਿਣ ਵਾਲਾ ਸਮਾਜ ਨਹੀਂ ਸਿਰਜ ਸਕੇ। ਇਸ ਦੀ ਤਾਜ਼ਾ ਤੇ ਉਦਾਸ ਕਰਨ ਵਾਲੀ ਮਿਸਾਲ ਭਾਰਤ ਦੇ ਉੱਤਰ-ਪੂਰਬੀ ਹਿੱਸੇ ਵਿਚ ਮਿਲਦੀ ਹੈ। ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਦਾ ਪੰਜਾਬੀ ਲੇਨ ਇਲਾਕਾ ਹਫਤਾ ਭਰ ਹਮਲੇ ਦੀ ਮਾਰ ਹੇਠ ਰਿਹਾ। ਸਿੱਖ ਜਿਹੜੇ ਕਰੀਬ ਇਕ ਸਦੀ ਪਹਿਲਾਂ ਪੰਜਾਬ ਤੋਂ ਸ਼ਿਲਾਂਗ ਪਰਵਾਸ ਕਰ ਗਏ ਸਨ, ਸਥਾਨਕ ਗੁੰਡਿਆਂ ਦਾ ਨਿਸ਼ਾਨਾ ਬਣੇ ਹੋਏ ਹਨ। ਇਹ ਹਮਲੇ ਸਥਾਨਕ ਬਨਾਮ ਬਾਹਰੀ, ਬਹੁਗਿਣਤੀ ਬਨਾਮ ਘੱਟਗਿਣਤੀ ਹਨ।*

# ਕੀ ਹੋਵੇ ਘੱਟਗਿਣਤੀ ਦਰਜਾ ਮਿਥਣ ਦਾ ਪੈਮਾਨਾ

**ਰਾਜੇਸ਼ ਰਾਮਾਚੰਦਰਨ***



ਲੋਕਤੰਤਰ ਵਿਚ ਘੱਟਗਿਣਤੀ ਢਹਿੰਦੀ ਕਲਾ ਵਿਚ ਲਿਜਾਣ ਵਾਲਾ ਸ਼ਬਦ ਹੈ। ਅਸਲ ਪਰਿਭਾਸ਼ਾ ਅਨੁਸਾਰ ਇਸ ਦੇ ਅਰਥ ਹਨ- ਪਸਤ ਹੋਇਆ। ਭਾਰਤੀ ਪ੍ਰਸੰਗ ਵਿਚ ਇਹ ਸ਼ਬਦ ਅਨੇਕ ਅਰਥ ਰੱਖਦਾ ਹੈ, ਮੁਢਲੇ ਤੌਰ 'ਤੇ ਇਹ ਧਰਮ ਨਾਲ ਜੁੜਿਆ ਹੋਇਆ ਹੈ ਪਰ ਇਸ ਦਾ ਪ੍ਰਸੰਗ ਵਿਚਾਰਧਾਰਕ, ਸੱਭਿਆਚਾਰਕ, ਭਾਸ਼ਾਵਾਂ, ਲਿੰਗ ਵਿਤਕਰੇ ਤੇ ਕਈ ਹੋਰ ਪੱਖਾਂ ਤੋਂ ਵੀ ਹੈ। ਸੰਵਿਧਾਨ ਦੀ ਧਾਰਾ 29 ਸਾਨੂੰ "ਘੱਟਗਿਣਤੀਆਂ ਦੇ ਹਿੱਤਾਂ ਦੀ ਸੁਰੱਖਿਆ ਦਾ ਯਕੀਨ ਬੰਨ੍ਹਾਉਂਦੀ ਹੈ: ਮੁਲਕ ਦੇ ਕਿਸੇ ਵੀ ਹਿੱਸੇ ਵਿਚ ਵੱਸਦੇ ਨਾਗਰਿਕਾਂ ਦੇ ਕਿਸੇ ਵੀ ਵਰਗ ਜਾਂ ਕਿਸੇ ਵੀ ਹਿੱਸੇ ਦੀ ਵਿਲੱਖਣ ਭਾਸ਼ਾ, ਲਿੱਪੀ ਜਾਂ ਸੱਭਿਆਚਾਰ ਦੀ ਸਾਂਭ-ਸੰਭਾਲ ਦਾ ਉਥੋਂ ਦੇ ਲੋਕਾਂ ਨੂੰ ਹੱਕ ਹੋਵੇਗਾ।" ਇਸ ਲਈ ਮੇਰੀ ਭਾਸ਼ਾ, ਸਾਹਿਤ, ਸੰਗੀਤ, ਉਂਗਲਾਂ ਨਾਲ ਚੌਲ ਖਾਣ ਦੀ ਆਦਤ (ਹੈਰਾਨ ਹਾਂ ਕਿ ਲੋਕ ਓਪਰੇ ਛੁਰੀ ਕਾਂਟੇ ਨੂੰ ਤਰਜੀਹ ਕਿਉਂ ਦਿੰਦੇ ਹਨ) ਅਤੇ 'ਮੁੰਡੂ' ਪਹਿਨਣਾ (ਲੱਕ ਦੁਆਲੇ ਲਪੇਟੀ ਧੋਤੀ), ਸਭ ਸੰਵਿਧਾਨ ਦੁਆਰਾ ਸੁਰੱਖਿਅਤ ਹਨ ਭਾਵੇਂ ਮੈਂ ਇਸ ਉਪ ਮਹਾਂਦੀਪ ਵਿਚ ਕਿਤੇ ਵੀ ਰਹਿ ਰਿਹਾ ਹੋਵਾਂ। ਉਂਜ, ਹਕੀਕਤ ਹੁਣ ਇਹ ਹੈ ਕਿ ਸਾਨੂੰ ਵੱਖ ਵੱਖ ਸਮਿਆਂ ਦੌਰਾਨ ਧਾਰਾ 29 ਜ਼ੋਰ-ਸ਼ੋਰ ਨਾਲ ਉਠਾਉਣ ਲਈ ਮਜਬੂਰ ਕੀਤਾ ਗਿਆ, ਤੇ ਫਿਰ ਇਹ ਸਾਬਤ ਹੋਇਆ ਕਿ ਅਸੀਂ ਇਕ ਰਾਸ਼ਟਰ ਵਜੋਂ ਛੋਟੇ, ਕਮਜ਼ੋਰ ਤੇ ਲੋੜਵੰਦਾਂ ਦੀ ਸੁਰੱਖਿਆ ਲਈ ਇਨ੍ਹਾਂ ਨਾਲ ਇੱਕਮਿੱਕ ਹੋਣ, ਮੱਤਭੇਦ ਦੂਰ ਕਰਨ ਤੇ ਸਹਿਹੋਂਦ ਨਾਲ ਰਲਮਿਲ ਕੇ ਰਹਿਣ ਵਾਲਾ ਸਮਾਜ ਨਹੀਂ ਸਿਰਜ ਸਕੇ। ਇਸ ਦੀ ਤਾਜ਼ਾ ਤੇ ਉਦਾਸ ਕਰਨ ਵਾਲੀ ਮਿਸਾਲ ਭਾਰਤ ਦੇ ਉੱਤਰ-ਪੂਰਬੀ ਹਿੱਸੇ ਵਿਚ ਮਿਲਦੀ ਹੈ। ਮੇਘਾਲਿਆ ਦੀ ਰਾਜਧਾਨੀ ਸ਼ਿਲਾਂਗ ਦਾ ਪੰਜਾਬੀ ਲੇਨ ਇਲਾਕਾ ਹਫਤਾ ਭਰ ਹਮਲੇ ਦੀ ਮਾਰ ਹੇਠ ਰਿਹਾ। ਸਿੱਖ ਜਿਹੜੇ ਕਰੀਬ ਇਕ ਸਦੀ ਪਹਿਲਾਂ ਪੰਜਾਬ ਤੋਂ ਸ਼ਿਲਾਂਗ ਪਰਵਾਸ ਕਰ ਗਏ ਸਨ, ਸਥਾਨਕ ਗੁੰਡਿਆਂ ਦਾ ਨਿਸ਼ਾਨਾ ਬਣੇ ਹੋਏ ਹਨ। ਇਹ ਹਮਲੇ ਸਥਾਨਕ ਬਨਾਮ ਬਾਹਰੀ, ਬਹੁਗਿਣਤੀ ਬਨਾਮ ਘੱਟਗਿਣਤੀ ਹਨ।

ਘੱਟਗਿਣਤੀ ਦੀ ਅਸਲ ਧਾਰਨਾ ਦੀ ਇਸ ਅਣਕਿਆਸੀ ਦਲੀਲ ਨਾਲ ਪਰਖ ਹੋ ਗਈ ਹੈ। ਮੇਘਾਲਿਆ ਮੁੱਖ ਤੌਰ 'ਤੇ ਇਸਾਈ ਬਹੁਗਿਣਤੀ ਵਾਲਾ ਰਾਜ ਹੈ ਅਤੇ ਅਸੀਂ ਇਹ ਆਰਾਮ ਨਾਲ ਮੰਨ ਸਕਦੇ ਹਾਂ ਕਿ ਸਿੱਖਾਂ ਉਪਰ ਹਮਲੇ ਕਰਨੇ ਤੇ ਉਨ੍ਹਾਂ ਨੂੰ ਬਾਹਰਲੇ ਕਹਿਣ ਵਰਗੇ ਦੋਸ਼ ਲਾਉਣੇ ਸਥਾਨਕ ਲੋਕਾਂ ਵੱਲੋਂ ਆਪਣੀ ਇਸਾਈ ਪਛਾਣ ਦੀ ਹੱਕ-ਜਤਾਈ ਵਾਸਤੇ ਹਨ। ਇਸ ਨੂੰ ਹੋਰ ਹੇਠਲੇ ਪੱਧਰ 'ਤੇ ਆ ਕੇ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਇਹ ਦੂਰੋਂ ਪੰਜਾਬ ਤੋਂ ਆਏ ਲੋਕਾਂ ਤੋਂ ਆਪਣੀ ਸਥਾਨਕ ਕਬਾਇਲੀ ਪਛਾਣ ਬਚਾਉਣਾ ਵੀ ਹੋ ਸਕਦਾ ਹੈ। ਦੂਜੇ ਪਾਸੇ, ਇਸਾਈ ਅਤੇ ਖਾਸੀ ਵਜੋਂ ਇਹੋ ਸਥਾਨਕ ਲੋਕ ਵਿਸ਼ਾਲ ਕੌਮੀ ਸਮਾਜਿਕ-ਸਿਆਸੀ ਪ੍ਰਸੰਗ ਵਿੱਚ ਅਸੁਰੱਖਿਅਤ ਘੱਟਗਿਣਤੀ ਹਨ! ਉਹ ਆਪਣੀ ਸਰਦਾਰੀ ਵਾਲੇ ਇਲਾਕੇ ਅਤੇ ਇਸ ਤੋਂ ਬਾਹਰਲੇ ਖੇਤਰ ਵਿਚ ਆਪਣੀਆਂ ਧਾਰਮਿਕ, ਸਮਾਜਿਕ ਤੇ ਸਿੱਖਿਆ ਸੰਸਥਾਵਾਂ ਦੀ ਸੰਵਿਧਾਨਕ ਸੁਰੱਖਿਆ ਚਾਹੁੰਦੇ ਹਨ।

ਇਹ ਅਜੀਬ ਇਤਫ਼ਾਕ ਹੈ ਕਿ ਸ਼ਿਲਾਂਗ ਵਿਚ ਜਿਹੜੇ ਪੀੜਤ ਹੋਏ ਹਨ, ਉਹ ਵੀ ਘੱਟਗਿਣਤੀ ਹਨ। ਧਾਰਮਿਕ ਗਰੁੱਪ ਵਜੋਂ ਕੌਮੀ ਪੱਧਰ 'ਤੇ ਸਿੱਖ, ਇਸਾਈਆਂ ਨਾਲੋਂ ਛੋਟੀ ਘੱਟਗਿਣਤੀ ਹਨ। ਸਭ ਤੋਂ ਮਾੜੀ ਗੱਲ ਇਹ ਕਿ ਜਿਹੜੇ ਨਿਸ਼ਾਨਾ ਬਣਾਏ ਜਾ ਚੁੱਕੇ ਹਨ, ਉਹ ਦਲਿਤ ਜਾਂ ਵਾਲਮੀਕੀ ਸਿੱਖ ਹਨ ਜਿਨ੍ਹਾਂ ਕੋਲੋਂ ਬਰਤਾਨਵੀ ਸਰਕਾਰ ਬਹੁਤ ਨੀਵੇਂ ਪੱਧਰ ਦੇ ਸਿਰ 'ਤੇ ਗੰਦਗੀ ਢੋਣ ਵਾਲੇ ਕੰਮ ਥਲ ਸੈਨਾ, ਰੇਲਵੇ ਤੇ ਨਗਰ ਕੌਂਸਲਾਂ ਵਿਚ ਲੈਂਦੀ ਰਹੀ ਹੈ। ਇਸ ਲਈ ਪੰਜਾਬੀ ਲੇਨ ਦੇ ਵਸਨੀਕ ਕੌਮੀ ਪੱਧਰ 'ਤੇ ਮਾਨਤਾਪ੍ਰਾਪਤ ਘੱਟਗਿਣਤੀ ਭਾਈਚਾਰੇ ਦੀ ਸਹੀ ਪ੍ਰਤੀਨਿਧਤਾ ਨਹੀਂ ਕਰਦੇ। ਇਹ ਸ਼ਿਲਾਂਗ ਜਾਂ ਹੋਰ ਥਾਵਾਂ 'ਤੇ ਰਹਿਣ ਵਾਲੇ ਗਰੀਬਾਂ ਦੇ ਗਰੀਬ, ਅਤਿ ਪਛੜੇ ਅਤੇ ਤਰਸਯੋਗ ਜੀਵਨ ਹਾਲਾਤ ਵਾਲੇ ਵਾਲਮੀਕਿ ਹਨ। ਘੱਟਗਿਣਤੀ ਦੇ ਖ਼ਿਲਾਫ਼ ਘੱਟਗਿਣਤੀ ਵਾਲੀ ਇਹ ਬੁਝਾਰਤ ਸਾਨੂੰ ਘੱਟਗਿਣਤੀ ਵਾਲੀ ਸਾਂਝ ਦੇ ਸੰਕਲਪ ਬਾਰੇ ਮੁੜ ਮੁਲੰਕਣ ਕਰਨ ਲਈ ਮਜਬੂਰ ਕਰਦੀ ਹੈ।

ਕੀ ਸਾਨੂੰ ਤਕਨੀਕੀ ਤੌਰ 'ਤੇ ਇਕ ਭਾਈਚਾਰੇ ਨੂੰ ਉਸ ਦੀ ਕੌਮੀ ਜਨਗਣਨਾ ਰਿਕਾਰਡ ਵਿਚ ਦਰਜ ਗਿਣਤੀ ਨੂੰ ਆਧਾਰ ਬਣਾ ਕੇ ਘੱਟਗਿਣਤੀ ਕਹਿਣਾ ਚਾਹੀਦਾ ਹੈ ਜਾਂ ਫਿਰ ਸੰਵੇਦਨਸ਼ੀਲਤਾ ਨਾਲ ਪੜਚੋਲ ਲਈ ਨਵਾਂ ਵਰਗ ਹੋਣਾ ਚਾਹੀਦਾ ਹੈ ਅਤੇ ਹਰ ਭਾਈਚਾਰੇ ਦਾ ਉਸ ਦੇ ਸਮਾਜਿਕ ਰੁਤਬੇ ਅਤੇ ਸਮੁੱਚੇ ਪ੍ਰਸੰਗ ਵਿਚ ਉਹ ਦੂਜੇ ਗਰੁੱਪਾਂ ਨਾਲ ਕਿਵੇਂ ਵਿਹਾਰ ਕਰਦਾ ਹੈ, ਨੂੰ ਆਧਾਰ ਬਣਾ ਕੇ ਵਰਗੀਕਰਨ ਕਰਨਾ ਚਾਹੀਦਾ ਹੈ।

ਸਾਡੀ ਪ੍ਰਣਾਲੀ ਪੂਰੀ ਤਰ੍ਹਾਂ ਭਿੰਨ ਹੈ ਪਰ ਕੁਝ ਕੁ ਨੂੰ ਛੱਡ ਕੇ ਤਕਰੀਬਨ ਸਾਰੇ ਭਾਈਚਾਰੇ ਵਿਸ਼ੇਸ਼ ਹਲਕਿਆਂ ਵਿਚ ਘੱਟਗਿਣਤੀ ਹਨ। ਸਾਰੇ



ਜਾਣਦੇ ਹਨ ਕਿ ਜਾਤੀ ਧੜੇਬੰਦੀ ਆਧਾਰਿਤ ਸਾਰੇ ਸਿਆਸੀ ਫਾਰਮੂਲੇ ਬੁਰੀ ਤਰ੍ਹਾਂ ਫੇਲ੍ਹ ਹੋ ਚੁੱਕੇ ਹਨ ਕਿਉਂਕਿ ਕੋਈ ਵੀ ਭਾਈਚਾਰਾ ਕਿਸੇ ਵੀ ਹਲਕੇ ਜਾਂ ਰਾਜ ਵਿਚ ਚੋਣ ਨਤੀਜੇ ਆਪਣੀ ਮਰਜ਼ੀ ਮੁਤਾਬਿਕ ਨਹੀਂ ਦੇ ਸਕਦਾ। ਇਥੋਂ ਤਕ ਕਿ ਜਦੋਂ ਕਿਸੇ ਵਿਧਾਨ ਸਭਾ ਹਲਕੇ ਵਿਚ ਸਿਆਸੀ ਟੁੱਟ-ਭੱਜ ਹੋਵੇ, ਸਾਰੀਆਂ ਹੋਰ ਜਾਤਾਂ ਤੇ ਭਾਈਚਾਰੇ ਇਕੱਠੇ ਹੋ ਕੇ ਬਹੁਗਿਣਤੀ ਵਾਲੇ ਭਾਈਚਾਰੇ ਨੂੰ ਹਰਾ ਸਕਦੇ ਹਨ। ਇਹੀ ਕਾਰਨ ਹੈ ਕਿ ਲਾਲੂ ਪ੍ਰਸਾਦ ਯਾਦਵ ਤੇ ਮੁਲਾਇਮ ਸਿੰਘ ਯਾਦਵ, ਦੋਵੇਂ ਮਿਲ ਕੇ ਮੁਸਲਿਮ-ਯਾਦਵ ਵੋਟ ਬੈਂਕ ਬਣਾ ਕੇ ਸੱਤਾ ਵਿਰੋਧੀ ਲਹਿਰ ਨੂੰ ਖੁੰਡਾ ਕਰ ਸਕਦੇ ਹਨ। ਉਂਜ ਗਿਣਤੀ ਪੱਖੋਂ ਮਜ਼ਬੂਤ ਭਾਈਚਾਰਿਆਂ ਦਾ ਗਰੁੱਪ ਵੀ ਹਿੰਦੀ ਬੈਲਟ ਵਿਚ ਅਕਸਰ ਹਾਰਦਾ ਰਿਹਾ ਹੈ। ਇਹ ਸਾਰੀਆਂ ਧੜੇਬੰਦੀਆਂ ਅਨਿਯਮਿਤ ਤੇ ਦਾਅ-ਪੇਚ ਵਾਲੀਆਂ ਹਨ। 1993 ਦਾ ਦਲਿਤ-ਯਾਦਵ ਗਠਜੋੜ ਦੋ ਦਹਾਕੇ ਅਮਲ ਵਿਚ ਨਾ ਰਿਹਾ ਅਤੇ ਆਖ਼ਰ 2018 ਵਿਚ ਫੂਲਪੁਰ ਤੇ ਗੋਰਖਪੁਰ ਜ਼ਿਮਨੀ ਚੋਣ ਸਮੇਂ ਫਿਰ ਇੱਕਮੁੱਠ ਹੋ ਕੇ ਸਾਹਮਣੇ ਆਇਆ।

ਇਸ ਲਈ ਕਿਸੇ ਭਾਈਚਾਰੇ ਜਾਂ ਜਾਤ ਧੜੇ ਦੇ ਘਟਗਿਣਤੀ ਹੋਣ ਦੀ ਧਾਰਨਾ ਨੂੰ ਮਸ਼ੀਨੀ (ਮਕੈਨੀਕਲ) ਪੱਧਰਾਂ ਰਾਹੀਂ ਮਿਥਿਆ ਨਹੀਂ ਜਾ ਸਕਦਾ। ਆਦਰਸ਼ ਤੇ ਬਰਾਬਰੀ ਵਾਲੇ ਸਮਾਜ ਵਿਚ ਕੋਈ ਵੀ ਭਾਈਚਾਰਾ ਕਿਤੇ ਘੱਟਗਿਣਤੀ ਤੇ ਕਿਤੇ ਬਹੁਗਿਣਤੀ ਵਿਚ ਤਾਕਤਵਰ ਹੋ ਸਕਦਾ ਹੈ। ਕਸ਼ਮੀਰੀ ਪੰਡਿਤਾਂ ਦੇ ਭਾਈਚਾਰੇ ਨੇ ਮੁਲਕ ਨੂੰ ਦੋ ਪ੍ਰਧਾਨ ਮੰਤਰੀ ਦਿੱਤੇ ਹਨ, ਪਰ ਅੱਜ ਇਹ ਬੁਰੀ ਤਰ੍ਹਾਂ ਡਰੀ ਹੋਈ ਘੱਟਗਿਣਤੀ ਹੈ ਅਤੇ ਇਹ ਧਾਰਮਿਕ ਵੱਖਵਾਦ ਦੀ ਸਿਆਸਤ ਕਾਰਨ ਆਪਣੇ ਘਰ ਛੱਡ ਕੇ ਹਿਜਰਤ ਕਰਨ ਲਈ ਮਜਬੂਰ ਹੋ ਗਿਆ। ਪੰਡਿਤ ਸ਼ਰਨਾਰਥੀ ਕੈਂਪਾਂ ਵਿਚ ਰਹਿੰਦੇ ਹਨ ਅਤੇ ਉਹ ਬਿਨਾਂ ਸ਼ੱਕ ਆਪਣੀ ਜਨਮਭੂਮੀ ਦੇ ਇਤਿਹਾਸ ਦਾ ਆਨੰਦ ਨਹੀਂ ਲੈ ਸਕਦੇ ਜਿਸ ਨੇ ਮੁਲਕ ਉਪਰ 37 ਸਾਲ ਰਾਜ ਕੀਤਾ ਸੀ। ਹਰ ਤਜਰਬਾ ਵਿਸ਼ੇਸ਼ ਹੈ, ਖਾਸ ਕਰ ਕੇ ਹਿੰਸਾ ਤੇ ਪਰਵਾਸ ਬਾਰੇ। ਇਹੀ ਕੁਝ ਕਸ਼ਮੀਰ ਵਾਦੀ ਦੇ ਮੁਸਲਮਾਨਾਂ ਬਾਰੇ ਹੈ ਜਿਥੇ ਇਸਲਾਮਿਕ ਸਟੇਟ ਲਈ ਜਹਾਦ ਨੇ ਨੌਜਵਾਨਾਂ ਦੀਆਂ ਕਈ ਪੀੜ੍ਹੀਆਂ ਖਾ ਲਈਆਂ ਅਤੇ ਜਿਹੜੇ ਆਪਣੇ ਸੂਬੇ ਦੇ ਅੰਦਰ ਤੇ ਬਾਹਰ ਇਸ ਕਰ ਕੇ ਨਿਸ਼ਾਨਾ ਬਣਾਏ ਗਏ।

ਪਛਾਣਾਂ ਦੇ ਇਸ ਘੜਮੱਸ ਵਿੱਚ ਕਿਸੇ ਵੀ ਭਾਈਚਾਰੇ ਦਾ ਸਮਾਜਿਕ-ਸਿਆਸੀ ਰੁਤਬਾ ਹੀ ਫੈਸਲਾਕੁਨ ਤੱਥ ਹੋਣਾ ਚਾਹੀਦਾ ਹੈ ਨਾ ਕਿ ਧਰਮ, ਜਾਤ ਜਾਂ ਭਾਸ਼ਾ ਆਦਿ। ਇਨ੍ਹਾਂ ਸੋਝੀਹੀਣ ਠੱਪਿਆਂ ਨੇ ਸਿਆਸਤਦਾਨਾਂ ਨੂੰ ਪੁਰਾਣੇ ਭਾਈਚਾਰਿਆਂ ਨੂੰ ਤੋੜ ਕੇ ਜਾਂ ਨਵੇਂ ਵੋਟ ਬੈਂਕ ਕਾਇਮ ਕਰ ਕੇ ਨਵੇਂ ਘੱਟਗਿਣਤੀ ਭਾਈਚਾਰੇ ਬਣਾਉਣ ਦਾ ਮੌਕਾ ਦਿੱਤਾ ਹੈ, ਜਿਵੇਂ ਕਰਨਾਟਕ ਦੇ ਲਿੰਗਾਇਤ ਭਾਈਚਾਰੇ ਦੇ ਮਾਮਲੇ ਵਿਚ ਹੋਇਆ ਹੈ।

ਇਸ ਲਈ, ਆਓ ਭਾਈਚਾਰਿਆਂ ਦੀ ਦਰਜਾਬੰਦੀ ਉਸ ਦੇ ਸ਼ਕਤੀਸ਼ਾਲੀ ਤੇ ਤਰਸਯੋਗ ਹੋਣ ਅਨੁਸਾਰ ਕਰੀਏ। ਕਿਸੇ ਵੀ ਗਰੁੱਪ ਦੇ ਮੈਂਬਰਾਂ ਦੀ ਗਿਣਤੀ ਨਹੀਂ ਕੀਤੀ ਜਾਣੀ ਚਾਹੀਦੀ ਬਲਕਿ ਇਸ ਦਾ ਫੈਸਲਾ ਕਿਸੇ ਭਾਈਚਾਰੇ ਦੇ ਵਿਸ਼ੇਸ਼ ਸਿਆਸੀ, ਆਰਥਿਕ ਤੇ ਭੂਗੋਲਿਕ ਪੱਖੋਂ ਪਛੜੇ ਹੋਣ ਦੇ ਪ੍ਰਸੰਗ ਵਿਚ ਕੀਤਾ ਜਾਣਾ ਚਾਹੀਦਾ ਹੈ। ਯਕੀਨਨ, ਪਾਰਸੀ ਗਿਣਤੀ ਪੱਖੋਂ ਘੱਟਗਿਣਤੀ ਹਨ ਪਰ ਉਹ ਆਰਥਿਕ ਤੇ ਸਿਆਸੀ ਪੱਖੋਂ ਸ਼ਕਤੀਸ਼ਾਲੀ ਹਨ। ਜਾਟ ਗਿਣਤੀ, ਸਿਆਸਤ ਅਤੇ ਜ਼ਮੀਨ ਹੋਣ ਪੱਖੋਂ ਮੁਲਕ ਦੇ ਕਈ ਜ਼ਿਲ੍ਹਿਆਂ ਵਿਚ ਭਾਰੂ ਹਨ। ਕੀ ਇਨ੍ਹਾਂ ਦਾ ਧਰਮ ਕੋਈ ਮਾਮਲਾ ਹੋਣਾ ਚਾਹੀਦਾ ਹੈ? ਜਿਹੜੇ ਪੱਛਮੀ ਸਿੱਖਿਆ ਮਾਡਲ ਭਾਰਤ ਵਿਚ ਲਿਆਏ ਅਤੇ ਹੁਣ ਵੀ ਸਭ ਤੋਂ ਵੱਧ ਪੜ੍ਹੇ-ਲਿਖੇ ਤੇ ਸਭ ਤੋਂ ਵਧੀਆ ਸਿੱਖਿਆ ਮੁਹੱਈਆ ਕਰਨ ਵਾਲੇ ਹਨ, ਉਨ੍ਹਾਂ ਨੂੰ ਉਸ ਸਮੇਂ ਆਪਣੇ ਆਪ ਘੱਟਗਿਣਤੀ ਨਹੀਂ ਕਹਾਉਣ ਦਿੱਤਾ ਜਾ ਸਕਦਾ ਜਦੋਂ ਮੁੱਦੇ ਸਿੱਖਿਆ ਦੇ ਆਉਂਦੇ ਹਨ।

ਇਕ ਬੰਗਾਲੀ ਬ੍ਰਾਹਮਣ ਨੇ ਆਪਣੇ ਫੇਸਬੁਕ ਪੇਜ ਉਪਰ ਆਪਣੇ ਸ਼ਿਲਾਂਗ ਵਿਚ ਬਾਹਰਲਾ ਹੋਣ ਸਬੰਧੀ ਆਪਣੇ ਜੀਵਨ ਦੀ ਉਦਾਸੀ ਵਾਲੀ ਟਿੱਪਣੀ ਕੀਤੀ। ਇਹ ਡਰ ਨਾਲ ਭਰੇ ਜੀਵਨ ਬਾਰੇ ਸੀ ਜਿਸ ਦਾ ਪ੍ਰਭਾਵ ਛੁਪੀ ਹੋਈ ਨਫ਼ਰਤ ਵਿਚ ਬਦਲ ਗਿਆ ਸੀ। ਜਦੋਂ ਤਕ ਅਸੀਂ ਆਪਣੀ ਕੌਮੀਅਤ ਦਾ ਜਸ਼ਨ ਨਹੀਂ ਮਨਾ ਸਕਦੇ (ਉਨ੍ਹਾਂ ਵਾਂਗ ਜਿਨ੍ਹਾਂ ਨੇ ਮੁੰਬਈ ਵਿਚ ਸੁਨੀਲ ਛੇਤਰੀ ਦਾ ਮਨਾਇਆ) ਸਾਡੀ ਬਹੁਭਾਂਤੀ ਪਛਾਣ ਸਾਡਾ ਇਕ-ਦੂਜੇ ਦਾ ਨੁਕਸਾਨ ਕਰਦੀ ਰਹੇਗੀ। ਆਓ, ਸਾਂਝ ਤੇ ਆਪਸੀ ਰਾਬਤੇ ਦੇ ਨਵੇਂ ਨਿਯਮ ਘੜੀਏ ਅਤੇ ਭਾਰੂ ਤੇ ਪੱਛੜੇ ਭਾਈਚਾਰਿਆਂ ਲਈ ਕੌਮੀ ਪੱਧਰ 'ਤੇ ਨਵਾਂ ਰਜਿਸਟਰ ਲਾਈਏ, ਆਪਣੇ ਆਪ ਨੂੰ ਦੱਸੀਏ ਕਿ ਅਸੀਂ ਮਹਿਜ਼ ਅਜਿਹੇ ਧੱਕੜ ਹਾਂ ਜੋ ਨਿਮਾਣਿਆਂ ਨੂੰ ਚੋਟ ਪਹੁੰਚਾਉਂਦੇ ਹਾਂ।

**(*ਲੇਖਕ 'ਦਿ ਟ੍ਰਿਬਿਊਨ' ਦਾ ਸੰਪਾਦਕ ਹੈ।)**

*ਭੱਖਦਾ ਮਸਲਾ*

# ਭਾਜਪਾ ਨਿਆਂਪਾਲਿਕਾ 'ਤੇ ਕਰਨਾ ਚਾਹੁੰਦੀ ਏ ਕਬਜ਼ਾ

**ਬਰੁਣ ਦਾਸ ਗੁਪਤਾ**



ਇਕ ਭੈੜਾ ਸੱਚ, ਜਿਸ ਬਾਰੇ ਲੰਮੇ ਸਮੇਂ ਤੋਂ ਸ਼ੱਕ ਸੀ, ਹੁਣ ਪੂਰੀ ਤਰ੍ਹਾਂ ਜ਼ਾਹਰ ਹੋ ਚੁੱਕਾ ਹੈ ਕਿ ਭਾਜਪਾ ਆਪਣੀ ਅਧੀਨਗੀ ਵਾਲੀ ਨਿਆਂਪਾਲਿਕਾ ਚਾਹੁੰਦੀ ਹੈ। ਜਸਟਿਸ ਕੇ.ਐਮ. ਜੋਸਫ ਨੂੰ ਸਰਬਉੱਚ ਅਦਾਲਤ ਦਾ ਜੱਜ ਨਿਯੁਕਤ ਕੀਤੇ ਜਾਣ ਬਾਰੇ ਕੇਂਦਰੀ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਜੋ ਇਤਰਾਜ਼ ਪ੍ਰਗਟਾਏ ਹਨ, ਉਹ ਬੇਤੁਕੇ ਹਨ। ਜਸਟਿਸ ਜੋਸਫ ਇਸ ਸਮੇਂ ਉੱਤਰਾਖੰਡ ਹਾਈ ਕੋਰਟ ਦੇ ਮੁੱਖ ਜੱਜ ਹਨ। ਉਨ੍ਹਾਂ ਨੇ ਉੱਤਰਾਖੰਡ ਵਿਚ ਰਾਸ਼ਟਰਪਤੀ ਰਾਜ ਲਾਉਣ ਦਾ ਕੇਂਦਰ ਦਾ ਫ਼ੈਸਲਾ ਰੱਦ ਕਰ ਦਿੱਤਾ ਸੀ। ਸਰਬਉੱਚ ਅਦਾਲਤ ਦੇ ਜੱਜ ਵਜੋਂ ਨਿਯੁਕਤੀ ਲਈ ਉਨ੍ਹਾਂ ਦੇ ਨਾਂਅ ਦੀ ਸਿਫ਼ਾਰਸ਼ ਸਰਬਉੱਚ ਅਦਾਲਤ ਦੇ ਪੰਜ ਸੀਨੀਅਰ ਜੱਜਾਂ ਦੇ ਕਾਲੇਜੀਅਮ ਵਲੋਂ ਸਰਬਸੰਮਤੀ ਨਾਲ ਕੀਤੀ ਗਈ ਸੀ। ਪਰ ਭਾਜਪਾ ਸਰਕਾਰ ਜਸਟਿਸ ਜੋਸਫ ਨੂੰ ਸਰਬਉੱਚ ਅਦਾਲਤ ਦੇ ਜੱਜ ਵਜੋਂ ਤਰੱਕੀ ਦੇਣ ਦੇ ਵਿਚਾਰ ਨੂੰ ਪਚਾ ਨਹੀਂ ਸਕੀ, ਕਿਉਂਕਿ ਉਨ੍ਹਾਂ ਨੇ ਸਮੇਂ ਦੀ ਸੱਤਾ ਦੀ ਨਾਖੁਸ਼ੀ ਸਹੇੜੀ ਸੀ।

ਜਸਟਿਸ ਜੋਸਫ ਦੀ ਨਿਯੁਕਤੀ ਸਬੰਧੀ ਇਤਰਾਜ਼ ਪ੍ਰਗਟਾਉਂਦਿਆਂ ਰਵੀ ਸ਼ੰਕਰ ਪ੍ਰਸਾਦ ਨੇ ਗ਼ਲਤੀਆਂ ਕੀਤੀਆਂ ਹਨ। ਪਹਿਲੀ ਤਾਂ ਇਹ ਕਿ ਉਨ੍ਹਾਂ ਨੇ ਭਾਰਤ ਦੇ ਮੁੱਖ ਜੱਜ ਨੂੰ ਲਿਖੀ ਉਹ ਚਿੱਠੀ ਜਨਤਕ ਕਰ ਦਿੱਤੀ ਜਿਸ ਵਿਚ ਉਨ੍ਹਾਂ ਨੇ ਜਸਟਿਸ ਜੋਸਫ ਦੀ ਨਿਯੁਕਤੀ 'ਤੇ ਇਤਰਾਜ਼ ਹੋਣ ਦੇ ਕਾਰਨ ਦੱਸੇ। ਕਾਨੂੰਨ ਮੰਤਰੀ ਵਲੋਂ ਮੁੱਖ ਜੱਜ ਨੂੰ ਉਨ੍ਹਾਂ ਵਲੋਂ ਲਿਖੀ ਚਿੱਠੀ ਵਿਸ਼ੇਸ਼ ਅਧਿਕਾਰ ਸੰਚਾਰ ਦੇ ਦਾਇਰੇ ਵਿਚ ਆਉਂਦੀ ਹੈ ਤੇ ਇਸ ਨੂੰ ਉਸੇ ਤਰ੍ਹਾਂ ਹੀ ਗੁਪਤ ਰੱਖਿਆ ਜਾਣਾ ਚਾਹੀਦਾ ਸੀ। ਚੇਤੇ ਕਰਾ ਦੇਈਏ ਕਿ ਜਦੋਂ ਵੈਂਕਈਆ ਨਾਇਡੂ ਨੇ ਰਾਜ ਸਭਾ ਦੇ ਚੇਅਰਮੈਨ ਵਜੋਂ ਵਿਰੋਧੀ ਧਿਰ ਦੇ 64 ਮੈਂਬਰਾਂ ਵਲੋਂ ਮੁੱਖ ਜੱਜ ਖਿਲਾਫ਼ ਲਿਆਂਦੇ ਗਏ ਵਿਸ਼ੇਸ਼ ਅਧਿਕਾਰ ਦੇ ਮਤੇ ਨੂੰ ਰੱਦ ਕੀਤਾ ਸੀ ਤਾਂ ਇਸ ਦਾ ਇਕ ਕਾਰਨ ਇਹ ਵੀ ਦੱਸਿਆ ਗਿਆ ਸੀ ਕਿ ਮੈਂਬਰਾਂ ਨੇ ਮੁੱਖ ਜੱਜ ਖਿਲਾਫ਼ ਲਾਏ ਦੋਸ਼ਾਂ ਨੂੰ ਪ੍ਰੈੱਸ ਕਾਨਫ਼ਰੰਸ ਕਰਕੇ ਜਨਤਕ ਕਰ ਦਿੱਤਾ ਸੀ। ਜਨਤਕ ਖੁਲਾਸੇ ਨੂੰ ਰਾਜ ਸਭਾ ਮੈਂਬਰਾਂ ਦਾ ਨਾਜਾਇਜ਼ ਕਦਮ ਮੰਨਿਆ ਗਿਆ ਸੀ ਪਰ ਜਦੋਂ ਉਹੀ ਗ਼ਲਤੀ ਕਾਨੂੰਨ ਮੰਤਰੀ ਵਲੋਂ ਕੀਤੀ ਗਈ ਤਾਂ ਭਾਜਪਾ ਵਿਚ ਹਰ ਕੋਈ ਖਾਮੋਸ਼ ਰਿਹਾ। ਮੁੱਖ ਜੱਜ ਨੂੰ ਲਿਖੇ ਪੱਤਰ ਵਿਚ ਪ੍ਰਸਾਦ ਨੇ ਕਿਹਾ ਕਿ ਸਰਬ ਭਾਰਤ ਸੀਨੀਆਰਟੀ ਲਿਸਟ ਵਿਚ ਜਸਟਿਸ ਜੋਸਫ ਦਾ ਨੰਬਰ 42ਵਾਂ ਹੈ ਅਤੇ ਉਨ੍ਹਾਂ ਨੂੰ ਤਰੱਕੀ ਦੇਣ ਦਾ ਮਤਲਬ ਇਹ ਵੀ ਹੋਵੇਗਾ ਕਿ ਸਰਬਉੱਚ ਅਦਾਲਤ ਵਿਚ ਕੇਰਲ ਸੂਬੇ ਤੋਂ ਦੋ ਜੱਜ ਹੋ ਜਾਣਗੇ, ਉਨ੍ਹਾਂ ਇਹ ਵੀ ਕਿਹਾ ਹੈ ਕਿ ਇਸ ਸਮੇਂ ਵੱਖ-ਵੱਖ ਉੱਚ ਅਦਾਲਤਾਂ ਦੇ 4 ਜੱਜੀ ਜੋਸਫ ਤੋਂ ਸੀਨੀਅਰ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਅਜਿਹਾ ਕੋਈ ਕੋਟਾ ਸਿਸਟਮ' ਨਹੀਂ ਹੈ, ਜੋ ਕਿਸੇ ਸੂਬੇ ਤੋਂ ਸੁਪਰੀਮ ਕੋਰਟ ਦੇ ਜੱਜ ਬਣਾਏ ਜਾਣ ਦੀ ਗਿਣਤੀ ਨੂੰ ਸੀਮਤ ਕਰਦਾ ਹੋਵੇ। ਇਸ ਸਮੇਂ ਸੁਪਰੀਮ ਕੋਰਟ ਵਿਚ ਬੰਬੇ ਹਾਈ ਕੋਰਟ ਦੇ ਚਾਰ ਅਤੇ ਦਿੱਲੀ ਹਾਈ ਕੋਰਟ ਦੇ ਤਿੰਨ ਜੱਜ ਹਨ। ਸੋ, ਪ੍ਰਸਾਦ ਦਾ ਇਹ ਇਤਰਾਜ਼ ਬੇਤੁਕਾ ਹੈ। ਦੂਜੀ ਗੱਲ ਸੀਨੀਆਰਤਾ ਦੇ ਨੰਬਰ ਦੀ ਹੈ। ਸੀਨੀਆਰਤਾ ਹੀ ਉਹ ਇਕੋ-ਇਕ ਕਸੌਟੀ ਨਹੀਂ ਹੈ ਜਿਸ ਨੂੰ ਕਾਲੇਜੀਅਮ ਵਲੋਂ ਕਿਸੇ ਜੱਜ ਦੀ ਤਰੱਕੀ ਦੀ ਸਿਫ਼ਾਰਸ ਕਰਦਿਆਂ ਧਿਆਨ ਵਿਚ ਰੱਖਿਆ ਜਾਂਦਾ ਹੋਵੇ। ਕਾਲੇਜੀਅਮ ਦੀ ਸਿਫ਼ਾਰਸ਼ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ : ਕਾਲੇਜੀਅਮ ਦਾ ਮੰਨਣਾ ਹੈ ਕਿ ਜਸਟਿਸ ਕੇ.ਐਮ. ਜੋਸਫ, ਜੋ ਕੇਰਲ ਹਾਈ ਕੋਰਟ ਤੋਂ ਆਉਂਦੇ ਹਨ ਅਤੇ ਮੌਜੂਦਾ ਸਮੇਂ ਉੱਤਰਾਖੰਡ ਦੇ ਮੁੱਖ ਜੱਜ ਵਜੋਂ ਕੰਮ ਕਰ ਰਹੇ ਹਨ, ਭਾਰਤ ਦੀ ਸਰਬਉੱਚ ਅਦਾਲਤ ਦਾ ਜੱਜ ਨਿਯੁਕਤ ਕੀਤੇ ਜਾਣ ਲਈ ਹਾਈ ਕੋਰਟਾਂ ਦੇ ਬਾਕੀ ਮੁੱਖ ਜੱਜਾਂ ਜਾਂ ਹੋਰ ਸੀਨੀਅਰ ਜੱਜਾਂ ਨਾਲੋਂ ਹਰ ਪੱਖੋਂ ਵਧੇਰੇ ਯੋਗ ਹਨ। ਉਨ੍ਹਾਂ ਦੇ ਨਾਂਅ ਦੀ ਸਿਫ਼ਾਰਸ਼ ਕਰਦਿਆਂ ਕਾਲੇਜੀਅਮ ਵਲੋਂ ਉਨ੍ਹਾਂ ਦੀ ਯੋਗਤਾ ਦੇ ਨਾਲ-ਨਾਲ ਜੱਜਾਂ ਦੀ ਭਾਰਤ ਪੱਧਰੀ ਸਾਂਝੀ ਸੀਨੀਅਰਤਾ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ।'

ਕਾਲੇਜੀਅਮ ਦੀ ਅਜਿਹੀ ਸਪੱਸ਼ਟ ਟਿੱਪਣੀ ਤੋਂ ਬਾਅਦ ਵੀ ਕੀ ਰਵੀ ਸ਼ੰਕਰ ਕੋਲ ਸੀਨੀਆਰਤਾ ਦਾ ਸਵਾਲ ਉਠਾਉਣ ਦਾ ਕੋਈ ਆਧਾਰ ਬਚਦਾ ਹੈ? ਅਜਿਹਾ ਕਰਨਾ ਉਨ੍ਹਾਂ ਦੀ ਸਰਕਾਰ ਦੀ ਇਸ ਇੱਛਾ ਦਾ ਹੀ ਪਰਦਾਫਾਸ਼ ਕਰਦਾ ਹੈ ਕਿ ਜੱਜ ਸੱਤਾਧਾਰੀ ਪਾਰਟੀ ਦੀ ਪਸੰਦ ਦੇ ਹੋਣੇ ਚਾਹੀਦੇ ਹਨ। ਇਹ ਸਰਕਾਰ ਲਈ ਸ਼ਰਮਿੰਦੇ ਹੋਣ ਵਾਲੀ ਗੱਲ ਹੀ ਹੋਵੇਗੀ। ਜ਼ਿਕਰਯੋਗ ਹੈ ਕਿ ਕਈ ਸੇਵਾ-ਮੁਕਤ ਮੁੱਖ ਜੱਜਾਂ ਅਤੇ ਹੋਰ ਸੀਨੀਅਰ ਜੱਜਾਂ ਨੇ ਵੀ ਸਰਕਾਰ ਦੇ ਇਸ ਕਦਮ ਦੀ ਆਲੋਚਨਾ ਕੀਤੀ ਹੈ। ਸਰਬਉੱਚ ਅਦਾਲਤ ਦੇ ਸੀਨੀਅਰ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਹੈ ਕਿ ਖ਼ਾਸ ਕਰਕੇ ਮੈਡੀਕਲ ਕਾਲਜ ਘਪਲੇ, ਜੱਜ ਲੋਯਾ ਮਾਮਲੇ ਅਤੇ ਮੁੱਖ ਜੱਜ ਵਲੋਂ ਕੇਸ ਸੌਂਪਣ ਦੀਆਂ ਤਾਕਤਾਂ ਦੀ ਦੁਰਵਰਤੋਂ ਬਾਰੇ ਚਾਰ ਜੱਜਾਂ ਵਲੋਂ ਕੀਤੀ ਗਈ ਪ੍ਰੈੱਸ ਕਾਨਫ਼ਰੰਸ ਆਦਿ ਵਰਗੇ ਮਾਮਲਿਆਂ ਨੂੰ ਮਿਲੀ ਵਿਆਪਕ ਮੀਡੀਆ ਕਵਰੇਜ ਤੋਂ ਬਾਅਦ ਹੁਣ ਸਰਕਾਰ ਦਾ ਇਹ ਕਦਮ ਵੀ ਇਕ ਜਨਤਕ ਘਪਲਾ ਬਣ ਚੁੱਕਾ ਹੈ। ਜਦੋਂ ਇਕ ਸੱਤਾਧਾਰੀ ਪਾਰਟੀ, ਜਿਸ ਕੋਲ ਵਿਧਾਨ ਪਾਲਿਕਾ ਵਿਚ ਵੱਡਾ ਬਹੁਮਤ ਹੋਵੇ, ਆਪਣੇ ਸੌੜੇ ਸਿਆਸੀ ਮੰਤਵਾਂ ਲਈ ਜਾਂ ਨਿਆਂਪਾਲਿਕਾ ਦੇ ਮੈਂਬਰਾਂ ਵਿਚੋਂ ਕਿਸੇ ਨਾਲ ਹਿਸਾਬ-ਕਿਤਾਬ ਬਰਾਬਰ ਕਰਨ ਲਈ ਨਿਆਂਪਾਲਿਕਾ ਦੇ ਅਧਿਕਾਰਾਂ ਅਤੇ ਸੁਤੰਤਰਤਾ ਨੂੰ ਖੋਰਾ ਲਾਉਣ ਦਾ ਯਤਨ ਕਰੇ ਤਾਂ ਇਹ ਸਮੁੱਚੇ ਨਿਆਂਤੰਤਰ ਦੇ ਘਾਣ ਵਾਲੀ ਗੱਲ ਹੀ ਹੁੰਦੀ ਹੈ।

ਜੇ ਭਾਜਪਾ ਜਸਟਿਸ ਜੋਸਫ ਦੀ ਨਿਯੁਕਤੀ ਨੂੰ ਰੋਕਣ ਵਿਚ ਕਾਮਯਾਬ ਹੋ ਵੀ ਜਾਂਦੀ ਹੈ ਤਾਂ ਇਸ ਨਾਲ ਇਹ ਲੋਕਾਂ ਵਿਚ ਆਪਣੀ ਭਰੋਸੇਯੋਗਤਾ ਹੀ ਗੁਆਏਗੀ। ਨਿਆਂਪਾਲਿਕਾ ਨੂੰ ਕਾਰਜ ਪਾਲਿਕਾ ਦੇ ਬੇਲੋੜੇ ਦਖ਼ਲ ਤੋਂ ਬਚਾਉਣ ਲਈ ਹੀ ਨਿਆਂਪਾਲਿਕਾ ਅਤੇ ਕਾਰਜ ਪਾਲਿਕਾ ਨੂੰ ਇਕ-ਦੂਜੇ ਤੋਂ ਅਲੱਗ ਕੀਤਾ ਗਿਆ ਸੀ। ਸੰਵਿਧਾਨ ਦੀ ਧਾਰਾ 50 ਕਹਿੰਦੀ ਹੈ ਕਿ 'ਰਾਜ ਦੀਆਂ ਜਨਤਕ ਸੇਵਾਵਾਂ ਵਿਚ ਨਿਆਂਪਾਲਿਕਾ ਨੂੰ ਕਾਰਜ ਪਾਲਿਕਾ ਤੋਂ ਵੱਖ ਰੱਖਣ ਲਈ ਰਾਜ ਸਾਰੇ ਢੁਕਵੇਂ ਕਦਮ ਉਠਾਏਗਾ।' ਸੰਵਿਧਾਨ ਨੇ ਵਿਧਾਨ ਪਾਲਿਕਾ, ਕਾਰਜ ਪਾਲਿਕਾ ਅਤੇ ਨਿਆਂਪਾਲਿਕਾ ਦੇ ਰੂਪ ਵਿਚ ਰਾਜ ਦੀਆਂ ਤਿੰਨ ਵੱਖ-ਵੱਖ ਕਾਰਜਾਂ ਦੀ ਸਿਰਜਣਾ ਕੀਤੀ ਹੈ। ਇਨ੍ਹਾਂ ਦੇ ਅਧਿਕਾਰ ਖੇਤਰਾਂ ਨੂੰ ਪੂਰੀ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਆਸ ਰੱਖੀ ਜਾਂਦੀ ਹੈ ਕਿ ਸਰਕਾਰ ਦੇ ਇਹ ਤਿੰਨੇ ਅੰਗ ਸਦਭਾਵਨਾ ਨਾਲ ਕੰਮ ਕਰਨਗੇ। ਕਿਸੇ ਵਿਵਾਦ ਦੀ ਸੂਰਤ ਵਿਚ ਸਰਬਉੱਚ ਅਦਾਲਤ ਦਾ ਫ਼ੈਸਲਾ ਸਭ 'ਤੇ ਲਾਗੂ ਹੋਵੇਗਾ। ਸਾਡੇ ਸੰਵਿਧਾਨ ਘਾੜਿਆਂ ਨੇ ਬਿਲਕੁਲ ਨਹੀਂ ਚਿਤਵਿਆ ਸੀ ਕਿ ਭਵਿੱਖੀ ਸਰਕਾਰਾਂ ਨਿਆਂਪਾਲਿਕਾ ਨੂੰ ਕਾਰਜ ਪਾਲਿਕਾ ਦਾ ਗੁਲਾਮ ਬਨਾਉਣਾ ਚਾਹੁੰਦੇ ਹਨ।

ਅਰੁੰਧਤੀ ਰਾਇ ਨਾਲ ਵਿਸ਼ੇਸ਼ ਗੱਲਬਾਤ

# ਕਾਇਰ ਬੁੱਧੀਜੀਵੀਆਂ ਦਾ ਦੇਸ਼ ਬਣਨ ਵਲ ਹੈ ਭਾਰਤ

- *ਗਾਂਧੀ ਜਾਤੀਪ੍ਰਸਤ ਸੀ ਤੇ ਅੰਬੇਡਕਰ ਦਲਿਤਾਂ ਦਾ ਮੁਕਤੀ ਦਾਤਾ ਸੀ*
- *ਮੋਦੀ ਦੇ ਰਾਜ 'ਚ ਆਰ ਐਸ ਐਸ ਲਾਗੂ ਕਰ ਰਹੀ ਏ ਹਿਟਲਰਸ਼ਾਹੀ*



**(ਅਗਾਂਹਵਧੂ ਬੁੱਧੀਜੀਵੀ ਅਤੇ ਮਨੁੱਖੀ ਅਧਿਕਾਰਾਂ ਦੀ ਰਾਖ਼ੀ ਲਈ ਅਹਿਮ ਭੂਮਿਕਾ ਨਿਭਾ ਰਹੀ ਉੱਘੀ ਲੇਖਕਾ ਅਰੁੰਧਤੀ ਰਾਇ ਨਾਲ ਭਾਰਤ ਨੂੰ ਦਰਪੇਸ਼ ਭਖ਼ਦੇ ਮਸਲਿਆਂ ਸਬੰਧੀ ਪਿਛਲੇ ਦਿਨੀਂ ਹੋਈ ਲੰਬੀ ਗੱਲਬਾਤ ਦੇ ਪ੍ਰਮੁਖ ਅੰਸ਼ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਦੇ ਪਾਠਕਾਂ ਲਈ ਇੱਥੇ ਪੇਸ਼ ਕੀਤੇ ਜਾ ਰਹੇ ਹਨ।)**

**ਸੁਆਲ-ਤੁਹਾਨੂੰ ਅੱਜ ਦਾ ਭਾਰਤ ਕਿੰਝ ਦਾ ਨਜ਼ਰ ਆ ਰਿਹਾ ਹੈ, ਜਿਸ ਦੀ ਅਗਵਾਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰ ਰਹੇ ਹਨ ?**

ਜੁਆਬ-ਜਦ ਮਈ 2014 ਦੌਰਾਨ ਮੋਦੀ ਦੀ ਸਰਕਾਰ ਬਣੀ ਤਾਂ ਬਹੁਤ ਲੋਕਾਂ, ਜਿਨ੍ਹਾਂ ਵਿਚ ਮੈਂ ਵੀ ਸੀ, ਨੂੰ ਯਕੀਨ ਨਹੀਂ ਹੋਇਆ ਕਿ ਉਹ ਸਾਡੇ ਦੇਸ਼ ਵਿਚ ਹੋਇਆ ਹੈ। ਪਰ ਜੇਕਰ ਇਤਿਹਾਸਕ ਨਜ਼ਰੀਏ ਨਾਲ ਤੱਕੀਏ ਤਾਂ ਇਹ ਹੋਣਾ ਹੀ ਸੀ। ਸੰਨ 1925 ਵਿਚ ਜਦ ਆਰ ਐਸ ਐਸ ਬਣੀ ਸੀ ਜਾਂ ਉਸ ਤੋਂ ਪਹਿਲਾਂ ਤੋਂ ਹੀ ਭਾਰਤੀ ਸਮਾਜ ਵਿਚ ਫਾਸ਼ੀਵਾਦੀ ਪ੍ਰਵਿਰਤੀਆਂ ਨਜ਼ਰ ਆਉਣ ਲੱਗੀਆਂ ਸਨ। ਘਰ ਵਾਪਸੀ ਵਰਗੇ ਪ੍ਰੋਗਰਾਮ 19ਵੀਂ ਸਦੀ ਦੇ ਅੰਤ ਤੱਕ ਤੇ 20ਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿਚ ਹੋ ਰਹੇ ਸਨ। ਅਰਥਾਤ ਇਸ ਦੌਰ ਤੋਂ ਗੁਜ਼ਰਨਾ ਹੀ ਸੀ। ਦੇਖਣਾ ਤਾਂ ਇਹ ਹੈ ਕਿ ਇਹ ਸਭ ਘਟੀਆ ਵਰਤਾਰਾ ਕਿੰਨੇ ਸਮੇਂ ਤੱਕ ਜਾਰੀ ਰਹੇਗਾ, ਕਿਉਂਕਿ ਅੱਜ ਕੱਲ ਤਬਦੀਲੀਆਂ ਬਹੁਤ ਤੇਜ਼ੀ ਨਾਲ ਹੁੰਦੀਆਂ ਹਨ। ਨਫ਼ਰਤ ਦਾ ਵਰਤਾਰਾ ਬਹੁਤੀ ਦੇਰ ਤੱਕ ਨਹੀਂ ਠਹਿਰਦਾ। ਇਹ ਸਮੇਂ ਦਾ ਸੱਚ ਹੈ। ਮੋਦੀ ਨੇ ਆਪਣੇ ਨਾਮ ਦਾ ਸੂਟ ਪਾ ਲਿਆ ਹੈ ਤੇ ਆਪਣੇ ਆਪ ਨੂੰ ਐਕਸਪੋਜ਼ ਕਰ ਲਿਆ ਹੈ। ਚੰਗਾ ਹੀ ਹੈ ਕਿ ਕੋਈ ਗੰਭੀਰ ਵਿਰੋਧੀ ਪਾਰਟੀ ਨਹੀਂ ਹੈ। ਇਹ ਲੋਕ ਆਪਣਾ ਪਰਦਾਫਾਸ਼ ਖ਼ੁਦ ਕਰ ਲੈਣਗੇ। ਆਖਿਰ ਮੂਰਖਤਾ ਨੂੰ ਤੇ ਨਫ਼ਰਤ ਨੂੰ ਕਿੰਨਾ ਚਿਰ ਤੱਕ ਬਰਦਾਸ਼ਤ ਕੀਤਾ ਜਾ ਸਕਦਾ ਹੈ ? ਲੋਕਾਂ ਨੂੰ ਸ਼ਰਮ ਆਉਂਦੀ ਹੈ ਜਦ ਪ੍ਰਧਾਨ ਮੰਤਰੀ ਜਨਤਕ ਤੌਰ 'ਤੇ ਕਹਿੰਦੇ ਹਨ ਕਿ ਪ੍ਰਾਚੀਨ ਭਾਰਤ ਵਿਚ ਪਲਾਸਟਿਕ ਸਰਜਰੀ ਹੁੰਦੀ ਸੀ, ਗਣੇਸ਼ ਦੇ ਧੜ 'ਤੇ ਹਾਥੀ ਦਾ ਸਿਰ ਇਸ ਤਰ੍ਹਾਂ ਹੀ ਜੋੜਿਆ ਗਿਆ। ਫਾਸ਼ੀਵਾਦ ਦੇ ਨਾਲ ਲੋਕ ਅਜਿਹੀਆਂ ਮੂਰਖ ਹਰਕਤਾਂ ਕਰਦੇ ਹੀ ਹੁੰਦੇ ਹਨ। ਮੈਂ ਪਹਿਲਾਂ ਹੀ ਕਹਿੰਦੀ ਰਹੀ ਹਾਂ ਕਿ ਜਦ ਰਾਜੀਵ ਗਾਂਧੀ ਨੇ ਅਯੁਧਿਆ ਵਿਚ ਰਾਮ ਮੰਦਰ ਦਾ ਤਾਲਾ ਖੁਲਵਾਇਆ ਤਾਂ ਨਾਲ ਹੀ ਬਾਜ਼ਾਰ ਦਾ ਤਾਲਾ ਖੋਲ੍ਹਿਆ ਗਿਆ। ਇਸ ਦੇ ਨਾਲ ਦੋ ਕਿਸਮ ਦੇ ਕੱਟੜਪੰਥ ਨੂੰ ਖੜਾ ਕੀਤਾ ਗਿਆ। ਇਕ ਇਸਲਾਮੀ ਅੱਤਵਾਦ ਤੇ ਦੂਸਰਾ ਮਾਓਵਾਦ। ਇਨ੍ਹਾਂ ਨਾਲ ਲੜਨ ਦੇ ਨਾਮ 'ਤੇ ਸਟੇਟ ਨੇ ਆਪਣਾ ਫ਼ੌਜੀਕਰਨ ਕੀਤਾ। ਕਾਂਗਰਸ ਤੇ ਭਾਜਪਾ ਦੋਨਾਂ ਨੇ ਇਸ ਰਸਤੇ ਨੂੰ ਅਪਨਾਇਆ, ਕਿਉਂਕਿ ਨਵ-ਉਦਾਰਵਾਦੀ ਆਰਥਿਕ ਨੀਤੀਆਂ ਬਿਨਾਂ ਫ਼ੌਜੀਕਰਨ ਦੇ ਲਾਗੂ ਨਹੀਂ ਹੋ ਸਕਦੀਆਂ। ਇਸ ਲਈ ਜੰਮੂ-ਕਸ਼ਮੀਰ ਵਿਚ ਪੁਲੀਸ ਫ਼ੌਜ ਦੀ ਤਰ੍ਹਾਂ ਕੰਮ ਕਰਦੀ ਹੈ। ਛੱਤੀਸਗੜ੍ਹ ਵਿਚ ਫ਼ੌਜ ਪੁਲੀਸ ਦੀ ਭੂਮਿਕਾ ਵਿਚ ਹੈ। ਇਹ ਜੋ ਖੁਫੀਆ ਨਿਗਰਾਨੀ ਯੂਆਈਡੀ ਆਧਾਰ ਕਾਰਡ ਵਰਗੀਆਂ ਗੱਲਾਂ ਹਨ, ਇਹ ਸਭ ਉਸ ਦਾ ਹਿੱਸਾ ਹੈ। ਅਦ੍ਰਿਸ਼ ਜਨਸੰਖਿਆ ਨੂੰ ਨਜ਼ਰ ਵਿਚ ਲਿਆਉਣਾ ਹੈ। ਅਰਥਾਤ ਇਕ ਇਕ ਆਦਮੀ ਦੀ ਸਾਰੀ ਜਾਣਕਾਰੀ ਰੱਖਣੀ ਹੈ। ਜੰਗਲ ਦੇ ਆਦਿਵਾਸੀਆਂ ਨੂੰ ਪੁੱਛਿਆ ਜਾਵੇਗਾ ਕਿ ਉਨ੍ਹਾਂ ਦੀ ਜ਼ਮੀਨ ਦਾ ਰਿਕਾਰਡ ਕਿੱਥੇ ਹੈ। ਨਹੀਂ ਹੈ, ਤਾਂ ਕਿਹਾ ਜਾਵੇਗਾ ਕਿ ਜ਼ਮੀਨ ਤੁਹਾਡੀ ਨਹੀਂ ਹੈ। ਡਿਜ਼ਟੀਕਰਨ ਦਾ ਮਕਸਦ ਅਦ੍ਰਿਸ਼ ਨੂੰ ਦ੍ਰਿਸ਼ ਬਣਾਉਣਾ ਹੈ। ਇਸ ਪ੍ਰਕਿਰਿਆ ਵਿਚ ਬਹੁਤ ਲੋਕ ਗਾਇਬ ਹੋ ਜਾਣਗੇ। ਇਸ ਵਿਚ ਆਈਐਮਐਫ ਵਰਲਡ ਬੈਂਕ ਤੋਂ ਲੈ ਕੇ ਫੋਰਡ ਫਾਊਡੇਸ਼ਨ ਤੱਕ, ਸਭ ਮਿਲੇ ਹਨ। ਉਹ ਕਾਨੂੰਨ ਦੇ ਰਾਜ 'ਤੇ ਖ਼ੂਬ ਜ਼ੋਰ ਦਿੰਦੇ ਹਨ ਤੇ ਕਾਨੂੰਨ ਬਣਾਉਣ ਦਾ ਹੱਕ ਆਪਣੇ ਪਾਸ ਰੱਖਣਾ ਚਾਹੁੰਦੇ ਹਨ। ਇਹ ਸੰਸਥਾਵਾਂ ਸਭ ਤੋਂ ਜ਼ਿਆਦਾ ਗ਼ੈਰ ਪਾਰਦਰਸ਼ੀ ਢੰਗ ਨਾਲ ਕੰਮ ਕਰਦੀਆਂ ਹਨ। ਪਰ ਉਨ੍ਹਾਂ ਨੂੰ ਆਪਣੀਆਂ ਯੋਜਨਾਵਾਂ ਅੱਗੇ ਵਧਾਉਣ ਦੇ ਲਈ ਅੰਕੜਿਆਂ ਦੀ ਪਾਰਦਰਸ਼ੀ ਪ੍ਰਬੰਧ ਚਾਹੀਦਾ ਹੈ। ਇਸ ਲਈ ਉਹ ਭ੍ਰਿਸ਼ਟਾਚਾਰੀ ਅੰਦੋਲਨਾਂ ਦੀ ਮਦਦ ਕਰਦੇ ਹਨ। ਫੋਰਡ ਫਾਊਡੇਸ਼ਨ ਇਕ ਨਵਾਂ ਪੈਮਾਨਾ ਘੜਨ ਵਿਚ ਜੁਟਿਆ ਹੈ। ਉਹ ਚਾਹੁੰਦਾ ਹੈ ਕਿ ਪੂਰੀ ਦੁਨੀਆਂ ਇਕ ਤਰ੍ਹਾਂ ਦੀ ਭਾਸ਼ਾ ਬੋਲੇ। ਉਹ ਹਰ ਤਰ੍ਹਾਂ ਦੇ ਕ੍ਰਾਂਤੀਕਾਰੀ ਵਿਚਾਰਾਂ, ਖੱਬੇ ਪੱਖੀ ਵਿਚਾਰਾਂ ਨੂੰ ਖਤਮ ਕਰਨ, ਨੌਜਵਾਨਾਂ ਦੀਆਂ ਸਮੱਸਿਆਵਾਂ ਨੂੰ ਸੀਮਤ ਕਰਨ ਵਿਚ ਜੁਟਿਆ ਹੈ। ਫ਼ਿਲਮੀ ਸਾਹਿਤਕ, ਸਮਾਗਮਾਂ ਤੇ ਅਕਾਦਮਿਕ ਖੇਤਰ ਵਿਚ ਕਬਜ਼ਾ ਕਰਕੇ ਸ਼ੋਸ਼ਣ ਮੁਕਤ ਦੁਨੀਆਂ ਤੇ ਉਸ ਦੇ ਲਈ ਸੰਘਰਸ਼ ਦੇ ਵਿਚਾਰ ਨੂੰ ਸਿਲੇਬਸਾਂ ਤੋਂ ਬਾਹਰ ਕੀਤਾ ਜਾ ਰਿਹਾ ਹੈ।

**ਸੁਆਲ-ਤੁਹਾਨੂੰ ਹਾਲਾਤ ਨੂੰ ਬਦਲਣ ਦੀ ਕੋਈ ਮਜ਼ਬੂਤ ਜੱਦੋ ਜਹਿਦ ਨਜ਼ਰ ਆਉਂਦੀ ਹੈ... ਭਵਿੱਖ ਕਿਹੋ ਜਿਹਾ ਲੱਗ ਰਿਹਾ ਹੈ ?**

ਜੁਆਬ-ਕ੍ਰਾਂਤੀ ਜਾਂ ਇਨਕਲਾਬ ਜਾਂ ਸੰਘਰਸ਼ ਨੂੰ ਪਿਛਲੇ ਕੁਝ ਸਾਲਾਂ ਤੋਂ ਕਾਫੀ ਧੱਕਾ ਲੱਗਾ ਹੈ। ਸੰਨ 1968-70 ਵਿਚ ਜਦ ਨਕਸਲਵਾਦੀ ਅੰਦੋਲਨ ਸ਼ੁਰੂ ਹੋਇਆ ਜਾਂ ਬਹੁਤ ਸਾਰੀਆਂ ਸੀਮਾਵਾਂ ਦੇ ਬਾਵਜੂਦ ਜੈਪ੍ਰਕਾਸ਼ ਨਰਾਇਣ ਦੀ ਸੰਪੂਰਨ ਕ੍ਰਾਂਤੀ ਦੇ ਦੌਰ ਦੀ ਮੰਗਾਂ 'ਤੇ ਜ਼ਰਾ ਗੋਰ ਕੀਤਾ ਜਾਵੇ। ਜਦ ਮੰਗ ਸੀ ਨਿਆਂ। ਜਿਵੇਂ ਜ਼ਮੀਨ ਵਾਹੁਣ ਵਾਲੇ ਜਾਂ ਸੰਪਤੀ ਦੀ ਸਮਾਨ ਵੰਡ ਹੋਵੇ। ਪਰ ਅੱਜ ਜੋ ਮਾਓਵਾਦੀ ਸਭ ਤੋਂ ਰੈਡੀਕਲ ਕਹਾਉਂਦੇ ਹਨ। ਉਹ ਬਸ ਇਹੀ ਕਹਿ ਰਹੇ ਹਨ, ਜੋ ਜ਼ਮੀਨ ਆਦਿਵਾਸੀਆਂ ਕੋਲ ਹੈ, ਉਸ ਨੂੰ ਖੋਹਿਆ ਨਾ ਜਾਵੇ। ਨਰਮਦਾ ਅੰਦੋਲਨ ਦੀ ਮੰਗ ਹੈ ਕਿ ਜਿਸ ਦੇ ਕੋਲ ਜੋ ਹੈ, ਉਹ ਖੋਹਿਆ ਨਾ ਜਾਵੇ। ਪਰ ਜਿਸ ਦੇ ਕੋਲ ਕੁਝ ਨਹੀਂ ਹੈ, ਜਿਵੇਂ ਦਲਿਤਾਂ ਦੇ ਕੋਲ ਜ਼ਮੀਨ ਨਹੀਂ ਹੈ, ਉਨ੍ਹਾਂ ਲਈ ਜ਼ਮੀਨ ਤਾਂ ਕੋਈ ਨਹੀਂ ਮੰਗ ਰਿਹਾ, ਪਰ ਨਿਆਂ ਦੇ ਵਿਚਾਰ ਨੂੰ ਅੱਖੋਂ ਪਰੋਖੇ ਕਰਕੇ ਮਨੁੱਖੀ ਅਧਿਕਾਰ ਦੇ ਵਿਚਾਰ ਨੂੰ ਅਹਿਮ ਬਣਾ ਦਿੱਤਾ ਗਿਆ ਹੈ। ਇਹ ਬੜੀ ਵੱਡੀ ਤਬਦੀਲੀ ਹੈ। ਤੁਸੀਂ ਮਨੁੱਖੀ ਅਧਿਕਾਰ ਦੇ ਨਾਮ 'ਤੇ ਮਾਓਵਾਦੀਆਂ ਨੂੰ ਲੈ ਕੇ ਸਰਕਾਰ ਤੱਕ ਨੂੰ ਇਕ ਸੁਰ ਵਿਚ ਕੋਸ ਸਕਦੇ ਹੋ। ਕਹਿ ਸਕਦੇ ਹੋ ਦੋਵੇਂ ਹੀ ਮਨੁੱਖੀ ਅਧਿਕਾਰਾਂ ਦਾ ਉਲੰਘਣ ਕਰਦੇ ਹਨ। ਜਦ ਕਿ ਅਨਿਆਂ 'ਤੇ ਗੱਲ ਹੋਵੇਗੀ ਤਾਂ ਇਸ ਦੇ ਪਿੱਛੇ ਦੀ ਰਾਜਨੀਤੀ 'ਤੇ ਗੱਲ ਕਰਨੀ ਪਵੇਗੀ। ਕੁਲ ਮਿਲਾ ਕੇ ਕਲਪਨਾ ਦਾ ਹਮਲਾ ਹੈ। ਸਿਖਾਇਆ ਜਾ ਰਿਹਾ ਹੈ ਕਿ ਕ੍ਰਾਂਤੀ ਯੂਟੋਪੀਅਨ ਵਿਚਾਰ ਹੈ, ਮੂਰਖਤਾ ਹੈ। ਛੋਟੇ ਸੁਆਲ ਵੱਡੇ ਬਣ ਰਹੇ ਹਨ ਤੇ ਜਦ ਕਿ ਵੱਡਾ ਸੁਆਲ ਗਾਇਬ ਹੈ। ਜੋ ਸਿਸਟਮ ਦੇ ਬਾਹਰ ਹਨ, ਉਨ੍ਹਾਂ ਦੀ ਕੋਈ ਰਾਜਨੀਤੀ ਨਹੀਂ ਹੈ। ਬਹੁਤ ਖਾਬ ਟੁੱਟੇ ਹੋਏ ਹਨ। ਰਾਜ ਅੰਤਰਰਾਸ਼ਟਰੀ ਵਿੱਤੀ ਪੂੰਜੀ ਦੇ ਹੱਥ ਦਾ ਉਪਕਰਨ ਬਣਿਆ ਹੋਇਆ ਹੈ। ਦੁਨੀਆਂ ਦੀ ਅਰਥ ਵਿਵਸਥਾ ਇਕ ਅੰਤਰਰਾਸ਼ਟਰੀ ਪਾਈਪ ਲਾਈਨ ਦਾ ਤਰ੍ਹਾਂ ਹੈ, ਜਿਸ ਦੇ ਲਈ ਸਰਹੱਦਾਂ ਬੇਅਰਥ ਹੋ ਗਈਆਂ ਹਨ।

**ਸੁਆਲ-ਕੀ ਵਿਰੋਧੀ ਤਾਕਤਾਂ ਨੇ ਸਮਰਪਣ ਕਰ ਦਿੱਤਾ ਹੈ ?**

ਜੁਆਬ-ਮੇਰੇ ਖਿਆਲ ਵਿਚ ਭਗਵੇਂਵਾਦ ਵਿਰੁੱਧ ਲੜਨ ਵਾਲੇ ਬਹੁਤ ਕਮਜ਼ੋਰ ਸਥਿਤੀ ਵਿਚ ਹਨ। ਜੋ ਸਾਲਾਂ ਤੋਂ ਲੜਾਈ ਲੜ ਰਹੇ ਹਨ, ਉਹ ਸੋਚਣ ਦੇ ਯੋਗ ਨਹੀਂ ਹਨ। ਸਟੇਟ ਲੜਾਈ ਨੂੰ ਇਨ੍ਹਾਂ ਲੰਬਾ ਖਿੱਚ ਦਿੰਦੀ ਹੈ ਕਿ ਵਿਰੋਧੀ ਧਿਰਾਂ ਥੱਕ ਜਾਂਦੀਆਂ, ਹਾਰ ਜਾਂਦੀਆਂ ਹਨ। ਦੇਸ਼ ਵਿਚ ਕੋਈ ਅਜਿਹੀ ਸੰਸਥਾ ਨਹੀਂ, ਜੋ ਕਿਰਤੀਆਂ, ਦਲਿਤਾਂ, ਮਜ਼ਲੂਮਾ ਇਕ ਇਕਮੁੱਠ ਕਰ ਸਕਦੀ ਹੋਵੇ ਤੇ ਉਨ੍ਹਾਂ ਦੀ ਮਦਦ ਕਰ ਸਕਦੀ ਹੋਵੇ ਤੇ ਅਗਵਾਈ ਕਰ ਸਕਦੀ ਹੋਵੇ। ਇਸੇ ਲਈ ਨਿਆਂ ਕਲਪਨਾ ਤੋਂ ਬਾਹਰ ਦੀ ਚੀਜ਼ ਹੁੰਦੀ ਜਾ ਰਹੀ ਹੈ। 28 ਸਾਲ ਦੇ ਬਾਅਦ ਹਾਸ਼ਮ ਪੁਰਾ ਹੱਤਿਆ ਕਾਂਡ ਦਾ ਫੈਸਲਾ ਆਇਆ, ਸਾਰੇ ਮੁਲਜ਼ਮ ਛੱਡ ਦਿੱਤੇ ਗਏ। ਵੈਸੇ ਏਨੇ ਦਿਨ ਬਾਅਦ ਵੀ ਸਜ਼ਾ ਹੁੰਦੀ ਵੀ ਤਾਂ ਅਨਿਆਂ ਹੀ ਕਹਾਉਂਦਾ।

**ਸੁਆਲ-ਤੁਸੀਂ ਗਾਂਧੀ ਨੂੰ ਪਹਿਲਾ ਕਾਰਪੋਰੇਟ ਪ੍ਰਯੋਜਿਤ ਐਨਜੀਓ ਕਰਾਰ ਦਿੱਤਾ, ਇਸ ਪਿੱਛੇ ਕੀ ਆਧਾਰ ਹੈ ?**

ਜੁਆਬ-ਅਜ਼ਾਦੀ ਦੇ ਏਨੇ ਸਾਲਾਂ ਬਾਅਦ ਸਾਡੇ ਵਿਚ ਏਨਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਤੱਥਾਂ ਦੇ ਆਧਾਰ 'ਤੇ ਰਾਇ ਬਣਾ ਸਕੀਏ। ਮੈਂ ਗਾਂਧੀ ਨੂੰ ਪਹਿਲਾ ਕਾਰਪੋਰੇਟ ਪ੍ਰਯੋਜਿਤ ਐਨਜੀਓ ਕਿਹਾ ਹੈ, ਉਸ ਦੀ ਸ਼ੁਰੂ ਤੋਂ ਹੀ ਪੂੰਜੀਪਤੀਆਂ ਨੇ ਮਦਦ ਕੀਤੀ ਇਹ ਇਤਿਹਾਸ ਦਾ ਹਿੱਸਾ ਹੈ। ਗਾਂਧੀ ਨੇ ਆਪਣੇ ਆਪ ਨੂੰ ਮਸੀਹਾ ਦਾ ਅਕਸ ਘੜਨ ਲਈ ਤਾਕਤ ਲਗਾਈ ਪਰ ਜੇਕਰ ਗਾਂਧੀ ਦੇ ਵਿਚਾਰ ਪੜ੍ਹੇ ਜਾਣ ਤਾਂ ਸਭ ਕੁਝ ਸਾਫ਼ ਹੋ ਜਾਂਦਾ ਹੈ। ਦੱਖਣੀ ਅਫਰੀਕਾ ਵਿਚ ਗਾਂਧੀ ਦੇ ਕੰਮਕਾਜ ਦੇ ਬਾਰੇ ਵਿਚ ਸਾਨੂੰ ਬਹੁਤ ਕੁਝ ਗਲਤ ਪੜ੍ਹਾਇਆ ਗਿਆ, ਸਾਨੂੰ ਦੱਸਿਆ ਗਿਆ ਕਿ ਉਹ ਗੱਡੀ ਦੇ ਡੱਬੇ ਤੋਂ ਬਾਹਰ ਕੱਢਿਆ ਗਿਆ, ਜਿਸ ਦੇ ਖਿਲਾਫ਼ ਉਸ ਨੇ ਸੰਘਰਸ਼ ਸ਼ੁਰੂ ਕੀਤਾ, ਇਹ ਗਲਤ ਹੈ। ਗਾਂਧੀ ਨੇ ਉਥੇ ਕਦੀ ਬਰਾਬਰੀ ਦੇ ਵਿਚਾਰ ਦਾ ਸਮਰਥਨ ਨਹੀਂ ਕੀਤਾ, ਬਲਕਿ ਭਾਰਤੀਆਂ ਨੂੰ ਅਫਰੀਕੀ ਕਾਲੇ ਲੋਕਾਂ ਤੋਂ ਉੱਤਮ ਦਸਦੇ ਹੋਏ ਵਿਸ਼ੇਸ਼ ਅਧਿਕਾਰਾਂ ਦੀ ਮੰਗ ਕੀਤੀ। ਦੱਖਣ ਅਫਰੀਕਾ ਵਿਚ ਗਾਂਧੀ ਦਾ ਪਹਿਲਾ ਸੰਘਰਸ਼ ਡਰਬਨ ਡਾਕਖਾਨੇ ਵਿਚ ਭਾਰਤੀਆਂ ਦੇ ਪ੍ਰਵੇਸ਼ ਦੇ ਲਈ ਅਲੱਗ ਦਰਵਾਜ਼ਾ ਖੋਲ੍ਹਣ ਦੇ ਲਈ ਸੀ। ਉਸ ਨੇ ਕਿਹਾ ਕਿ ਅਫਰੀਕੀ ਕਾਲੇ ਲੋਕ ਤੇ ਭਾਰਤੀ ਇਕ ਹੀ ਦਰਵਾਜ਼ੇ ਕਿਵੇਂ ਜਾ ਸਕਦੇ ਹਨ ? ਭਾਰਤੀ ਉਨ੍ਹਾਂ ਤੋਂ ਉੱਤਮ ਹਨ। ਉਨ੍ਹਾਂ ਨੇ ਬੋਅਰ ਯੁੱਧ ਵਿਚ ਅੰਗਰੇਜ਼ਾ ਦਾ ਖੁੱਲ੍ਹ ਕੇ ਸਾਥ ਦਿੱਤਾ ਤੇ ਉਸ ਨੂੰ ਭਾਰਤੀਆਂ ਦਾ ਕਰਤਵ ਦੱਸਿਆ। ਇਹ ਸਭ ਖ਼ੁਦ ਗਾਂਧੀ ਨੇ ਲਿਖਿਆ ਹੈ। ਦੱਖਣ ਅਮਰੀਕਾ ਵਿਚ ਉਨ੍ਹਾਂ ਦੀਆਂ ਸੇਵਾਵਾਂ ਤੋਂ ਖੁਸ਼ ਹੋ ਕੇ ਅੰਗਰੇਜ਼ ਸਰਕਾਰ ਨੇ ਉਸ ਨੂੰ ਕੈਸਰੇ-ਹਿੰਦ ਦੇ ਖਿਤਾਬ ਨਾਲ ਨਿਵਾਜਿਆ ਸੀ।

**ਸੁਆਲ-ਤੁਸੀਂ ਅੱਜ ਕੱਲ ਗਾਂਧੀ ਤੇ ਅੰਬੇਡਕਰ ਦੀ ਬਹਿਸ ਨੂੰ ਨਵੇਂ ਸਿਰੇ ਤੋਂ ਉਠਾ ਰਹੇ ਹੋ ? ਤੁਹਾਡੇ ਆਰਟੀਕਲ ਡਾਕਟਰ ਐਂਡ ਸੇਂਟ 'ਤੇ ਕਾਫੀ ਵਿਵਾਦ ਹੋਇਆ ਸੀ ?**

ਜੁਆਬ-ਇਹ ਔਖਾ ਵਿਸ਼ਾ ਹੈ। ਮੈਂ ਇਸ 'ਤੇ ਬਹੁਤ ਵਿਸਥਾਰ ਨਾਲ ਲਿਖਿਆ ਹੈ ਤੇ ਮੈਂ ਚਾਹੁੰਦੀ ਹਾਂ ਕਿ ਲੋਕ ਪੜ੍ਹ ਕੇ ਸਮਝਣ। ਇਸ ਦੀ ਬੁਨਿਆਦ ਡਾਕਟਰ ਅੰਬੇਡਕਰ ਤੇ ਗਾਂਧੀ ਦਾ ਵਿਚਾਰਧਾਰਕ ਟਕਰਾਅ ਹੈ। ਅੰਬੇਡਕਰ ਤੋਂ ਸ਼ੁਰੂ ਤੋਂ ਸੁਆਲ ਉਠਾ ਰਹੇ ਹਨ ਕਿ ਅਸੀਂ ਕਿਹੋ ਜਿਹੀ ਅਜ਼ਾਦੀ ਦੇ ਲਈ ਲੜ ਰਹੇ ਹਾਂ, ਪਰ ਗਾਂਧੀ ਜਾਤੀ ਵਿਵਸਥਾ ਦੀ ਕਦੀ ਆਲੋਚਨਾ ਨਹੀਂ ਕਰਦੇ। ਜੋ ਗ਼ੈਰ ਬਰਾਬਰੀ ਵਾਲੇ ਸਮਾਜ ਦਾ ਇੰਜਣ ਹੈ। ਉਹ ਸਿਰਫ਼ ਇਹ ਕਹਿ ਕੇ ਰੁਕ ਜਾਂਦੇ ਹਨ ਕਿ ਸਭ ਦੇ ਨਾਲ ਚੰਗਾ ਵਿਹਾਰ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਜਾਤੀ ਵਿਵਸਥਾ ਨੂੰ ਹਿੰਦੂ ਸਮਾਜ ਦਾ ਮਹਾਨ ਤੋਹਫਾ ਦੱਸਿਆ। ਇਹ ਸਭ ਉਨ੍ਹਾਂ ਨੇ ਖੁਦ ਲਿਖਿਆ ਹੈ। ਮੈਂ ਕੋਈ ਆਪਣੀ ਵਿਆਖਿਆ ਨਹੀਂ ਕਰ ਰਹੀ ਹਾਂ। ਜਦ ਕਿ ਇਸ ਦੇ ਉਲਟ ਬਾਬਾ ਸਾਹਿਬ ਅੰਬੇਡਕਰ ਲਗਾਤਾਰ ਜਾਤੀਵਾਦ ਦੇ ਸਤਾਏ ਲੋਕਾਂ ਦੇ ਲਈ ਅਜ਼ਾਦੀ ਦੀ ਲਹਿਰ ਚਲਾ ਰਹੇ ਹਨ ਤੇ ਅਸਲੀ ਅਜ਼ਾਦੀ ਦਾ ਮੁੱਦਾ ਉਠਾ ਰਹੇ ਹਨ। ਪੂਨਾ ਪੈਕਟ ਤੋਂ ਪਹਿਲਾਂ ਗਾਂਧੀ ਨੇ ਜੋ ਭੁੱਖ ਹੜਤਾਲ ਕੀਤੀ, ਉਸ ਦਾ ਨਤੀਜਾ ਅੱਜ ਵੀ ਦੇਸ਼ ਨੂੰ ਪ੍ਰਭਾਵਿਤ ਕਰਦਾ ਹੈ। ਅਸੀਂ ਇਹ ਸੁਆਲ ਕਿਉਂ ਨਹੀਂ ਉਠਾ ਸਕਦੇ ਕਿ ਕੀ ਸਹੀ ਹੈ ਤੇ ਕੀ ਗਲਤ। ਭਾਰਤ ਸਰਕਾਰ ਦੀ ਸਹਾਇਤਾ ਨਾਲ ਰੀਚਰਡ ਏਟਨਬ੍ਰੋ ਨੇ ਜੋ ਗਾਂਧੀ ਫ਼ਿਲਮ ਬਣਾਈ ਉਸ ਵਿਚ ਅੰਬੇਡਕਰ ਦਾ ਛੋਟਾ ਜਿਹਾ ਰੋਲ ਵੀ ਨਹੀਂ ਸੀ, ਜੋ ਉਨ੍ਹਾਂ ਦੇ ਸਭ ਤੋਂ ਪ੍ਰਭਾਵਸ਼ਾਲੀ ਅਲੋਚਕ ਸਨ। ਜੇਕਰ ਤੁਸੀਂ ਏਨੇ ਸਾਲ ਬਾਅਦ ਵੀ ਬੌਧਿਕ ਜਾਂਚ ਪਰਖ ਤੋਂ ਘਬਰਾਉਂਦੇ ਹੋ ਤਾਂ ਤੁਸੀਂ ਬੋਨੇ ਲੋਕ ਹੋ ? ਅੰਬੇਡਕਰ ਤੇ ਗਾਂਧੀ ਦੀ ਬਹਿਸ ਬੇਹੱਦ ਗੰਭੀਰ ਵਿਸ਼ਾ ਹੈ।

**ਸੁਆਲ-ਮੋਦੀ ਸਰਕਾਰ ਨੇ ਚੰਗੇ ਦਿਨਾਂ ਦਾ ਨਾਅਰਾ ਦਿੱਤਾ ਹੈ, ਕੀ ਕਹੋਗੇ ?**

ਜੁਆਬ-ਅਮੀਰਾਂ ਦੇ ਲਈ ਅੱਛੇ ਦਿਨ ਆਏ ਹਨ, ਲੁਟੇਰਿਆਂ ਤੇ ਤਸਕਰਾਂ ਦੇ ਲਈ ਅੱਛੇ ਦਿਨ ਆਏ ਹਨ, ਭੂਮੀ ਤੇ ਕਬਜ਼ਾ ਕਰਨ ਵਾਲਿਆਂ ਦੇ ਚੰਗੇ ਦਿਨ ਆਏ ਹਨ, ਮਿਹਤਨ ਕਰਨ ਵਾਲਿਆਂ ਨਹੀਂ, ਕਿਰਤੀਆਂ ਦੇ ਲਈ ਨਹੀਂ ਤੇ ਨਾ ਹੀ ਘੱਟ ਗਿਣਤੀਆਂ ਦੇ ਲਈ। ਆਰ ਐਸ ਐਸ ਭਾਰਤ ਦੇ ਲਈ ਤੇ ਭਾਰਤ ਦੇ ਲੋਕਾਂ ਦੇ ਲਈ ਖਤਰਾ ਬਣ ਰਹੀ ਹੈ, ਕਿਉਂਕਿ ਉਹ ਹਿਟਲਰ ਤੇ ਮੋਸੋਲਿਨੀ ਦੀ ਸਮਰਥਕ ਹੈ। ਜੇਕਰ ਅਸੀਂ ਨਾ ਜਾਗੇ ਤਾਂ ਸਾਡੇ ਲਈ ਬੁਰੇ ਦਿਨ ਸਾਬਤ ਹੋਣਗੇ।

*ਅਮੀਰਾਂ ਦੇ ਲਈ ਅੱਛੇ ਦਿਨ ਆਏ ਹਨ, ਲੁਟੇਰਿਆਂ ਤੇ ਤਸਕਰਾਂ ਦੇ ਲਈ ਅੱਛੇ ਦਿਨ ਆਏ ਹਨ, ਭੂਮੀ ਤੇ ਕਬਜ਼ਾ ਕਰਨ ਵਾਲਿਆਂ ਦੇ ਚੰਗੇ ਦਿਨ ਆਏ ਹਨ, ਮਿਹਤਨ ਕਰਨ ਵਾਲਿਆਂ ਨਹੀਂ, ਕਿਰਤੀਆਂ ਦੇ ਲਈ ਨਹੀਂ ਤੇ ਨਾ ਹੀ ਘੱਟ ਗਿਣਤੀਆਂ ਦੇ ਲਈ। ਆਰ ਐਸ ਐਸ ਭਾਰਤ ਦੇ ਲਈ ਤੇ ਭਾਰਤ ਦੇ ਲੋਕਾਂ ਦੇ ਲਈ ਖਤਰਾ ਬਣ ਰਹੀ ਹੈ, ਕਿਉਂਕਿ ਉਹ ਹਿਟਲਰ ਤੇ ਮੋਸੋਲਿਨੀ ਦੀ ਸਮਰਥਕ ਹੈ। ਜੇਕਰ ਅਸੀਂ ਨਾ ਜਾਗੇ ਤਾਂ ਸਾਡੇ ਲਈ ਬੁਰੇ ਦਿਨ ਸਾਬਤ ਹੋਣਗੇ।*

# ਹੁਣ ਮੁੱਕਣੀ ਚਾਹੀਦੀ ਹੈ ਵੋਟਿੰਗ ਮਸ਼ੀਨਾਂ ਬਾਰੇ ਬਹਿਸ

**ਯੋਗੇਂਦਰ ਯਾਦਵ**

ਨਵੀਆਂ ਵੀਵੀਪੈਟ ਮਸ਼ੀਨਾਂ ਆਉਣ ਤੋਂ ਬਾਅਦ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ (ਈਵੀਐੱਮ) ਬਾਰੇ ਬਹਿਸ ਖ਼ਤਮ ਹੋ ਜਾਣੀ ਚਾਹੀਦੀ ਸੀ ਪਰ



ਇਹ ਮਾਮਲਾ ਮੁੜ ਉੱਠ ਖਲੋਤਾ ਹੈ। ਸੰਵੇਦਨਸ਼ੀਲ ਤੇ ਅਹਿਮ ਜ਼ਿਮਨੀ ਚੋਣਾਂ 'ਚ ਸੱਤਾਧਾਰੀ ਪਾਰਟੀ ਦੀ ਹਾਰ ਤੋਂ ਬਆਦ ਮੁਖ਼ਾਲਿਫ਼ ਧਿਰ ਦੀ ਤਸੱਲੀ ਹੋ ਜਾਣੀ ਚਾਹੀਦੀ ਸੀ, ਪਰ ਇਸ ਧਿਰ ਦੇ ਬਹੁਤੇ ਆਗੂ ਦੁਬਾਰਾ ਪਰਚੀਆਂ ਰਾਹੀਂ ਵੋਟਾਂ ਦੀ ਮੰਗ ਕਰਨ ਲੱਗ ਪਏ। ਚੋਣ ਕਮਿਸ਼ਨ ਨੂੰ ਅਜਿਹੇ ਖਦਸ਼ਿਆਂ ਨਾਲ ਤਕੜੇ ਹੋ ਕੇ ਨਜਿੱਠਣਾ ਸੀ ਪਰ ਇਸ ਦੀ ਟਾਲ-ਮਟੋਲ ਤੇ ਨਾਂਹ-ਨੁੱਕਰ ਨਾਲ ਇਹ ਬਹਿਸ ਨੂੰ ਫਿਰ ਹਵਾ ਮਿਲ ਗਈ।

ਤਕਰੀਬਨ ਜਿਸ ਕਿਸੇ ਨੂੰ ਵੀ ਮੈਂ ਜਾਣਦਾ ਹਾਂ, ਸਾਰਿਆਂ ਨੂੰ ਹੀ ਇਨ੍ਹਾਂ ਮਸ਼ੀਨਾਂ ਬਾਰੇ ਖਦਸ਼ੇ ਹਨ। ਉਨ੍ਹਾਂ ਨੂੰ ਸ਼ੱਕ ਹੈ ਕਿ ਪਹਿਲੇ ਤਿੰਨ ਸਾਲਾਂ ਦੌਰਾਨ ਭਾਜਪਾ ਦੀਆਂ ਸ਼ਾਨਦਾਰ ਚੋਣ-ਜਿੱਤਾਂ ਇਨ੍ਹਾਂ ਮਸ਼ੀਨਾਂ ਨਾਲ ਛੇੜਖਾਨੀ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀਆਂ। ਉਨ੍ਹਾਂ ਦਾ ਖ਼ਦਸ਼ਾ ਹੈ ਕਿ ਕਿਤੇ ਲੋਕ ਸਭਾ ਚੋਣਾਂ 'ਚ ਅਜਿਹੀ ਖੇਡ ਮੁੜ ਨਾ ਖੇਡੀ ਜਾਵੇ। ਉਹ ਆਪਣੀ ਦਲੀਲ ਦੀ ਪੁਖ਼ਤਗੀ ਲਈ ਮਜ਼ਬੂਤ ਦਲੀਲਾਂ ਪੇਸ਼ ਕਰਦੇ ਹਨ। ਉਹ ਮੇਰੀ ਗੱਲ ਤਾਂ ਸੁਣਦੇ ਹਨ ਪਰ ਉਨ੍ਹਾਂ ਦੀ ਤਸੱਲੀ ਨਹੀਂ ਹੁੰਦੀ। ਫਿਰ ਵੀ ਇੱਥੇ ਇੱਕ ਕੋਸ਼ਿਸ਼ ਹੋਰ ਕਰ ਰਿਹਾ ਹਾਂ।

ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਖ਼ਿਲਾਫ਼ ਦਲੀਲਾਂ ਤਿੰਨ ਵਾਜਬ ਖ਼ਦਸ਼ਿਆਂ 'ਤੇ ਆਧਾਰਿਤ ਹਨ। ਪਹਿਲਾ: ਸਿਧਾਂਤਕ ਤੌਰ 'ਤੇ ਇਨ੍ਹਾਂ ਮਸ਼ੀਨਾਂ ਨਾਲ ਛੇੜਛਾੜ ਸੰਭਵ ਹੈ। ਦੂਜਾ: ਮੋਦੀ-ਸ਼ਾਹ ਦੀ ਜੋੜੀ ਹਰ ਹਾਲ ਚੋਣਾਂ ਜਿੱਤਣਾ ਚਾਹੁੰਦੀ ਹੈ ਤੇ ਤੁਸੀਂ ਕਿਸੇ ਵੀ ਚਾਲ ਨਾਲ ਉਨ੍ਹਾਂ ਨੂੰ ਮਾਤ ਨਹੀਂ ਪਾ ਸਕਦੇ। ਤੀਜਾ: ਚੋਣ ਕਮਿਸ਼ਨ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ ਕਿ ਉਹ ਸੱਤਾਧਾਰੀ ਪਾਰਟੀ ਦੀਆਂ ਲੋੜਾਂ ਅੱਗੇ ਨਹੀਂ ਝੁਕੇਗਾ। ਇਹ ਤਿੰਨੇ ਖ਼ਦਸ਼ੇ ਨਿਰਮੂਲ ਨਹੀਂ ਪਰ ਇਨ੍ਹਾਂ ਖ਼ਦਸ਼ਿਆਂ ਦੇ ਬਾਵਜੂਦ ਇਹ ਨਹੀਂ ਸਮਝਣਾ ਚਾਹੀਦਾ ਕਿ ਇਨ੍ਹਾਂ ਮਸ਼ੀਨਾਂ ਨਾਲ ਹਰ ਹਾਲ ਛੇੜਖਾਨੀ ਹੋਈ ਹੈ ਜਾਂ ਹੋਵੇਗੀ; ਨਾ ਹੀ ਅਜਿਹਾ ਕੋਈ ਨਤੀਜਾ ਕੱਢਣਾ ਚਾਹੀਦਾ ਹੈ ਕਿ ਇਨ੍ਹਾਂ ਦੀ ਥਾਂ ਪਰਚੀ ਰਹੀਆਂ ਵੋਟਾਂ ਪੈਣੀਆਂ ਚਾਹੀਦੀਆਂ ਹਨ ਤੇ ਇਹੀ ਇਸ ਸਮੱਸਿਆ ਦਾ ਹੱਲ ਹੈ।

ਇਨ੍ਹਾਂ ਮਸ਼ੀਨਾਂ ਬਾਰੇ ਬਹਿਸ ਦੁਰਵਰਤੋਂ ਦੀ ਸੰਭਾਵਨਾ 'ਤੇ ਕੇਂਦ੍ਰਿਤ ਹੋ ਕੇ ਰਹਿ ਜਾਂਦੀ ਹੈ। ਨੁਕਤਾਚੀਨ ਪੂਰੀ ਮੁਹਾਰਤ ਨਾਲ ਦਰਸਾ ਚੁੱਕੇ ਹਨ ਕਿ ਇਨ੍ਹਾਂ ਮਸ਼ੀਨਾਂ ਨਾਲ ਛੇੜਛਾੜ ਸੰਭਵ ਹੈ। ਚੋਣ ਕਮਿਸ਼ਨ ਸਮੇਤ ਕੁਝ ਸਮਰਥਕ ਇਸ ਦੇ ਉਲਟ ਵੀ ਦਲੀਲਾਂ ਦੇ ਚੁੱਕੇ ਹਨ ਕਿ ਇਨ੍ਹਾਂ ਮਸ਼ੀਨਾਂ ਨਾਲ ਕੋਈ ਛੇੜਖਾਨੀ ਹੋ ਹੀ ਨਹੀਂ ਸਕਦੀ। ਉਂਜ ਤੱਥ ਬੋਲਦੇ ਹਨ ਕਿ ਕਿਸੇ ਵੀ ਇਲੈਕਟ੍ਰੌਨਿਕ ਯੰਤਰ ਨੂੰ ਆਪਣੇ ਹਿਸਾਬ ਨਾਲ ਤਿਆਰ ਕੀਤਾ ਤੇ ਵਰਤਿਆ ਜਾ ਸਕਦਾ ਹੈ। ਇਹੀ ਤਾਂ ਛੇੜਖਾਨੀ ਹੈ। ਬਹਿਸ ਇਸ ਮੁੱਦੇ 'ਤੇ ਨਹੀਂ ਹੋਣੀ ਚਾਹੀਦੀ ਕਿ ਇਨ੍ਹਾਂ ਮਸ਼ੀਨਾਂ ਨਾਲ ਛੇੜਖਾਨੀ ਹੋ ਸਕਦੀ ਹੈ ਜਾਂ ਨਹੀਂ, ਸਗੋਂ ਅਸਲ ਜੀਵਨ ਦੇ ਹਾਲਾਤ 'ਤੇ ਆਧਾਰਿਤ ਹੋਣੀ ਚਾਹੀਦੀ ਹੈ। ਸਾਨੂੰ ਮਸ਼ੀਨ ਦੇ ਡਿਜ਼ਾਇਨ 'ਤੇ ਨਹੀਂ, ਸਗੋਂ ਇਸ ਦੀ ਵਰਤੋਂ ਕਰਨ ਵਾਲੇ ਪ੍ਰਸ਼ਾਸਕੀ ਨੇਮਾਂ 'ਤੇ ਧਿਆਨ ਕੇਂਦ੍ਰਿਤ ਕਰਨਾ ਚਾਹੀਦਾ ਹੈ।

ਬਹਿਸ ਲਈ ਇਨ੍ਹਾਂ ਮਸ਼ੀਨਾਂ ਦੇ ਡਿਜ਼ਾਈਨ ਦੀਆਂ ਸਿਰਫ਼ ਦੋ ਵਿਸ਼ੇਸ਼ਤਾਵਾਂ ਹੀ ਵਾਜਬ ਹਨ। ਇਕ ਤਾਂ ਇਹ ਕਿ ਇਹ ਮਸ਼ੀਨਾਂ ਰਿਮੋਟ ਸਿਗਨਲ ਨਾਲ ਨਹੀਂ ਚੱਲ ਸਕਦੀਆਂ। ਜੇ ਇਨ੍ਹਾਂ ਨਾਲ ਛੇੜਖਾਨੀ ਕਰਨੀ ਹੋਵੇਗੀ, ਤਾਂ ਹਰ ਮਸ਼ੀਨ ਨਾਲ ਕਰਨੀ ਪਵੇਗੀ। ਦੂਜੇ, ਇਸ ਮਸ਼ੀਨ ਵਿੱਚ ਲੱਗੀ ਚਿੱਪ ਕਿਸੇ ਪਾਰਟੀ ਦੇ ਚੋਣ ਨਿਸ਼ਾਨ ਜਾਂ ਨਾਵਾਂ ਨੂੰ ਨਹੀਂ ਪਛਾਣਦੀ; ਇਹ ਉਮੀਦਵਾਰਾਂ ਦੇ ਲੜੀ ਨੰਬਰ ਤੋਂ ਵੋਟਾਂ ਦਾ ਰਿਕਾਰਡ ਰੱਖਦੀ ਹੈ। ਉਮੀਦਵਾਰਾਂ ਦਾ ਲੜੀ ਨੰਬਰ ਉਨ੍ਹਾਂ ਦੇ ਨਾਂ ਮੁਤਾਬਿਕ ਵਰਣਮਾਲਾ ਦੇ ਹਿਸਾਬ ਨਾਲ ਹੁੰਦਾ ਹੈ। ਜੇ ਕੋਈ ਮਸ਼ੀਨ ਨੂੰ ਕਿਸੇ ਖ਼ਾਸ ਉਮੀਦਵਾਰ ਜਾਂ ਪਾਰਟੀ ਦੇ ਹੱਕ ਵਿਚ ਵਰਤਣਾ ਚਾਹੇ, ਤਾਂ ਅਜਿਹਾ ਹਰ ਚੋਣ ਹਲਕੇ ਵਿਚ ਉਮੀਦਵਾਰਾਂ ਦੇ ਨਾਂ ਤੈਅ ਹੋਣ ਅਤੇ ਖ਼ਾਸ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਉਸ ਹਲਕੇ ਲਈ ਅਲਾਟ ਹੋਣ ਤੋਂ ਬਾਅਦ ਹੀ ਕੀਤਾ ਜਾ ਸਕਦਾ ਹੈ। ਚੋਣਾਂ ਤੋਂ ਪਹਿਲਾਂ ਦੇ 72 ਕੁ ਘੰਟਿਆਂ 'ਚ ਇਹ ਹੋ ਸਕਦਾ ਹੈ।

ਮਸ਼ੀਨਾਂ ਖ਼ਿਲਾਫ਼ ਕੋਈ ਵਾਜਬ ਮਾਮਲਾ ਸਾਹਮਣੇ ਲਿਆਉਣਾ ਹੋਵੇਗਾ ਕਿ ਚੋਣਾਂ ਤੋਂ ਪਹਿਲਾਂ ਦੇ ਦਿਨਾਂ ਦੌਰਾਨ ਪ੍ਰਸ਼ਾਸਕੀ ਕਾਰਜ-ਵਿਧੀਆਂ ਤੇ ਨੇਮਾਂ ਦੇ ਹਿਸਾਬ ਨਾਲ ਇਨ੍ਹਾਂ ਮਸ਼ੀਨਾਂ ਨਾਲ ਛੇੜਖਾਨੀ ਦੀ ਇਜਾਜ਼ਤ ਦਿੱਤੀ। ਇਸ ਤੋਂ ਪਹਿਲਾਂ ਕਿ ਅਸੀਂ ਇਸ ਦੋਸ਼ 'ਤੇ ਯਕੀਨ ਕਰੀਏ ਕਿ ਹਾਲੀਆ ਚੋਣਾਂ ਦੌਰਾਨ ਅਜਿਹੀ ਕੋਈ ਛੇੜਖਾਨੀ ਹੋਈ ਸੀ, ਤਾਂ ਸਾਨੂੰ ਕੋਈ ਨਾ ਕੋਈ ਸਬੂਤ ਤਾਂ ਦੇਣਾ ਹੀ ਪਵੇਗਾ, ਕੋਈ ਅਜਿਹੇ ਹਾਲਾਤ ਪੇਸ਼ ਕਰਨੇ ਪੈਣਗੇ ਕਿ ਸਭ ਨੂੰ ਯਕੀਨ ਹੋ ਸਕੇ ਕਿ ਕੁਝ ਮਾਮਲਿਆਂ 'ਚ ਇਨ੍ਹਾਂ ਮਸ਼ੀਨਾਂ ਨਾਲ ਸੱਚਮੁੱਚ ਕੋਈ ਛੇੜਖਾਨੀ ਹੋਈ ਹੈ। ਹੁਣ ਤੱਕ ਅਜਿਹਾ ਕੋਈ ਠੋਸ ਸਬੂਤ ਨਹੀਂ ਮਿਲ ਸਕਿਆ। ਕਈ ਸੂਬਿਆਂ ਵਿੱਚ ਭਾਜਪਾ ਦੀਆਂ ਨਾ ਮੰਨਣਯੋਗ ਜਿੱਤਾਂ ਦੇ ਆਧਾਰ 'ਤੇ ਅਜਿਹਾ ਕੋਈ ਦੋਸ਼ ਨਹੀਂ ਲਾਇਆ ਜਾ ਸਕਦਾ ਕਿ ਮਸ਼ੀਨਾਂ ਨਾਲ ਕੋਈ ਛੇੜਖਾਨੀ ਹੋਈ ਹੈ। ਭਾਰਤੀ ਚੋਣਾਂ ਦਾ ਇਤਿਹਾਸ ਅਜਿਹੀਆਂ ਜਿੱਤਾਂ ਨਾਲ ਭਰਿਆ ਪਿਆ ਹੈ।

ਆਸ ਸੀ ਕਿ ਇਹ ਪੁਰਾਣੀ ਅਤੇ ਅਕਾਊ ਬਹਿਸ, ਵੀਵੀਪੈਟ ਮਸ਼ੀਨਾਂ ਨਾਲ ਜੁੜੀਆਂ ਨਵੀਆਂ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੀ ਆਮਦ ਨਾਲ ਖ਼ਤਮ ਹੋ ਜਾਵੇਗੀ। ਇਹ ਨਵੀਂ ਮਸ਼ੀਨ ਕਾਗਜ਼ ਦੀ ਪਰਚੀ 'ਤੇ ਪਾਰਟੀ ਦਾ ਚੋਣ ਨਿਸ਼ਾਨ ਛਾਪਦੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਵੋਟਰ ਨੇ ਕਿਹੜੀ ਪਾਰਟੀ ਨੂੰ ਵੋਟ ਪਾਈ ਹੈ। ਇਸ ਪਰਚੀ ਦੀ ਪੁਸ਼ਟੀ ਸਿਰਫ਼ ਵੋਟਰ ਕਰ ਸਕਦਾ ਹੈ ਤੇ ਇਹ ਪਰਚੀ ਬਕਸੇ ਵਿੱਚ ਪਾ ਦਿੱਤੀ ਜਾਂਦੀ ਹੈ। ਜੇ ਲੋੜ ਪਵੇ




ਤਾਂ ਪਰਚੀਆਂ ਗਿਣੀਆਂ ਜਾ ਸਕਦੀਆਂ ਹਨ। ਮਸ਼ੀਨਾਂ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਖਾਨੀ ਦੀ ਸੰਭਾਵਨਾ ਨੂੰ ਰੱਦ ਕਰਨ ਦਾ ਯਕੀਨੀ ਰਾਹ ਇਹੋ ਹੈ ਕਿ ਮਸ਼ੀਨਾਂ 'ਚ ਦਰਜ ਵੋਟਾਂ ਤੇ ਪਰਚੀਆਂ ਦੀ ਗਿਣਤੀ ਨੂੰ ਆਪਸ ਵਿਚ ਮਿਲਾ ਲਿਆ ਜਾਵੇ। ਹਾਲੀਆ ਜ਼ਿਮਨੀ ਚੋਣਾਂ ਦੌਰਾਨ ਇਨ੍ਹਾਂ ਮਸ਼ੀਨਾਂ ਬਾਰੇ ਜਿਹੜੇ ਵੀ ਵਿਵਾਦ ਹੋਏ ਸਨ, ਉਹ ਮਸ਼ੀਨਾਂ ਦੀਆਂ ਨਾਕਾਮੀਆਂ ਤੇ ਇਨ੍ਹਾਂ ਦੇ ਬੰਦ ਹੋਣ ਜਾਂ ਰੁਕਣ ਬਾਰੇ ਸਨ; ਗ਼ਲਤ ਰਿਕਾਰਡਿੰਗ ਜਾਂ ਵੋਟਾਂ ਦੇ ਆਪਸ ਵਿਚ ਮੇਲ ਨਾ ਖਾਣ ਬਾਰੇ ਨਹੀਂ ਸਨ। ਚੋਣ ਕਮਿਸ਼ਨ ਪਹਿਲਾਂ ਹੀ ਐਲਾਨ ਕਰ ਚੁੱਕਾ ਹੈ ਕਿ ਆਉਂਦੀਆਂ ਲੋਕ ਸਭਾ ਚੋਣਾਂ ਸਮੇਤ ਭਵਿੱਖ 'ਚ ਹੋਣ ਵਾਲੀਆਂ ਸਾਰੀਆਂ ਚੋਣਾਂ ਵੀਵੀਪੈਟ ਨਾਲ ਜੁੜੀਆਂ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਰਾਹੀਂ ਹੋਣਗੀਆਂ।

ਇਸ ਲਈ, ਜਿਨ੍ਹਾਂ ਨੂੰ ਇਨ੍ਹਾਂ ਮਸ਼ੀਨਾਂ ਬਾਰੇ ਕੁਝ ਖ਼ਦਸ਼ੇ ਹਨ, ਉਹ ਪਰਚੀਆਂ ਰਾਹੀਂ ਵੋਟਾਂ ਦੀ ਮੰਗ ਕਰਨ 'ਤੇ ਆਪਣੀ ਊਰਜਾ ਜ਼ਾਇਆ ਨਾ ਕਰਨ ਕਿਉਂਕਿ ਪਰਚੀਆਂ ਦੇ ਮਸਲੇ ਜ਼ਿਆਦਾ ਮੁਸ਼ਕਿਲ ਹੁੰਦੇ ਹਨ ਅਤੇ ਉਨ੍ਹਾਂ ਨਾਲ ਵੱਧ ਛੇੜਖਾਨੀ ਹੋ ਸਕਦੀ ਹੈ। ਇਸ ਦੀ ਥਾਂ ਉਨ੍ਹਾਂ ਨੂੰ ਵੀਵੀਪੈਟ ਨਾਲ ਜੁੜੀਆਂ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਲਈ ਪੱਕੇ ਪ੍ਰਬੰਧ ਕਰਨ ਵੱਲ ਧਿਆਨ ਲਾਉਣਾ ਚਾਹੀਦਾ ਹੈ।

ਇਸ ਸਿਲਸਿਲੇ ਵਿੱਚ ਕੁਝ ਸੁਝਾਅ ਇਉਂ ਹਨ: ਪਹਿਲਾ, ਸੌਫਟਵੇਅਰ ਚੁਣੌਤੀ (Hackathon Challenge) ਲਾਮਬੰਦ ਕਰਨ ਦੀ ਥਾਂ, ਚੋਣ ਕਮਿਸ਼ਨ ਨੂੰ ਜ਼ਰੂਰ ਹੀ ਮੁਲਕ ਵਿਚ ਕਿਤੇ ਵੀ ਰੱਖੀਆਂ ਨਵੀਆਂ ਮਸ਼ੀਨਾਂ ਦੇ ਕਿਸੇ ਸੈਂਪਲ ਦਾ ਮੁਆਇਨਾ ਕਰਨ ਲਈ ਕਿਸੇ ਰਜਿਸਟਰਡ ਪਾਰਟੀ ਵੱਲੋਂ ਨਾਮਜ਼ਦ ਮਾਹਿਰਾਂ ਨੂੰ ਇਜਾਜ਼ਤ ਦੇਣੀ ਚਾਹੀਦੀ ਹੈ। ਦੂਜਾ, ਚੋਣ ਨਿਯਮਾਂ ਵਿਚ ਸੁਧਾਰ ਹੋਣਾ ਚਾਹੀਦਾ ਹੈ। ਜੇ ਵੋਟਰ ਨੂੰ ਸ਼ੱਕ ਪਵੇ ਕਿ ਪਰਚੀ 'ਤੇ ਦਰਜ ਚੋਣ ਨਿਸ਼ਾਨ ਉਸ ਵੱਲੋਂ ਪਾਈ ਵੋਟ ਨਾਲ ਮੇਲ ਨਹੀਂ ਖਾਂਦਾ, ਤਾਂ ਉਸ ਨੂੰ ਇਤਰਾਜ਼ ਪ੍ਰਗਟਾਉਣ ਦਾ ਹੱਕ ਹੋਵੇ। ਤੀਜਾ, ਨਵੀਂ ਮਸ਼ੀਨ ਬਾਰੇ ਵੋਟਰਾਂ ਨੂੰ ਸਮਝਾਉਣ ਦੀ ਪ੍ਰਚਾਰ ਮੁਹਿੰਮ ਵਿੱਢਣੀ ਚਾਹੀਦੀ ਹੈ ਕਿ ਉਹ ਆਪਣੀ ਵੋਟ ਦੀ ਪੁਸ਼ਟੀ ਕਿਵੇਂ ਕਰ ਸਕਦੇ ਹਨ ਤੇ ਲੋੜ ਪੈਣ 'ਤੇ ਇਤਰਾਜ਼ ਪ੍ਰਗਟਾ ਸਕਦੇ ਹਨ। ਇਸ ਮੁਹਿੰਮ ਦੌਰਾਨ ਅਜਿਹੀ ਅਫ਼ਵਾਹ 'ਤੇ ਵੀ ਗ਼ੌਰ ਕੀਤਾ ਜਾਵੇ (ਜਿਹੜੀ ਕਰਨਾਟਕ ਚੋਣ ਮੁਹਿੰਮਾਂ ਦੌਰਾਨ ਸਾਹਮਣੇ ਆਈ ਸੀ) ਕਿ ਵੱਖ ਵੱਖ ਪਾਰਟੀਆਂ ਦੇ ਪੋਲਿੰਗ ਏਜੰਟ ਕਾਗਜ਼ ਦੀ ਸਲਿੱਪ ਵੇਖ ਸਕਣਗੇ ਕਿ ਕਿਸ ਨੇ ਕਿਸ ਨੂੰ ਵੋਟ ਪਾਈ ਹੈ। ਚੌਥਾ, ਖ਼ਰਾਬ ਮਸ਼ੀਨਾਂ ਨੂੰ 30 ਮਿੰਟਾਂ ਦੇ ਅੰਦਰ ਬਦਲਣਾ ਜਾਂ ਅਜਿਹੇ ਥਾਂ 'ਤੇ ਸਖ਼ਤੀ ਨਾਲ ਦੁਬਾਰਾ ਵੋਟਾਂ ਪਵਾਈਆਂ ਜਾਣ। ਮਸ਼ੀਨਾਂ ਦੀ ਖ਼ਰਾਬੀ ਦੀ ਕਿਸਮ ਨੂੰ ਵੱਡੇ ਪੱਧਰ 'ਤੇ ਪ੍ਰਚਾਰਿਆ ਜਾਵੇ, ਤਾਂ ਜੋ ਸਭ ਨੂੰ ਇਹ ਪਤਾ ਹੋਵੇ ਕਿ ਇਨ੍ਹਾਂ ਵਿੱਚ ਕਿਸੇ ਵੀ ਵੇਲੇ ਕਿਹੜੀ ਖ਼ਰਾਬੀ ਹੋ ਸਕਦੀ ਹੈ ਤੇ ਅਜਿਹੇ ਹਾਲਾਤ 'ਚ ਕੀ ਕਰਨਾ ਹੈ।

ਅੰਤ ਵਿੱਚ, ਗਿਣਤੀ ਦੀ ਪ੍ਰਕਿਰਿਆ ਵਿਚ ਥੋੜ੍ਹੀ ਤਬਦੀਲੀ ਲਿਆਂਦੀ ਜਾਣੀ ਚਾਹੀਦੀ ਹੈ। ਕਿਸੇ ਇੱਕ ਚੋਣਵੇਂ ਬੂਥ 'ਤੇ ਗਿਣਤੀ ਵਾਲੀ ਹਰ ਮੇਜ਼ 'ਤੇ ਪਰਚੀਆਂ ਅਤੇ ਇਲੈਕਟ੍ਰੌਨਿਕ ਵੋਟਿੰਗ ਮਸ਼ੀਨਾਂ ਵਿਚਲੀ ਗਿਣਤੀ ਦੇ ਨਤੀਜਿਆਂ ਦਾ ਮਿਲਾਨ ਦਾ ਅਮਲ ਸ਼ੁਰੂ ਹੋਣਾ ਚਾਹੀਦਾ ਹੈ। ਜੇ ਅਜਿਹੀ ਕੋਈ ਗ਼ਲਤੀ ਨਾ ਮਿਲੇ, ਤਾਂ ਉਸ ਬੂਥ 'ਤੇ ਗਿਣਤੀ ਆਮ ਵਾਂਗ ਚੱਲਦੀ ਰਹੇ। ਵਧੇਰੇ ਸਾਵਧਾਨੀ ਲਈ ਜਿਹੜੇ ਉਮੀਦਵਾਰ ਦੂਜੇ ਤੇ ਤੀਜੇ ਗੇੜ ਦੀ ਗਿਣਤੀ ਖ਼ਤਮ ਕਰ ਲੈਣ, ਉਹ ਆਪਣੀ ਮਰਜ਼ੀ ਦੇ ਕਿਸੇ ਬੂਥ 'ਤੇ ਜਾ ਕੇ ਅਜਿਹਾ ਮਿਲਾਨ ਫਿਰ ਕਰ ਸਕਦੇ ਹਨ ਤੇ ਉਸ ਤੋਂ ਬਾਅਦ ਨਤੀਜਾ ਐਲਾਨਿਆ ਜਾ ਸਕਦਾ ਹੈ।

ਅਜਿਹੀ ਕਾਰਜ-ਵਿਧੀ ਨਾਲ ਵੋਟਾਂ ਦੀ ਗਿਣਤੀ ਵਿਚ ਇਕ ਘੰਟੇ ਜਾਂ ਰਤਾ ਕੁ ਵੱਧ ਸਮੇਂ ਦੀ ਦੇਰੀ ਲੱਗ ਸਕਦੀ ਹੈ ਜਾਂ ਗਿਣਤੀ ਵਾਲੇ ਦਿਨ ਦਾ ਟੀ-20 ਵਰਗਾ ਚਾਅ ਖ਼ਤਮ ਹੋ ਸਕਦਾ ਹੈ ਪਰ ਜਮਹੂਰੀਅਤ ਦੀ ਇਸ ਮੁਕੱਦਸ ਰਸਮ ਵਿਚ ਜਨਤਾ ਦਾ ਭਰੋਸਾ ਬਹਾਲ ਕਰਨ ਅਤੇ ਬੇਲੋੜੇ ਵਿਵਾਦ ਖ਼ਤਮ ਕਰਨ ਲਈ ਥੋੜ੍ਹੀ-ਬਹੁਤ ਕੀਮਤ ਤਾਂ ਅਦਾ ਕਰਨੀ ਹੀ ਪਵੇਗੀ। ਜਮਹੂਰੀ ਚੋਣਾਂ ਦੀ ਅਹਿਮੀਅਤ ਤੇ ਪਵਿੱਤਰਤਾ ਹਰ ਬੰਦੇ 'ਤੇ ਨਿਰਭਰ ਹੈ, ਹਾਰਨ ਵਾਲਾ ਉਮੀਦਵਾਰ ਵੀ ਬਣਾਏ ਨਿਯਮਾਂ 'ਤੇ ਸਹਿਮਤ ਹੋਵੇ।

(×ਲੇਖਕ 'ਸਵਰਾਜ ਇੰਡੀਆ' ਦਾ ਕੌਮੀ ਪ੍ਰਧਾਨ ਹੈ।)

*ਹਾਲਾਤ-ਏ-ਪੰਜਾਬ*

# ਨਵਜੋਤ ਸਿੱਧੂ ਦੀ ਤਿੱਖੀ ਤੇ ਤੇਜ਼ ਸਿਆਸਤ

**ਕੁਲਜੀਤ ਬੈਂਸ**

ਚੰਗੀਆਂ-ਮਾੜੀਆਂ ਖ਼ਬਰਾਂ ਰਾਹੀਂ ਲਗਾਤਾਰ ਛਾਏ ਰਹਿਣ ਦੇ ਮਾਮਲੇ ਵਿੱਚ ਪੰਜਾਬ ਸਰਕਾਰ ਅੰਦਰ ਮੁੱਖ ਮੰਤਰੀ ਦੇ ਬਰਾਬਰ ਜੇ ਕੋਈ ਸਿਆਸਤਦਾਨ



ਤੁਲਦਾ ਹੈ, ਤਾਂ ਉਹ ਨਵਜੋਤ ਸਿੰਘ ਸਿੱਧੂ ਹੈ। ਉਹ ਸਥਾਨਕ ਸਰਕਾਰਾਂ, ਸੈਰ-ਸਪਾਟਾ ਪੁਰਾਤੱਤਵ ਤੇ ਅਜਾਇਬ ਘਰ ਮਹਿਕਮਿਆਂ ਦੇ ਮੰਤਰੀ ਹਨ ਜਿਨ੍ਹਾਂ ਨੂੰ ਉਹ ਅਕਸਰ "ਡੇਢ" ਮਹਿਕਮਾ ਆਖਦੇ ਹਨ। ਸਥਾਨਕ ਸਰਕਾਰਾਂ ਵਾਲਾ ਮਹਿਕਮਾ ਪੂਰਾ ਅਤੇ ਬਾਕੀ ਸਭ ਮਿਲਾ ਕੇ ਅੱਧੇ ਮਹਿਕਮੇ ਬਰਾਬਰ। ਉਂਜ, ਉਨ੍ਹਾਂ ਦੀ ਭੱਜ-ਨੱਠ ਨੂੰ ਦੇਖਦਿਆਂ ਜੇ ਤੁਸੀਂ ਸੋਚਦੇ ਹੋਵੋ ਕਿ ਉਹ ਉਪ ਮੁੱਖ ਮੰਤਰੀ ਹਨ ਤਾਂ ਤੁਹਾਡੀ ਇਹ ਖ਼ਤਾ ਮੁਆਫ਼ ਹੋ ਸਕਦੀ ਹੈ। ਇਹ ਉਹੀ ਰੁਤਬਾ ਹੈ ਜਿਸ ਦੀ ਤਾਂਘ ਉਹ ਸਦਾ ਰੱਖਦੇ ਰਹੇ ਹਨ।

ਇੱਕ ਤੋਂ ਬਾਅਦ ਇੱਕ ਲੜਾਈ ਲੜਦਿਆਂ, ਸਿੱਧੂ ਉਸ ਕੇਸ ਵਿੱਚੋਂ ਵੀ ਸਹੀ-ਸਲਾਮਤ ਬਾਹਰ ਆ ਗਏ ਜੋ ਉਨ੍ਹਾਂ ਦੀ ਗੱਡੀ ਲੀਹੋਂ ਲਾਹ ਸਕਦਾ ਸੀ ਪਰ ਇਸ ਤੋਂ ਬਾਅਦ ਉਨ੍ਹਾਂ ਲਈ ਸਿਆਸੀ ਖਿੱਚਧੂਹ ਹੋਰ ਤਿੱਖੀ ਹੋ ਗਈ। ਤੇ ਇਹ ਕੰਮ ਉਨ੍ਹਾਂ ਦੀ ਆਪਣੀ ਹੀ ਪਾਰਟੀ ਤੋਂ ਸਿਵਾ ਹੋਰ ਕੌਣ ਬਿਹਤਰ ਕਰ ਸਕਦਾ ਹੈ। ਇਸ ਤੋਂ ਪਹਿਲਾਂ, ਭਾਜਪਾ ਨੂੰ ਉਨ੍ਹਾਂ ਦੇ ਆਪਮੁਹਾਰੇਪਣ ਨੂੰ ਕਾਬੂ ਹੇਠ ਰੱਖਣ ਅਤੇ ਅਨੁਸ਼ਾਸਨ ਤਹਿਤ ਚਲਾਉਣ ਲਈ ਜੂਝਣਾ ਪੈ ਰਿਹਾ ਸੀ। ਹੁਣ, ਸਿੱਧੂ ਪੰਜਾਬ ਕਾਂਗਰਸ, ਤੇ ਸ਼ਾਇਦ ਵਜ਼ਾਰਤ ਅੰਦਰ ਵੀ ਸਿਆਸੀ ਤੌਰ 'ਤੇ ਅਲੱਗ-ਥਲੱਗ ਪੈ ਗਏ ਹਨ। ਮਾਝੇ ਵਾਲੇ ਵਿਧਾਇਕ ਜੋ ਉਨ੍ਹਾਂ ਆਪਣੇ ਨਾਲ ਤਿਆਰ ਕੀਤੇ ਹੋਏ ਸਨ, ਹੁਣ ਵਜ਼ਾਰਤ ਵਿੱਚ ਥਾਂ ਮਿਲਣ ਤੋਂ ਬਾਅਦ ਠੰਢੇ ਜਿਹੇ ਪੈ ਗਏ ਹਨ। ਸਰਕਾਰ ਵਿੱਚ ਉਨ੍ਹਾਂ ਦੀ ਇਸ ਹਾਲਤ ਦੇ ਸਪਸ਼ਟ ਸੰਕੇਤ ਉਨ੍ਹਾਂ ਵੱਲੋਂ ਖਣਨ ਬਾਰੇ ਤਜਵੀਜ਼ ਕੀਤੀ ਨੀਤੀ ਰੱਦ ਕਰਨ ਲਈ ਬਣੀ ਇੱਕਜੁੱਟਤਾ ਹੈ। ਉਨ੍ਹਾਂ ਦੇ ਸੁਝਾਵਾਂ ਨਾਲ ਕਿਸੇ ਦੀ ਅਸਹਿਮਤੀ ਹੋ ਸਕਦੀ ਹੈ, ਜਾਂ ਜਿਸ ਢੰਗ ਨਾਲ ਉਨ੍ਹਾਂ ਰਿਪੋਰਟ ਤਿਆਰ ਕੀਤੀ, ਕੋਈ ਉਸ ਤੋਂ ਔਖਾ ਹੋ ਸਕਦਾ ਹੈ ਪਰ ਜਿਸ ਤਰੀਕੇ ਨਾਲ ਉਨ੍ਹਾਂ ਨੂੰ ਪਿਛਾਂਹ ਧੱਕਿਆ ਗਿਆ, ਉਸ ਤੋਂ ਪ੍ਰਸ਼ਾਸਕੀ ਨੁਕਤਿਆਂ ਦੀ ਥਾਂ ਸਿਆਸੀ ਮਕਸਦ ਵਧੇਰੇ ਜਾਪਦਾ ਹੈ। ਨਾਜਾਇਜ਼ ਕਾਲੋਨੀਆਂ ਦੀ ਨੇਮਬੰਦੀ ਵਾਲੇ ਮਾਮਲੇ ਦਾ ਹਸ਼ਰ ਵੀ ਇਹੀ ਹੋਇਆ ਹੈ। ਸੋ, ਉਨ੍ਹਾਂ ਦੇ ਵਧ ਰਹੇ ਸਿਆਸੀ ਗਰਾਫ਼ ਤੋਂ ਸੂਬਾਈ ਲੀਡਰਸ਼ਿਪ ਅੰਦਰਲੀ ਬੇਚੈਨੀ ਦੀ ਸ਼ਨਾਖ਼ਤ ਸਹਿਜੇ ਹੀ ਹੋ ਸਕਦੀ ਹੈ।

ਹੁਣ ਤੱਕ ਦੇ ਸਫ਼ਰ ਦੌਰਾਨ ਸਿੱਧੂ ਦੀ ਸਿਆਸੀ ਫ਼ਿਤਰਤ ਹਰ ਵਾਰ ਗੇਂਦ ਨੂੰ ਸਹੀ ਥਾਂ 'ਤੇ ਕੈਚ ਕਰਨ ਦੀ ਰਹੀ ਹੈ। ਜਦੋਂ ਸਿੱਧੂ ਅਦਾਲਤ ਦਾ ਫ਼ੈਸਲਾ ਬੇਸਬਰੀ ਨਾਲ ਉਡੀਕ ਰਹੇ ਸਨ ਤਾਂ ਪਾਰਟੀ ਦੇ ਕਈ ਸੀਨੀਅਰ ਤੇ ਜੂਨੀਅਰ ਲੀਡਰਾਂ ਦੇ ਮਨਾਂ ਅੰਦਰ ਲੱਡੂ ਭੁਰ ਰਹੇ ਸਨ। ਫ਼ੈਸਲੇ ਤੋਂ ਤੁਰੰਤ ਬਾਅਦ ਪਟਿਆਲੇ ਦੇ ਇਸ ਸ਼ਾਹੀ ਕ੍ਰਿਕਟਰ ਨੇ ਰਾਹੁਲ ਗਾਂਧੀ ਕੋਲ ਦਿੱਲੀ ਫੇਰੀ ਪਾਈ ਅਤੇ ਐਨ ਲੋੜ ਵੇਲੇ ਇਸ ਮਾਮਲੇ ਵਿੱਚ ਦਿੱਤੇ ਸਮਰਥਨ ਲਈ ਧੰਨਵਾਦ ਕੀਤਾ। ਦੂਜੇ ਦਿਨ ਹੀ ਉਨ੍ਹਾਂ ਦੀਆਂ ਲੱਤਾਂ ਖਿੱਚਣ ਵਾਲੇ ਸੰਗਦੇ-ਸੰਗਾਉਂਦੇ ਉਨ੍ਹਾਂ ਨੂੰ ਵਧਾਈਆਂ ਦੇਣ ਲੱਗੇ। ਸਿੱਧੂ ਆਪਣੀ ਸਿਆਸਤ ਤੋਂ ਬਾਖ਼ਬਰ ਹੈ, ਇਹ ਭਾਵੇਂ ਰਾਜ ਸਭਾ ਤੋਂ ਅਸਤੀਫ਼ੇ ਦਾ ਮਾਮਲਾ ਸੀ, ਜਾਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ 'ਆਪ' ਦੀ ਥਾਂ ਕਾਂਗਰਸ ਦੀ ਚੋਣ ਕਰਨਾ ਸੀ। ਹੁਣ ਤੱਕ, ਉਹ ਐਨ ਲੀਹ 'ਤੇ ਰਹੇ ਹਨ।

ਪਰ ਕਾਂਗਰਸ ਵਿੱਚ ਨਾਲਦਿਆਂ ਵਿੱਚ ਰੜਕਣ ਦਾ ਕਾਰਨ ਸ਼ਾਇਦ ਸਿੱਧੂ ਦੀ ਲੋਕਪ੍ਰਿਯਤਾ ਹੈ, ਭਾਵੇਂ ਕਈ ਵਾਰ ਉਹ ਕੁਝ ਜ਼ਿਆਦਾ ਹੀ ਉਤਸ਼ਾਹ ਦਿਖਾ ਜਾਂਦੇ ਹਨ। ਉਨ੍ਹਾਂ ਵੱਲੋਂ ਲੋੜਵੰਦ ਲੋਕਾਂ ਨੂੰ ਆਪਣੇ ਪੱਲਿਓਂ ਪੈਸੇ ਦੇਣੇ ਆਮ ਗੱਲ ਹੈ। ਘੱਟੋ-ਘੱਟ ਉਨ੍ਹਾਂ ਦੇ ਸਮਰਥਕ ਤਾਂ ਇਹ ਯਕੀਨ ਕਰਦੇ ਹੀ ਹਨ ਕਿ ਉਹ ਸਾਰਾ ਕੁਝ ਦਿਲੋਂ ਕਹਿੰਦੇ ਤੇ ਕਰਦੇ ਹਨ; ਜ਼ਿਮਨੀ ਚੋਣ ਮਹਿੰਮ ਦੌਰਾਨ ਉਨ੍ਹਾਂ ਦਾ ਸ਼ਾਹਕੋਟ ਵਾਲਾ ਭਾਸ਼ਨ ਖ਼ੂਬ ਹਿੱਟ ਰਿਹਾ। ਬਿਆਸ ਦਰਿਆ ਵਿੱਚ ਪੂੰਗ ਛੱਡਣ ਵੇਲੇ ਉਹ ਕਿਸ਼ਤੀ ਵਿੱਚ ਚੜ੍ਹਨੋਂ ਨਹੀਂ ਉੱਕੇ; ਯਕੀਨਨ, ਖ਼ਬਰਾਂ ਇਵੇਂ ਹੀ ਬਣਦੀਆਂ ਹਨ।



ਉਂਜ, ਉਨ੍ਹਾਂ ਨੂੰ ਸ਼ੋਸ਼ੇਬਾਜ਼ ਮੰਨਣ ਵਾਲਿਆਂ ਨੂੰ ਉਨ੍ਹਾਂ ਦੀ ਜਿਸ ਗੱਲ ਨੇ ਆਪਣੀ ਰਾਇ ਬਦਲਣ ਅਤੇ ਉਨ੍ਹਾਂ ਨੂੰ ਵੱਧ ਸੰਜੀਦਗੀ ਨਾਲ ਲੈਣ ਦੇ ਰਾਹ ਪਾਇਆ ਹੈ, ਉਹ ਹੈ ਆਪਣੇ ਪ੍ਰਸ਼ਾਸਨਿਕ ਦਾਇਰੇ ਵਿੱਚ ਆਉਣ ਵਾਲੇ ਕਾਰਜਾਂ ਨੂੰ ਪੂਰੀ ਦ੍ਰਿੜਤਾ ਤੇ ਊਰਜਾ ਨਾਲ ਨਿਭਾਉਣਾ। ਉਨ੍ਹਾਂ ਨੇ ਕਈ ਸ਼ਹਿਰੀ ਸੰਸਥਾਵਾਂ ਖ਼ਿਲਾਫ਼ ਜਾਂਚ-ਪੜਤਾਲ ਦੇ ਹੁਕਮ ਦਿੱਤੇ; ਅਤੇ ਆਈਏਐੱਸ ਅਫ਼ਸਰਾਂ ਖ਼ਿਲਾਫ਼ ਕਾਰਵਾਈ ਦੀ ਸਿਫ਼ਾਰਿਸ਼ ਕਰਨ ਤੋਂ ਵੀ ਝਿਜਕੇ। ਦੂਜੇ ਬੰਨੇ, ਸਿੱਧੂ ਦੀ ਜਲਦਬਾਜ਼ੀ ਉਨ੍ਹਾਂ ਵੱਲੋਂ ਅਗਾਂਹ ਵਲ ਭਰੇ ਇੱਕ ਕਦਮ ਨੂੰ ਦੋ ਕਦਮ ਪਿਛਾਂਹ ਵੀ ਖਿੱਚ ਲੈਂਦੀ ਹੈ। ਅਜਿਹੇ ਵਾਅਦੇ ਵੀ ਸਾਹਮਣੇ ਹਨ ਜੋ ਉਨ੍ਹਾਂ ਮੌਕੇ 'ਤੇ ਕੀਤੇ, ਤੇ ਮਗਰੋਂ ਉਹ ਇਨ੍ਹਾਂ ਨੂੰ ਪੂਰੇ ਨਹੀਂ ਕਰ ਸਕੇ। ਉਨ੍ਹਾਂ ਵੱਲੋਂ ਪਟਿਆਲਾ ਦੇ ਮੇਅਰ ਦੀ ਸਰਕਾਰੀ ਰਿਹਾਇਸ਼ 'ਤੇ ਛਾਪਾ ਆਪਣੇ ਸਿਰ ਕੀਤਾ ਗੋਲ ਹੀ ਹੋ ਨਿਬੜਿਆ। ਨਸ਼ਿਆਂ ਬਾਰੇ ਐੱਸਟੀਐੱਫ ਰਿਪੋਰਟ ਨਸ਼ਰ ਕਰਨ ਦੇ ਮਾਮਲੇ ਨੇ ਉਨ੍ਹਾਂ ਅਤੇ ਮੁੱਖ ਮੰਤਰੀ ਵਿਚਕਾਰ ਤਲਖ਼ੀ ਵਧਾਈ।

ਨਵਜੋਤ ਸਿੱਧੂ ਤੇਜ਼ ਖੇਡ ਖੇਡ ਰਹੇ ਹਨ। ਉਹ ਸੈਂਕੜੇ ਤੋਂ ਪਹਿਲਾਂ ਆਊਟ ਵੀ ਹੋ ਸਕਦੇ ਹਨ। ਕੀ ਉਨ੍ਹਾਂ ਨੂੰ ਆਪਣੀ ਖੇਡ ਬਦਲਣੀ ਚਾਹੀਦੀ ਹੈ? ਇਸ ਦਾ ਜਵਾਬ ਇਕ ਹੋਰ ਸਵਾਲ ਦੇ ਰੂਪ ਵਿੱਚ ਹੋ ਸਕਦਾ ਹੈ- ਜੇ ਮੈਦਾਨ ਵਿੱਚ ਉਹ ਸੁਨੀਲ ਗਵਾਸਕਰ ਦੀ ਰੀਸ ਕਰਦੇ, ਕੀ ਅੱਜ ਅਸੀਂ ਉਨ੍ਹਾਂ ਨੂੰ ਜਾਣਦੇ ਹੁੰਦੇ? ਸ਼ੈਰੀ ਸੁਸਤੀ ਕਰਨਾ ਨਹੀਂ ਜਾਣਦਾ।

(ਪੰਜਾਬੀ ਟ੍ਰਿਬਿਊਨ 'ਤੋਂ ਧੰਨਵਾਦ ਸਹਿਤ)

# Sir Speedy Tustin Printers to the Community




## Outdoor 3'x11' Promo Flag
**Only $29/-**
Pole & Spike $55/-




## Outdoor 3'x6' Durable Banner
All weather, durable to sunlight, rain and wear & tear. Text only.
**Only $69/-**




## Receipt Books
Customized with your information and design. 2 part carbonless with numbering and perforation.
**Call for Price**




## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**




## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**




## 11" Printed Balloons
Printed with your logo and info. One color, one location. Min. qty 1000
**19¢ each**




White T-Shirts, 1 color screen printing in 1 position. Min Qty. 100

## Your Printed T-Shirts
**Only $4.99**




1 color in 1 position. Min Qty. 100

## Your Printed Caps
**Only $4.99**




## Trip Envelopes Qty 1000
**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES




South Asian Wedding Cards



CALL NOW

# ਧਰਮ ਅਤੇ ਇਤਿਹਾਸ ਦੇ ਸਨਮੁੱਖ ਮਨੋਰੰਜਨ

ਅਮਲ ਅਤੇ ਸਬੂਤ ਵਿਚਲਾ ਫਰਕ ਮੋਟੇ ਰੂਪ ਵਿਚ ਅਸੀਂ ਜੋ ਇਤਿਹਾਸ ਮੰਨਦੇ ਹਾਂ ਉਹ ਇਕ ਬਿਰਤਾਂਤ ਹੁੰਦਾ ਹੈ ਜੋ ਪਰਾਪਤ ਸਬੂਤਾਂ ਦੇ ਅਧਾਰ ਤੇ (ਕਾਰਣ ਕਾਰਜ ਵਾਲੀਆਂ) ਦਲੀਲਾਂ ਨਾਲ ਬੁਣਿਆ ਹੁੰਦਾ ਹੈ। ਇਹ ਵੀ ਨਹੀਂ ਭੁਲਣਾ ਚਾਹੀਦਾ ਕਿ ਰੌਚਕਤਾ ਅਤੇ ਕਾਰਣ ਕਾਰਜ ਦੀਆਂ ਜਚਵੀਆਂ ਦਲੀਲਾਂ ਕਰਕੇ ਮਿਥਕ ਬਿਰਤਾਂਤ ਅਕਸਰ ਇਤਿਹਾਸ ਤੋਂ ਵਧੇਰੇ ਚਰਚਿਤ ਹੁੰਦਾ ਹੈ। ਪਰ ਧਰਮ ਦੀ ਗੱਲ ਰੌਚਕ ਬਿਰਤਾਂਤ ਵਾਲੀ ਤੱਕੜੀ ਨਾਲ ਨਹੀਂ ਤੁਲਦੀ, ਕਿਉਂਕਿ ਧਰਮ ਅਟੁਟ ਯਕੀਨ ਵਾਲੇ ਅਮਲ ਦੀ ਗਵਾਹੀ ਮੰਗਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੌਤ ਅਤੇ ਮੁਸ਼ਕਲ ਵਾਲੀ ਪਰਖ ਤੋਂ ਬਿਨਾ ਯਕੀਨ ਵਾਲੇ ਅਮਲ ਦੀ ਸਚਾਈ ਦਾ ਕੋਈ ਪਤਾ ਨਹੀਂ ਲਗਦਾ। ਇਸ ਕਰਕੇ ਹੀ ਧਰਮ ਦੇ ਨਾਂ ਤੇ ਝੂਠੇ ਡੇਰੇ ਵੀ ਚਲਦੇ ਰਹਿੰਦੇ ਹਨ। ਇਤਿਹਾਸ ਵੀ ਦੁਨੀਆ ਵਿਚ ਜੀਣ ਦਾ ਵੱਡਾ ਆਸਰਾ ਹੈ ਪਰ ਧਰਮ ਮਨੁੱਖ ਨੂੰ ਯਕੀਨ ਨਾਲ ਭਰਦਾ ਹੈ, ਜੋ ਦਿਸਦੇ ਪਾਸਾਰੇ ਤੋਂ ਪਾਰ ਹਸਤੀ ਨੂੰ ਮਹਿਸੂਸ ਕਰਨ ਦਾ ਆਸਰਾ ਹੈ। ਮਾਣਯੋਗ ਇਤਿਹਾਸ ਵੀ ਧਰਮ ਵਰਗੇ ਆਸਰੇ ਬਿਨਾ ਨਾ ਹੀ ਸਿਰਜਿਆ ਜਾਂਦਾ ਏ ਅਤੇ ਨਾ ਹੀ ਸਮਝ ਆਉਂਦਾ ਹੈ। ਇਤਿਹਾਸ ਦੇ ਨਜਰੀਏ ਨਾਲ ਧਰਮ ਨੂੰ ਸਮਝਣਾ ਔਖਾ ਹੁੰਦਾ ਹੈ ਕਿਉਂਕਿ ਧਰਮ ਆਪਣੇ ਜੀਣ ਲਈ ਧਾਰਿਆ ਜਾਂਦਾ ਹੈ ਨਾ ਕਿ ਜਾਣਕਾਰੀ ਹਾਸਲ ਕਰਨ ਜਾਂ ਪੈਦਾ ਕਰਨ ਲਈ। ਧਾਰਮਿਕ ਲੋਕਾਂ ਨੂੰ ਆਪਣੇ ਅਮਲ ਅਤੇ ਯਕੀਨ ਦੇ ਸਬੂਤ ਪੈਦਾ ਕਰਨ ਦੀ ਲੋੜ ਨਹੀਂ ਹੁੰਦੀ ਜਿਵੇਂ ਕਿ ਇਤਿਹਾਸ ਬਣਾਉਣ ਦੇ ਚਾਹਵਾਨ ਲੋਕਾਂ ਨੂੰ ਹੁੰਦੀ ਹੈ। ਧਰਮ ਬਾਨੀਆਂ ਨੇ ਹੀ ਧਰਮ ਦੇ ਨੇਮਾਂ ਅਸੂਲਾਂ ਨੂੰ ਜੀਅ ਕੇ ਦੱਸਣ ਨੂੰ ਪਹਿਲ ਦਿੱਤੀ ਹੈ। ਇਹ ਸਮਝਣ ਵਾਲੀ ਗੱਲ ਹੈ ਕਿ ਓਹਨਾ ਨੇ ਇਤਿਹਾਸ ਲਿਖਣ ਨੂੰ ਪਹਿਲ ਕਿਉਂ ਨਹੀਂ ਦਿੱਤੀ। ਧਾਰਮਿਕ ਲੋਕਾਂ ਦੇ ਉਲਟ ਰਾਜਿਆਂ, ਅਮੀਰਾਂ, ਵਪਾਰੀਆਂ, ਕਲਾਕਾਰਾਂ, ਵਿਦਵਾਨਾਂ ਅਤੇ ਯੋਧਿਆਂ ਆਦਿ ਨੇ ਕਈ ਤਰੀਕਿਆਂ ਨਾਲ ਆਪਣਾ ਨਾਮ ਰੱਖਣ ਦੇ ਜਤਨ ਕੀਤੇ ਹਨ।

ਜੋ ਕੁਝ ਇਤਿਹਾਸ ਵਜੋਂ ਮੰਨਿਆ ਜਾਂਦਾ ਹੈ ਉਹ ਅਦਾਲਤ ਵਿੱਚ ਦਿੱਤੇ ਬਿਆਨ ਵਰਗਾ ਹੁੰਦਾ ਹੈ। ਅਗਲਿਆਂ ਨੇ ਪੜਚੋਲ ਦੇ ਨਾਂ ਤੇ ਸ਼ਹਾਦਤ (ਗਵਾਹੀ) ਅਤੇ ਸ਼ਹੀਦ (ਗਵਾਹ) ਦੀ ਖੱਲ ਲਾਹੁਣੀ ਹੁੰਦੀ ਹੈ। ਉਹ ਗਵਾਹ ਦੇ ਬਿਆਨ ਤੇ ਵੀ ਅਤੇ ਉਹਦੀ ਹਸਤੀ ਤੇ ਵੀ ਸ਼ੱਕ ਕਰਦੇ ਹਨ। ਧਰਮ ਦੀ ਪਰਛਾਵਿਆਂ ਵਜੋਂ ਪੇਸ਼ਕਾਰੀ ਨੂੰ ਇਹ ਪੱਖ ਤੋਂ ਵੀ ਸਮਝਣਾ ਚਾਹੀਦਾ ਹੈ ਕਿ ਜਿਹੜੇ ਲੋਕ ਗੁਰੂ ਸਾਹਿਬ ਅਤੇ ਸ਼ਹੀਦਾਂ ਦੇ ਜੀਵਨ ਨੂੰ ਮਨੁੱਖੀ ਜਾਂ ਬਿਜਲਈ ਪਰਛਾਵਿਆਂ ਦੇ ਰੂਪ ਵਿੱਚ ਸਿੱਖੀ ਦੇ ਸਬੂਤ ਵਜੋਂ ਪੇਸ਼ ਕਰ ਰਹੇ ਹਨ, ਓਹ ਦੋ ਵੱਡੀਆਂ ਗਲਤੀਆਂ ਕਰ ਰਹੇ ਹਨ। ਇਕ ਤਾਂ ਓਹ ਆਪਣੇ ਲਈ ਸਭ ਤੋਂ ਪਵਿੱਤਰ ਨੂੰ ਦੁਨੀਆ ਅੱਗੇ ਬੇਲੋੜੇ ਸਬੂਤਾਂ ਵਾਂਗ ਪੇਸ਼ ਕਰ ਰਹੇ ਹਨ, ਲਿਹਾਜਾ ਦੂਜਿਆਂ ਨੂੰ ਪੜਚੋਲ ਕਰਨ ਜਾਂ ਨਕਾਰਨ ਦਾ ਮੌਕਾ ਦੇ ਕੇ ਬੇਅਦਬੀ ਨੂੰ ਸੱਦਾ ਦੇ ਰਹੇ ਹਨ। ਦੂਜਾ, ਓਹ ਜਿੰਦਗੀ ਵਿੱਚ ਜੋ ਸਭ ਤੋਂ ਕੀਮਤੀ ਹੈ ਉਸਨੂੰ ਹੀ ਮਸ਼ਹੂਰੀ ਜਾਂ ਵੰਨਗੀ ਵਿਖਾਵੇ ਵਜੋਂ ਹੀ ਦੁਨੀਆ ਵਿਚ ਪੇਸ਼ ਕਰ ਰਹੇ ਹਨ। ਫਿਰ ਓਹਨਾ ਦੇ ਪੱਲੇ ਵਿੱਚ ਕੀ ਰਹਿ ਜਾਂਦਾ ਹੈ ? ਧਰਮ ਨੂੰ ਮੰਨਣ ਵਾਲੇ ਲੋਕ ਜਾਣਦੇ ਹਨ ਕਿ ਪਵਿੱਤਰਤਾ ਵਿਖਾਈ ਨਹੀਂ ਜਾਂਦੀ, ਲੁਕਾਈ ਜਾਂਦੀ ਹੈ। ਜੋ ਵਿਖਾਇਆ ਜਾਵੇ ਉਹ ਮਸ਼ਹੂਰੀ ਦਾ ਸਾਧਨ ਹੁੰਦਾ ਹੈ। ਮਸ਼ਹੂਰੀ ਦਾ ਕੋਈ ਸਾਧਨ ਵੀ ਧਰਮ ਦੇ ਵਾਧੇ ਦਾ ਸਾਧਨ ਨਹੀਂ ਹੁੰਦਾ ਸਗੋਂ ਆਉਂਦੀ ਪੀੜ੍ਹੀ ਨੂੰ ਧਰਮ ਤੋਂ ਦੂਰ ਲੈ ਜਾਂਦੀ ਹੈ।

ਧਰਮ ਅਤੇ ਆਮ ਇਤਿਹਾਸ ਦੇ ਫਰਕ ਬਾਰੇ ਗੱਲ ਕਰਨ ਤੋਂ ਬਾਅਦ ਧਰਮ ਇਤਿਹਾਸ ਅਤੇ ਆਮ ਇਤਿਹਾਸ ਨੂੰ ਸਾਂਭਣ ਦੀ ਸਮਝ ਅਤੇ ਲੋੜ ਬਾਰੇ ਵੀ ਗੱਲ ਕਰਨੀ ਜਰੂਰੀ ਹੈ।

**ਧਰਮ ਇਤਿਹਾਸ ਨੂੰ ਸਾਂਭਣ ਦਾ ਸਵਾਲ**

ਪਤਾ ਨਹੀਂ ਕਿਵੇਂ ਇਹ ਮਨੌਤ ਬਹੁਤ ਚਰਚਿਤ ਹੋ ਗਈ ਹੈ ਕਿ ਸਿੱਖ ਇਤਿਹਾਸ ਬਣਾਉਂਦੇ ਹਨ ਪਰ ਸਾਂਭਦੇ ਨਹੀਂ। ਸਾਇਦ ਇਹ ਆਮ ਇਤਿਹਾਸ ਸਾਂਭਣ ਦੇ ਨੁਕਤੇ ਤੋਂ ਕਹੀ ਹੋਈ ਗਲ ਹੈ ਕਿਉਂਕਿ ਧਰਮ ਦਾ ਇਤਿਹਾਸ ਸਾਂਭਣ ਨਾਲੋਂ ਸਿਮਰਿਆ ਵਧੇਰੇ ਜਾਂਦਾ ਹੈ। ਧਰਮ ਇਤਿਹਾਸ ਕੰਧਾਂ ਜਾਂ ਪਰਦਿਆਂ ਤੇ ਨਹੀਂ ਚਿਤਰਿਆ ਜਾਂਦਾ ਸਗੋਂ ਹਿਰਦਿਆਂ ਤੇ ਸ਼ਬਦ ਕਣੀਆਂ ਨਾਲ ਉਤਰਦਾ ਹੈ ਜਿਥੇ ਉਹ ਸਦਾ ਤਾਜਾ, ਧੜਕਦਾ ਅਤੇ ਪਵਿੱਤਰ ਰਹਿੰਦਾ ਹੈ। ਸਿੱਖਾਂ ਤੋਂ ਵੱਧ ਸ਼ਾਇਦ ਕਿਸੇ ਨੇ ਹੀ ਆਪਣੇ ਧਰਮ ਇਤਿਹਾਸ ਨੂੰ ਏਨੇ ਸੁਚਜੇ ਤਰੀਕੇ ਨਾਲ ਸਾਂਭਿਆ ਹੋਵੇ। ਧਰਮ ਇਤਿਹਾਸ ਨੂੰ ਸਿਮਰਨ ਦਾ ਸਿੱਖ ਅਰਦਾਸ ਤੋਂ ਬਿਹਤਰ ਹੋਰ ਕੋਈ ਵੀ ਰੂਪ ਅਤੇ ਤਰੀਕਾ ਦੁਨੀਆ ਵਿਚ ਵੇਖਣ ਨੂੰ ਨਹੀਂ ਮਿਲਦਾ ਹੈ।

ਮਨੁਖ ਨੇ ਆਪਣੇ ਜੀਵਨ ਵਿਚ ਅਸਲ ਵਿਚ ਉਹੀ ਸਾਂਭਿਆ ਹੈ ਜੋ ਉਹਨੇ ਚੇਤੇ ਵਿਚ ਸਾਂਭਿਆ ਹੈ। ਵਿਰਾਸਤ ਵਜੋਂ ਵੀ ਉਹੀ ਸਾਂਭਿਆ ਜਾਂਦਾ ਹੈ ਜੋ ਸ਼ਬਦ ਰੂਪ ਵਿਚ ਸਾਂਭਿਆ ਹੋਵੇ। ਕੋਈ ਸ਼ੈਅ ਵੀ ਸ਼ਬਦ ਨਾਲੋਂ ਵਧੇਰੇ ਚਿਰਜੀਵੀ ਵਿਰਾਸਤ ਨਹੀਂ ਹੋ ਸਕਦੀ। ਸਾਂਭਣ ਅਤੇ ਸਿਮਰਣ ਦਾ ਸ਼ਬਦ ਤੋਂ ਉਤਮ ਹੋਰ ਕੋਈ ਵੀ ਸਾਧਨ ਨਹੀਂ ਹੈ। ਹੀਰੇ ਮੋਤੀ, ਧਨ ਮਾਲ ਸਮੇਤ ਜਹਾਨ ਦੀ ਹਰ ਸ਼ੈਅ ਦੀ ਕੀਮਤ ਹੀ ਮਨੁਖ ਅੰਦਰ ਸ਼ਬਦ ਰੂਪ ਵਿਚ ਵਸੀ ਹੋਈ ਹੈ। ਇਸ ਲਈ ਸ਼ਬਦ ਪਦਾਰਥ ਦੀ ਕੀਮਤ ਵਜੋਂ ਵੀ ਮੂਲ ਹੈ ਅਤੇ ਧਰਮ ਰੂਪ ਵਿਚ ਵੀ। ਸਾਡੇ ਲਈ ਤਾਂ ਸ਼ਬਦ ਰੂਪ ਸਭ ਤੋਂ ਉਤਮ ਅਤੇ ਪਵਿੱਤਰ ਹੈ ਫਿਰ ਧਰਮ ਅਤੇ ਧਰਮ ਇਤਿਹਾਸ ਨੂੰ ਕਿਸੇ ਹੋਰ ਰੂਪ ਵਿਚ ਸਾਂਭਣ ਦਾ ਖਿਆਲ ਵੀ ਸਾਡੇ ਮਨ ਵਿਚ ਕਿਵੇਂ ਆ ਸਕਦਾ ਹੈ ?

ਜਿਹੜਾ ਬੰਦਾ ਧਾਰਮਿਕ ਹੈ ਉਹਦੇ ਲਈ ਧਰਮ ਦੇ ਨੇਮਾਂ ਅਸੂਲਾਂ ਨੂੰ ਅਮਲ ਵਿਚ ਧਾਰਨ ਕਰਨਾ ਹੀ ਅਸਲ ਵਿਚ ਉਹਨਾ ਨੂੰ ਸਾਂਭਣ ਹੈ। ਇਹ ਜਰੂਰੀ ਨਹੀਂ ਕਿ ਧਰਮੀ ਬੰਦਾ ਆਮ ਇਤਿਹਾਸ ਸਾਂਭਣ ਦੇ ਤਰੀਕੇ ਬਾਰੇ ਸੁਚੇਤ ਹੋਵੇ ਜਾਂ ਏਦਾਂ ਇਤਿਹਾਸ ਨੂੰ ਸਾਂਭਣਾ ਉਹਦੇ ਲਈ ਮਾਅਨੇ ਵੀ ਰਖਦਾ ਹੋਵੇ। ਸਿੱਖਾਂ ਵਲੋਂ ਇਤਿਹਾਸ ਨੂੰ ਪਦਾਰਥਕ ਰੂਪ ਵਿਚ ਨਾ ਸਾਂਭਣ ਪਿਛੇ ਵੱਡਾ ਕਾਰਨ ਧਾਰਮਿਕ ਭਾਵਨਾ ਹੀ ਹੈ। ਓਹਨਾ ਲਈ ਅਚੇਤ ਰੂਪ ਵਿਚ ਹੀ ਧਰਮ ਦਾ ਨਜ਼ਰੀਆ ਇਤਿਹਾਸ ਦੀ ਪਦਾਰਥਵਾਦੀ ਸਮਝ ਨਾਲੋਂ ਉਪਰ ਹੈ। ਜੋ ਧਰਮ ਅਨੁਸਾਰ ਸੱਚ ਹੈ ਉਹ ਪਵਿਤਰ ਰੂਪ ਵਿਚ ਹੈ ਨਾਕਿ ਇਤਿਹਾਸਕ ਸਬੂਤਾਂ ਵਾਲੇ ਤੱਥ ਰੂਪ ਵਿਚ। ਇਕ ਧਾਰਮਿਕ ਬੰਦੇ ਲਈ ਸੱਚ ਧਰਮ ਦੀ ਪਵਿੱਤਰਤਾ ਅਤੇ ਤਥਗਤ ਇਤਿਹਾਸ ਦੀ ਮਾਨਤਾ ਵਿੱਚ ਬਹੁਤ ਫਰਕ ਹੈ। ਧਰਮ ਅਤੇ ਇਤਿਹਾਸ ਦੇ ਫਰਕ ਨੂੰ ਏਵੇਂ ਵੀ ਜਾਣਿਆ ਜਾ ਸਕਦਾ ਹੈ ਕਿ ਪਵਿੱਤਰਤਾ ਬੰਦੇ ਲਈ ਹਰ ਸਮੇਂ ਹੀ ਆਸਰਾ ਬਣਦੀ ਹੈ ਜਦਕਿ ਤੱਥਾਂ ਸਬੂਤਾਂ ਵਾਲੀ ਜਾਣਕਾਰੀ ਬੰਦੇ ਲਈ ਕਿੰਨੀ ਵੀ ਕੀਮਤੀ ਹੋਵੇ ਆਖਰ ਨੂੰ ਉਹ ਬੋਝ ਬਣ ਜਾਂਦੀ ਹੈ।

**ਇਤਿਹਾਸ ਨੂੰ ਸਾਂਭਣ ਦਾ ਸਵਾਲ**

ਕਿਸੇ ਵਿਚਾਰ ਨੂੰ ਪਰਚਾਰਨਾ ਉਹਨੂੰ ਸਾਂਭਣਾ ਹੀ ਹੁੰਦਾ ਹੈ ਪਰ ਧਰਮ ਅਸੂਲਾਂ ਨੂੰ ਜੀਅ ਕੇ ਪਰਚਾਰਨਾ ਜਾਂ ਉਹਦੇ ਬਾਰੇ ਇਤਿਹਾਸ ਵਜੋਂ ਜਾਣੂ ਕਰਾਉਣਾ ਦੋ ਵੱਖਰੇ ਵਰਤਾਰੇ ਹਨ। ਧਰਮ ਨੂੰ ਆਮ ਇਤਿਹਾਸ ਵਜੋ ਪੇਸ਼ ਕਰਨ ਵਾਲੇ ਲੋਕ ਜਾਂ ਤਾਂ ਧਰਮ ਅਤੇ ਇਤਿਹਾਸ ਦੇ ਫਰਕ ਨੂੰ ਨਹੀਂ ਸਮਝਦੇ ਜਾਂ ਓਹ ਉਹਨੂੰ ਉਲੰਘਣਾ ਚਾਹੁੰਦੇ ਹਨ। ਓਹ ਲੋਕ ਆਪਣੇ ਆਪ ਨੂੰ ਕੁਝ ਵੀ ਸਮਝਣ ਜਾਂ ਦੱਸਣ, ਪਰ ਓਹਨਾ ਦੀ ਧਰਮ ਅਤੇ ਸਮੁਚੀ ਜਿੰਦਗੀ ਬਾਰੇ ਅਸਲ ਸਮਝ ਦੁਨੀਆ ਦੀ ਮੁਖਧਾਰਾ ਵਾਲੀ (ਆਮ ਇਤਿਹਾਸ ਵਿਧੀ ਵਾਲੀ) ਹੀ ਹੁੰਦੀ ਹੈ। ਏਦਾਂ ਦੀ ਸਮਝ ਤੋਂ ਬਿਨਾ ਸੰਭਵ ਨਹੀਂ ਹੈ ਕਿ ਬੰਦਾ ਪਵਿੱਤਰ ਅਤੇ ਇਤਿਹਾਸਕ ਵਿਚਲੇ ਫਰਕ ਨੂੰ ਭੁੱਲ ਜਾਵੇ ਜਾਂ ਉਲੰਘ ਦੇਵੇ। ਜਦੋਂ ਕੋਈ ਬੰਦਾ ਆਪਣੇ ਧਰਮ ਨੂੰ ਹੀ ਆਮ ਇਤਿਹਾਸ ਵਜੋਂ ਜਾਨਣ ਦੀ ਕੋਸ਼ਿਸ ਕਰਦਾ ਹੈ ਤਾਂ ਧਰਮ ਉਹਦੇ ਲਈ ਜਿੰਦਗੀ ਧੁਰਾ ਨਹੀਂ ਹੁੰਦਾ ਸਗੋਂ ਇਕ ਵਿਸ਼ਾ ਬਣਦਾ ਹੈ, ਜੋ ਇਤਿਹਾਸ ਦੇ ਨੇਮਾਂ ਅਧੀਨ ਹੀ ਲਿਖਿਆ ਅਤੇ ਪੜ੍ਹਿਆ ਜਾਂਦਾ ਹੈ। ਇਤਿਹਾਸ ਬਾਰੇ ਜੋ ਦੁਨੀਆ ਦੀ ਸਮਝ ਹੁੰਦੀ ਹੈ ਫਿਰ ਉਹੀ ਸਮਝ ਉਹਦੀ ਧਰਮ ਦੀ ਭਾਵਨਾ ਤੇ ਅਸਰ ਪਾਉਂਦੀ ਹੈ। ਇਹ ਚੱਕਰ ਵਿੱਚ ਪਏ ਲੋਕ ਆਪਣੀ ਧਾਰਮਿਕ ਪਛਾਣ ਬਾਰੇ ਸੁਚੇਤ ਹੁੰਦੇ ਹੋਏ ਵੀ ਜਾਣੇ-ਅਣਜਾਣੇ ਦੁਨੀਆ ਦੀ ਸਮਝ ਦੇ ਮੇਚ ਆਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ। ਸਿੱਖ ਕਹਾਉਣ ਵਾਲੇ ਲੋਕਾਂ ਦਾ ਆਪਣੀ ਪਛਾਣ ਬਚਾਉਣ ਜਾਂ ਬਣਾਉਣ ਲਈ ਪਰਛਾਵਿਆਂ ਵੱਲ ਉਲਰਣਾ ਇਸੇ ਸਮਝ ਦਾ ਅਸਲੀ ਨਮੂਨਾ ਹੈ।

ਆਪਣਾ ਇਤਿਹਾਸ ਬੰਦਾ ਆਪਣੇ ਸਿੱਖਣ ਲਈ ਪੜ੍ਹਦਾ ਹੈ ਤਾਂਕਿ ਉਹ ਭਵਿੱਖ ਲਈ ਕੋਈ ਸੇਧ ਲੈ ਸਕੇ ਪਰ ਕੋਈ ਆਪਣਾ ਇਤਿਹਾਸ ਦੂਜਿਆਂ ਨੂੰ ਕਿਉਂ ਪੜ੍ਹਾਉਣਾ ਜਾਂ ਜਣਾਉਣਾ ਚਾਹੁੰਦਾ ਹੈ ? ਉਤਰ ਵਜੋ ਇਹੋ ਸਮਝ ਆਉਂਦਾ ਹੈ ਕਿ ਦੂਜਿਆਂ ਨੂੰ ਆਪਣੇ ਇਤਿਹਾਸ ਬਾਰੇ ਜਾਣੂ ਕਰਾਉਣ ਦੇ ਤਿੰਨ ਕੁ ਕਾਰਨ ਬਣਦੇ ਹਨ ਪਹਿਲਾ, ਜੇਤੂ ਹੋਣ ਦੀ ਹਾਲਤ ਵਿੱਚ ਦੂਜਿਆਂ ਤੇ ਆਪਣੇ ਇਤਿਹਾਸ ਦਾ ਦਾਬਾ ਪਾਉਣਾ, ਦੂਜਾ ਆਪਣੀ ਕਮਜੋਰ ਹੋਣ ਦੀ ਹਾਲਤ ਵਿੱਚ ਦੂਜਿਆਂ ਤੋਂ ਮਦਦ ਲੈਣ ਲਈ ਤਰਲਾ ਕਰਨਾ ਅਤੇ ਤੀਜਾ ਵਰਤਮਾਨ ਦੀਆਂ ਔਕੜਾਂ ਤੋਂ ਬਚਣ ਖਾਤਰ ਇਤਿਹਾਸ ਵਿਚ ਰੁਝ ਜਾਣਾ। ਪਰਛਾਵਿਆਂ ਦੀ ਨਵੀਂ ਤਕਨੀਕ ਦਾ ਰੌਲ਼ਾ ਪਾ ਕੇ ਸਾਡੇ ਲੋਕ ਕਿਹੜੇ ਕੰਮ ਲੱਗੇ ਹਨ, ਸਮਝਣਾ ਚਾਹੀਦਾ ਹੈ। ਭਾਵੇਂ ਕੁਝ ਲੋਕ ਬਹੁਤ ਇਮਾਨਦਾਰੀ ਨਾਲ ਪਰਛਾਵੇ ਰੂਪ ਵਿੱਚ ਸਭ ਕੁਝ ਨੂੰ ਸਾਂਭਣ ਦੀ ਇੱਛਾ ਕਰ ਰਹੇ ਹਨ ਪਰ ਸ਼ਾਇਦ ਓਹ ਧਰਮ, ਧਰਮ ਇਤਿਹਾਸ ਅਤੇ ਇਤਿਹਾਸ ਦੇ ਮੂਲ ਫਰਕ ਨੂੰ ਨਹੀਂ ਸਮਝ ਰਹੇ ਅਤੇ ਨਾ ਹੀ ਸੋਚ ਰਹੇ ਹਨ ਕਿ ਕੀ ਸਾਂਭਣਾ ਚਾਹੀਦਾ ਹੈ ਅਤੇ ਕਿਸ ਰੂਪ ਵਿਚ ? ਧਰਮ ਬਾਰੇ ਅਮਲੀ ਸਮਝ ਦਾ ਫਰਕ ਹੀ ਹੈ ਜੋ ਸਿੱਖਾਂ ਅੰਦਰ ਪਰਛਾਵਿਆਂ ਬਾਰੇ ਵੱਖਰੀਆਂ ਵੱਖਰੀਆਂ ਰਾਵਾਂ ਦੀ ਟੇਕ ਬਣ ਰਿਹਾ ਹੈ। ਇਹ ਰਾਵਾਂ ਵੀ ਵੇਖਣੀਆਂ ਚਾਹੀਦੀਆਂ ਹਨ।

**ਪਰਛਾਵਿਆਂ ਬਾਰੇ ਵਿਚਾਰਾਂ ਦੀ ਟੇਕ**

ਮਨੁੱਖ ਅਸਲ ਵਿਚ ਇਕ ਵੇਲੇ ਇਕੋ ਵਿਚਾਰ ਅਨੁਸਾਰ ਜਿੰਦਗੀ ਅਤੇ ਦੁਨੀਆ ਨੂੰ ਸਮਝਦਾ ਹੈ। ਪਰਛਾਵਿਆਂ ਦਾ ਜਿਕਰ ਛਿੜਣ ਨਾਲ ਅਚੇਤ ਰੂਪ ਵਿੱਚ ਹੀ ਸਿੱਖਾਂ ਦੀ ਖਾਨਾਵੰਡ ਜਿਹੀ ਹੋ ਗਈ ਹੈ। ਇਹ ਵੰਡ ਧਰਮ, ਧਰਮ ਇਤਿਹਾਸ ਅਤੇ ਆਮ ਇਤਿਹਾਸ ਦੇ ਪਰਸੰਗ ਨਾਲ ਸਿੱਖਾਂ ਦੀ ਰਾਇ ਨੂੰ ਵੇਖਣ ਲਈ ਬੜੀ ਢੁਕਵੀ ਹੈ:

ਸਿੱਖਾਂ ਵਜੋਂ ਦੁਨੀਆ ਨਾਲ ਰਲਣ ਵਾਲਿਆਂ ਦਾ ਪੱਕਾ ਯਕੀਨ ਹੈ ਕਿ ਜੇ ਨਵੀਂ ਤਕਨੀਕ ਨਾ ਅਪਣਾਈ ਤਾਂ ਅਸੀਂ ਪਛੜ ਜਾਵਾਂਗਾ। ਆਮ ਇਤਿਹਾਸਕ (ਦੁਨਿਆਵੀ) ਸਮਝ ਅਨੁਸਾਰ ਇਹ ਗੱਲ ਸਹੀ ਜਾਪਦੀ ਹੈ। ਜਿਹੜੇ ਲੋਕ ਗੁਰੂ ਸਾਹਿਬਾਨ, ਓਹਨਾ ਦੇ ਪਰਿਵਾਰ ਅਤੇ ਸ਼ਹੀਦਾਂ ਤੋਂ ਬਿਨਾ ਬਾਕੀ ਇਤਿਹਾਸ ਨੂੰ ਪਰਛਾਵਣ ਲਈ ਰਾਜੀ ਹਨ। ਓਹ ਲੋਕ ਧਰਮ ਇਤਿਹਾਸ ਦੇ ਥੜ੍ਹੇ ਤੇ ਖੜ੍ਹ ਕੇ ਜਿੰਦਗੀ ਨੂੰ ਵੇਖ ਰਹੇ ਹਨ।

ਜਿਹੜੇ ਲੋਕਾਂ ਲਈ ਸਭ ਪਰਛਾਵੇਂ ਭਟਕਣ ਮਾਤਰ ਹਨ, ਓਹ ਲੋਕ ਧਰਮ ਦੀ ਨਜਰ ਤੋਂ ਜਿੰਦਗੀ ਅਤੇ ਦੁਨੀਆ ਨੂੰ ਵੇਖ ਰਹੇ ਹਨ।

ਕੋਈ ਸਿੱਖ ਜਿਥੇ ਵੀ ਖੜ੍ਹਕੇ ਪਰਛਾਵਿਆਂ ਦੇ ਹੱਕ/ਵਿਰੋਧ ਵਿੱਚ ਹੈ ਉਹਨੂੰ ਦੂਜਿਆਂ ਦੀ ਹਾਲਤ ਨੂੰ ਠੀਕ ਕਰਨ ਜਾਂ ਆਪਣੀ ਰਾਇ ਮਨਵਾਉਣ ਤੋਂ ਪਹਿਲਾਂ ਆਪਣੀ ਥਾਂ ਪਰਖ ਲੈਣੀ ਚਾਹੀਦੀ ਹੈ ਕਿ ਕੀ ਜਿੰਦਗੀ ਵਿੱਚ ਉਹ ਸਚਮੁਚ ਉਥੇ ਖੜ੍ਹਾ ਹੈ ਜਿਥੇ ਖੜ੍ਹ ਕੇ ਪਰਛਾਵਿਆਂ ਬਾਰੇ ਰਾਇ ਦੇ ਰਿਹਾ ਹੈ ? ਪਰਛਾਵੇਂ ਕੋਈ ਸਧਾਰਨ ਸ਼ੈਅ ਨਹੀਂ ਹਨ। ਏਹ ਸਿਰਫ ਧੜੇਬੰਦੀ, ਰਾਜਨੀਤੀ ਦਾ ਮੁੱਦਾ ਜਾਂ ਦੁਸ਼ਮਣ ਦੀ ਚਾਲ ਵਰਗੀ ਗੱਲ ਨਹੀਂ ਹਨ। ਜਿਹੜੇ ਲੋਕ ਪੋਲੇ ਪੈਰੀਂ ਏਹਨਾ ਦਾ ਵਿਰੋਧ ਕਰਨਗੇ ਪਰਛਾਵੇਂ ਓਹਨਾ ਦੇ ਯਕੀਨ ਵਿਚਲੀਆਂ ਮੋਰੀਆਂ ਥਾਣੀਂ ਓਹਨਾ ਦੇ ਅੰਦਰ ਉਤਰ ਜਾਣਗੇ। ਦੁਨੀਆ ਦੀ ਮੁੱਖਧਾਰਾ ਵਿਚ ਰਲਣ ਦੀ ਇਛਾ ਵਾਲੇ ਲੋਕ ਪਰਛਾਵਿਆਂ ਤੋਂ ਪਿੱਛਾ ਨਹੀਂ ਛੁਡਾ ਸਕਣਗੇ। ਦੁਨੀਆ ਨਾਲ ਰਲਣ ਦੀ ਕੋਸ਼ਿਸ਼ ਸਿੱਖਾਂ ਨੇ ਪਹਿਲਾਂ ਵੀ ਕੀਤੀ ਹੈ। ਨਵੀਂ ਕੋਸ਼ਿਸ਼ ਕਰਨ ਤੋਂ ਪਹਿਲਾਂ ਪੁਰਾਣੇ ਤਜਰਬਿਆਂ ਬਾਰੇ ਵੀ ਜਾਣਨਾ ਚਾਹੀਦਾ ਹੈ ਅਤੇ ਏਹਨਾ ਨੂੰ ਧਰਮ ਅਤੇ ਆਮ ਇਤਿਹਾਸ ਦੇ ਫਰਕ ਨਾਲ ਵੀ ਜੋੜ ਕੇ ਵੇਖਣਾ ਚਾਹੀਦਾ ਹੈ। ਚਲਦਾ...

**ਦੁਨੀਆ ਨਾਲ ਰਲਣ ਦੀ ਤਾਂਘ**

ਕੋਈ ਬੰਦਾ ਆਪਣੇ ਵਰਤਮਾਨ ਨੂੰ ਹੋਰਾਂ ਦੀ ਰੀਸੇ ਵੇਖਦਾ ਹੈ ਜਾਂ ਆਪਣੇ ਹਿਸਾਬ ਨਾਲ, ਇਥੋਂ ਹੀ ਬਹੁਤ ਕੁਝ ਤੈਅ ਹੋ ਜਾਂਦਾ ਹੈ। ਜੋ ਲੋਕ ਹੋਰਾਂ ਦੇ ਤਰੀਕੇ ਨਾਲ ਆਪਣੀਆਂ ਮੁਸ਼ਕਲਾਂ ਹੱਲ ਕਰਨਾ ਚਾਹੁੰਦੇ ਹਨ, ਓਹਨਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਰੂਰੀ ਨਹੀਂ ਕਿ ਦੋਵਾਂ ਥਾਵਾਂ ਤੇ ਮੁਸ਼ਕਲਾਂ ਇਕੋ ਜਿਹੀਆਂ ਹੋਣ ਜਾਂ ਦੋਵਾਂ ਦੇ ਹੱਲ ਦੇ ਤਰੀਕੇ ਅਤੇ ਰਾਹ ਵੀ ਇਕੋ ਜਿਹੇ ਹੀ ਹੋਣ। ਇਸ ਲਈ ਵੇਖਣਾ ਬਣਦਾ ਹੈ ਕਿ ਸਿੱਖਾਂ ਨੇ ਦੁਨੀਆ ਦੀ ਰੀਸੇ ਆਪਣੀਆਂ ਮੁਸ਼ਕਲਾਂ ਹੱਲ ਕਰਨ ਦਾ ਜੋ ਰਾਹ ਪਹਿਲਾਂ ਅਪਣਾਇਆ ਸੀ ਉਹਦੇ ਨਤੀਜੇ ਕੀ ਰਹੇ ?

ੳ. ਇਕ ਸਦੀ ਪਹਿਲਾਂ ਸਨਾਤਨੀ ਮੱਤ ਵਾਲੇ ਡੇਰਿਆਂ ਨੂੰ ਨੁਕਸਦਾਰ ਮੰਨ ਕੇ ਪੰਥ ਦੀ ਚੜ੍ਹਦੀ ਕਲਾ ਲਈ ਇਸਾਈਆਂ ਵਾਂਗ ਪਰਚਾਰਕ ਪੈਦਾ ਕਰਨ ਦੇ ਕੇਂਦਰ ਖੋਹਲੇ ਗਏ। ਅੱਧੀ ਜਾਂ ਪੌਣੀ ਸਦੀ ਬਾਅਦ ਵੀ ਲੇਖਾ ਨਹੀਂ ਹੋਇਆ ਕਿ ਜਿਸ ਆਸੇ ਨੂੰ ਮੁਖ ਰੱਖ ਕੇ ਇਹ ਸ਼ੁਰੂ ਕੀਤੇ ਸਨ ਕੀ ਉਹ ਨਤੀਜੇ ਨਿਕਲੇ ਜਾਂ ਕੁਝ ਘੱਟ ਵਧ। ਜਿਹੜੇ ਲੋਕ ਇਕ ਸਦੀ ਪਹਿਲਾਂ ਸਿੱਖੀ ਦੇ ਮੋਕਲੇ ਘੇਰੇ ਵਿਚ ਆਉਂਦੇ ਸਨ ਅੱਜ ਓਹ ਵੀ ਈਸਾਈ, ਮੁਸਲਮ ਜਾਂ ਹੋਰ ਪਛਾਣ ਧਾਰਨ ਕਰ ਗਏ ਹਨ। ਨਵੀਂ ਪਰਚਾਰ ਵਿਧੀ ਦੇ ਬਾਵਜੂਦ ਬਿਪਰਵਾਦੀ ਡੇਰੇ ਕਈ ਗੁਣਾ ਵਧੇ ਹਨ।

ਅ. ਜੇ ਆਮ ਇਤਿਹਾਸ ਦੀ ਨਜਰ ਤੋਂ ਵੀ ਵੇਖਣਾ ਹੋਵੇ ਤਾਂ ਪਿਛਲੇ ਸਵਾ ਸੌ ਸਾਲ ਵਿਚ ਅਕਾਦਮਿਕ ਤੌਰ ਤੇ ਇਤਿਹਾਸਕ ਅਤੇ ਸਿਧਾਂਤਕ ਲਿਖਤਾਂ ਦੇ ਮਾਮਲੇ ਵਿੱਚ ਅਸੀਂ ਦੁਨੀਆ ਦੇ ਤਰੀਕੇ ਨਾਲ ਦੁਨੀਆ ਦਾ ਕਿੰਨਾ ਕੁ ਮੁਕਾਬਲਾ ਕੀਤਾ ਹੈ ? ਸਾਡੇ ਕੋਲ ਇਕੋ ਮਹਾਰਾਜੇ ਦਾ ਇਤਿਹਾਸ ਹੈ, ਹਾਲੇ ਤੱਕ ਉਹਦੇ ਦਰਬਾਰ ਦੇ ਰੋਜਨਾਮਚੇ ਵੀ ਸਾਂਭੇ ਨਹੀਂ ਗਏ। ਮਹਾਰਾਜਾ ਰਣਜੀਤ ਸਿੰਘ ਬਾਰੇ ਅੱਜ ਤੱਕ ਵੀ ਸਭ ਤੋਂ ਸੱਚੀ ਜਾਣਕਾਰੀ ਅੰਗਰੇਜਾਂ ਦੇ ਖੋਜ ਕਥਨਾਂ ਤੇ ਖੜ੍ਹੀ ਹੈ। ਪਿਛਲੇ ਸੌ ਸਾਲ ਵਿੱਚ ਅਸੀਂ ਆਪਣੇ ਪੁਰਾਣੇ ਗਰੰਥਾਂ ਵਿਚਲੀ ਚੰਗੀ ਜਾਣਕਾਰੀ ਨਾਲੋਂ ਬੁਰੀਆਂ ਗੱਲਾਂ ਵਧੇਰੇ ਪਤਾ ਕੀਤੀਆਂ ਹਨ। ਇਸ ਕਰਕੇ ਹੀ 1984 ਵਿੱਚ ਖੂਨ ਡੁੱਲਣ ਤੋਂ ਬਾਅਦ ਜਦੋਂ ਬਹੁਤੇ ਸਿੱਖ ਬੱਚਿਆਂ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਉਹਨਾਂ ਨੂੰ ਵੀ ਖੁਸ਼ਵੰਤ ਸਿੰਘ ਵਰਗਿਆਂ ਦਾ ਸੰਸਾਰੀ ਬਿਰਤੀ ਨਾਲ ਲਿਖਿਆ ਇਤਿਹਾਸ ਹੀ ਪੜ੍ਹਨਾ ਪਿਆ।

ਇਤਿਹਾਸ ਬਾਰੇ ਅਜੇ ਤੱਕ ਜੋ ਵੀ ਲਿਖਿਆ ਮਿਲਦਾ ਹੈ ਉਹਦਾ ਵੱਡਾ ਹਿੱਸਾ ਗੈਰਾਂ ਨੇ ਲਿਖਿਆ ਹੈ ਜਾਂ ਗੈਰ ਸਿੱਖ ਨਜਰੀਏ ਨਾਲ ਲਿਖਿਆ ਹੋਇਆ ਹੈ। ਅੱਜ ਤੱਕ ਸਿੱਖਾਂ ਬਾਰੇ ਦੁਨੀਆ ਅੰਦਰ ਅਸਿੱਖ ਨਜਰੀਏ ਤੋਂ ਲਿਖੇ ਹੋਏ ਇਤਿਹਾਸ ਅਤੇ ਸਿਧਾਂਤ ਦੀ ਮਾਨਤਾ ਵਧੇਰੇ ਹੈ। ਜੋ ਪੰਜਾਬ ਜਾਂ ਸਿੱਖੀ ਨਾਲ ਸਬੰਧਤ ਸਾਹਿਤ ਰੂਪ ਵਿੱਚ ਲਿਖਿਆ ਗਿਆ ਹੈ ਉਹ ਵੀ ਲਗਭਗ ਸਾਰਾ ਅਸਿਖ ਨਜਰੀਏ ਤੋਂ ਲਿਖਿਆ ਹੋਇਆ ਹੈ। ਸਾਡੇ ਕੋਲ ਜੋ ਕੁਝ ਆਪਣਾ ਹੈ ਉਹ ਕੁਝ ਪੁਰਾਤਨ ਗਰੰਥ ਹਨ, ਜਿਨ੍ਹਾਂ ਦੀ ਅਲੋਚਨਾ/ਨਿੰਦਿਆ ਅਸੀਂ ਪਹਿਲਾਂ ਹੀ ਕਰ ਰਹੇ ਹਾਂ। ਮਨੋਰੰਜਨ ਲਈ ਜਾਂ ਪਰਚਾਰ ਲਈ ਧਰਮ ਇਤਿਹਾਸ ਦੇ ਜਿਹੜੇ ਸਰੋਤ ਵਰਤੇ ਜਾਣਗੇ ਉਹ ਵੀ ਇਹੋ ਲਿਖਤਾਂ ਹੋਣਗੀਆਂ।

ਪਿਛਲੇ ਤਜਰਬੇ ਦੇ ਹਿਸਾਬ ਨਾਲ ਵੇਖੀਏ ਤਾਂ ਜੇ ਪਰਛਾਵੇਕਾਰੀ ਦਾ ਰਾਹ ਤੁਰਿਆ ਤਾਂ ਸਾਡਾ ਧਰਮ ਇਤਿਹਾਸ ਸਾਨੂੰ ਹੋਰ ਵੀ ਬੁਰੇ ਤਰੀਕੇ ਨਾਲ ਵੇਖਣ ਸੁਣਨ ਨੂੰ ਮਿਲੇਗਾ। ਇਹਦੀ ਵਰਤਮਾਨ ਮਿਸਾਲ ਵੀ ਹੈ। ਵਰਤਮਾਨ ਇਤਿਹਾਸ ਦੇ ਸ਼ਹੀਦਾਂ ਲਈ ਅਕਾਲ ਤਖਤ ਸਾਹਿਬ ਉਤੇ ਉਹਨਾਂ ਦੇ ਨਾਮ ਦੀ ਅਰਦਾਸ ਸਾਲ ਵਿਚ ਤਿੰਨ ਵਾਰ ਹੀ ਹੁੰਦੀ ਹੈ। ਉਹਨਾਂ ਤਿੰਨਾਂ ਮੌਕਿਆਂ ਦੇ ਸ਼ਹੀਦਾਂ ਨੂੰ ਹੀ ਪਰਛਾਵੇ ਬਣਾ ਲਿਆ ਗਿਆ। ਜਿਹੜੇ ਲੋਕਾਂ ਨੇ ਦੁਨੀਆ ਦੀ ਰੀਸੇ ਇਹ ਪਰਛਾਵੇ ਬਣਾਉਣ ਦੀ ਕਾਹਲ ਅਤੇ ਕੁਤਾਹੀ ਕੀਤੀ ਹੈ ਓਹਨਾ ਨੂੰ ਧਰਮ ਦੇ ਨੇਮਾਂ ਅਤੇ ਧਰਮ ਇਤਿਹਾਸ ਵਿਚਲੇ ਫਰਕ ਦੀ ਸਮਝ ਜਾਂ ਲੋੜ ਨਹੀਂ ਸੀ। ਓਹਨਾ ਨੇ ਸਾਇਦ ਇਹ ਸੋਚਿਆ ਹੀ ਨਹੀਂ ਕਿ ਅਸੀਂ ਦੁਨੀਆ ਨਾਲ ਰਲਣ ਵਾਸਤੇ ਮਨੋਰੰਜਨ ਦਾ ਰਾਹ ਫੜ ਰਹੇ ਹਾਂ ਅਤੇ ਧਰਮ ਨੂੰ ਮਨੋਰੰਜਨ ਦਾ ਸਾਧਨ ਬਣਾ ਰਹੇ ਹਾਂ। ਧਰਮ ਦੀ ਇਸ ਤੋਂ ਵੱਧ ਬੇਅਦਬੀ ਹੋਰ ਕੀ ਹੋ ਸਕਦੀ ਹੈ ? ਕੌਣ ਨਹੀਂ ਜਾਣਦਾ ਕਿ ਮਨੋਰੰਜਨ ਅਜੋਕੇ ਵੇਲੇ ਵਪਾਰਕ ਮੁਨਾਫੇ ਦਾ ਵੱਡਾ ਸਾਧਨ ਹੈ। ਕੀ ਪਰਛਾਵਿਆਂ ਦੀ ਖੇਡ ਖੇਡਣ ਵਾਲੇ ਜਾਣਦੇ ਨਹੀਂ ਕਿ ਮਨੋਰੰਜਨ ਦੇ ਨੇਮ ਅਸੂਲ ਕੀ ਹਨ, ਉਹ ਸਾਡੇ ਧਰਮ ਨਾਲ ਕਿਵੇਂ ਮੇਲ ਖਾਣਗੇ ? ਇਹ ਤਰੀਕੇ ਨਾਲ ਧਰਮ ਪਰਚਾਰ ਜਾਂ ਇਤਿਹਾਸ ਵਿਰਾਸਤ ਸਾਂਭਣਾ ਤਾਂ ਦੂਰ, ਦੁਨੀਆਵੀ ਪੱਖ ਤੋਂ ਵੀ ਆਪਣੀ ਪਛਾਣ ਦਾ ਕੁਝ ਨਹੀਂ ਸੌਰਨਾ, ਸਿਵਾਏ ਆਪਣੇ ਧਰਮ ਇਤਿਹਾਸ ਨੂੰ ਕੌਡੀਆਂ ਘਟੇ ਰੋਲਣ ਦੇ। ਜਦ ਧਰਮ ਅਤੇ ਆਮ ਇਤਿਹਾਸ ਦੇ ਫਰਕ ਨੂੰ ਅਮਲੀ ਰੂਪ ਵਿਚ ਨਿਖੇੜਣਾ ਹੈ ਤਾਂ ਮਨੋਰੰਜਨ ਨੂੰ ਧਰਮ ਦੇ ਪੱਖ ਤੋਂ ਜਾਨਣਾ ਬਹੁਤ ਜਰੂਰੀ ਹੈ ਕਿਉਂਕਿ ਪਰਛਾਵੇਂ ਅਸਲ ਵਿਚ ਮਨੋਰੰਜਨ ਦਾ ਹੀ ਹਿੱਸਾ ਹਨ। ਜੇ ਮਨੋਰੰਜਨ ਬਾਰੇ ਸਹੀ ਸਮਝ ਨਾ ਬਣੇ ਤਾਂ ਇਹ ਗੱਲ ਸਮਝ ਨਹੀਂ ਪੈਣੀ ਕਿ ਸਿੱਖੀ ਵਿਚ ਪਰਛਾਵਿਆਂ ਦੀ ਕੀ ਥਾਂ ਹੈ।

**ਮਨੋਰੰਜਨ ਅਤੇ ਧਰਮ**

ਮਨੁਖੀ ਰੁਚੀਆਂ ਨੂੰ ਮਨੋਰੰਜਨ ਰਾਹੀਂ ਕਾਬੂ ਕਰਨਾ ਚਿਰਾਂ ਤੋਂ ਹਕੂਮਤਾਂ ਅਤੇ ਵਪਾਰੀਆਂ ਦਾ ਜਾਦੂਵਾੜਾ ਰਿਹਾ ਹੈ ਜਿਥੋਂ ਬੰਦੇ ਡੰਗਰ ਬਣ ਬਣ ਨਿਕਲਦੇ ਹਨ ਭਾਵੇਂ ਵੜਣ ਵੇਲੇ ਬੰਦੇ ਈ ਹੋਣ। ਪਹਿਲਾਂ ਮਨੋਰੰਜਨ ਦਾ ਅਖਾੜਾ ਵਸੋਂ ਤੋਂ ਦੂਰ ਲਗਦਾ ਸੀ ਫਿਰ ਸੱਥਾਂ ਵਿਚ ਆਇਆ। ਬਿਜਲਈ ਤਕਨੀਕ ਦੇ ਆਉਣ ਨਾਲ ਇਹ ਵਾੜਾ ਹੋਰ ਵੀ ਵੱਡਾ ਤੇ ਲੁਭਾਉ ਹੋ ਕੇ ਘਰ ਘਰ ਪਹੁੰਚ ਗਿਆ, ਹੁਣ ਇਹ ਸਭ ਦੇ ਹੱਥਾਂ ਵਿਚ ਹੈ ਪਰ ਇਕ ਤਰ੍ਹਾਂ ਨਾਲ ਸਭ ਕੁਝ ਇਹਦੇ ਹੱਥ ਚ ਹੈ। ਮਨੋਰੰਜਨ ਦੀ ਵਧਦੀ ਤਾਕਤ ਦੇ ਬਾਵਜੂਦ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਵਾੜੇ ਵਿਚ ਧਰਮ ਦਾ ਮਜਾਕ ਤਾਂ ਉਡਾਇਆ ਜਾ ਸਕਦਾ ਹੈ ਪਰ ਪਰਚਾਰ ਸੰਭਵ ਨਹੀਂ ਹੈ।

ਧਰਮ ਸੱਚ ਅਤੇ ਪਵਿੱਤਰ ਰੂਪ ਮੰਨਿਆ ਜਾਂਦਾ ਹੈ ਪਰ ਮਨੋਰੰਜਨ ਦੀ ਸਚਾਈ ਹੀ ਸਚਾਈ ਨੂੰ ਭੁੱਲ ਜਾਣ ਵਿਚ ਹੈ।ਮਨੋਰੰਜਨ ਕਿਸੇ ਵੀ ਮੁਸ਼ਕਲ ਦਾ ਹੱਲ ਨਹੀਂ ਦਿੰਦਾ ਪਰ ਬੰਦੇ ਨੂੰ ਇਕ ਵਾਰ ਮੁਸ਼ਕਲ ਭੁਲਾਅ ਜਰੂਰ ਦਿੰਦਾ ਹੈ। ਮਨੋਰੰਜਨ ਮਨੁਖ ਦੀ ਸਦੀਵੀ ਲੋੜ ਹੈ ਪਰ ਇਸ ਵਿਚ ਕਦੇ ਵੀ ਪਵਿੱਤਰਤਾ ਅਤੇ ਸਤਿਕਾਰ ਲਈ ਥਾਂ ਨਹੀਂ ਹੁੰਦੀ। ਬਿਜਲ ਪਰਛਾਵੇਂ ਮੂਲ ਰੂਪ ਵਿੱਚ ਮਨੋਰੰਜਨ ਦਾ ਹਿੱਸਾ ਹਨ। ਜਿਹੜੇ ਲੋਕ ਆਪਣੇ ਧਰਮ ਨੂੰ ਮਨੋਰੰਜਨ ਦੇ ਰੂਪ ਵਿੱਚ ਪੇਸ਼ ਕਰਦੇ ਹਨ, ਓਹ ਨਾ ਸਿਰਫ ਪਵਿੱਤਰਤਾ ਅਤੇ ਸਤਿਕਾਰ ਤੋਂ ਖੁੰਝਦੇ ਹਨ ਸਗੋਂ ਮਨੋਰੰਜਨ ਦਾ ਰਾਹ ਵੀ ਗੁਆ ਲੈਂਦੇ ਹਨ। ਜਿਹੜੇ ਅਗਾਂਹਵਧੂ ਸਮਝ ਅਤੇ ਸਮਰੱਥਾ ਵਾਲੇ ਸਿੱਖ ਜਿੰਦਗੀ ਨੂੰ ਪਦਾਰਥਵਾਦੀ ਨਜਰ ਤੋਂ ਵੇਖ ਰਹੇ ਹਨ ਓਹਨਾ ਨੂੰ ਲਗਦਾ ਹੈ ਕਿ ਵੇਲਾ ਖੁੰਝ ਰਿਹਾ ਹੈ, ਅਸੀਂ ਪਹਿਲਾਂ ਹੀ ਬਹੁਤ ਪਿਛੇ ਹਾਂ। ਇਸ ਕਰਕੇ ਓਹਨਾ ਨੂੰ ਦੁਨੀਆ ਦੀ ਚਾਲ ਨਾਲ ਰਲਕੇ ਸਿੱਖਾਂ ਦੀ ਵੱਖਰੀ ਚਾਲ ਸਿੱਧ ਕਰਨ ਦੀ ਕਾਹਲ਼ ਹੈ। ਓਹ ਧਰਮ ਨੂੰ ਸੌਖਾ ਅਤੇ ਮਨੋਰੰਜਕ ਬਣਾ ਕੇ ਪੇਸ਼ ਕਰਨ ਦੇ ਜੋਸ਼ ਅਤੇ ਕਾਹਲ਼ ਵਿਚ ਧਰਮ ਦਾ ਅਸਲੀ ਪੱਖ ਭੁਲ ਰਹੇ ਹਨ। ਇਹ ਭੁਲ ਕਾਰਨ ਹੀ ਓਹਨਾ ਨੂੰ ਧਰਮ ਨੂੰ ਮਨੋਰੰਜਕ ਬਣਾਉਣ ਦੀ ਇੱਛਾ ਅਤੇ ਖੁਸ਼ੀ ਹੈ। ਇਹ ਦੁਬਿਧਾ ਅਤੇ ਭਰਮ ਦੀ ਉਤਸ਼ਾਹੀ ਮੁਹਿੰਮ ਹੈ, ਜਿਹੜੀ ਕਿਸੇ ਜਵਾਨ ਖੂਨ ਦੇ ਨਸ਼ਈ ਹੋਣ ਵਾਂਗ ਹੈ, ਜੋ ਸ਼ੁਰੂ ਵਿਚ ਨਸ਼ੇ ਦੇ ਲੋਰ ਨੂੰ ਬੜੀ ਵਧੀਆ ਸਮਝਦਾ ਹੈ ਪਰ ਮੁੜ ਉਹੀ ਲੋਰ ਜੀਅ ਦਾ ਜੰਜਾਲ ਬਣ ਜਾਂਦੀ ਹੈ। ਜਿਹੜੇ ਲੋਕ ਪਰਛਾਵੇ ਨੂੰ ਆਪਣੇ ਧੁਰ ਅੰਦਰ ਧਰਮ ਜਾਂ ਇਤਿਹਾਸ ਦੀ ਥਾਂ ਤੇ ਸਜਾਉਣ ਦਾ ਨਸ਼ਾ ਕਰ ਰਹੇ ਹਨ, ਓਹ ਦੁਨੀਆ ਦੇ ਨਾਲ ਰਲ ਜਾਣ ਦੇ ਸਵੈ ਸਿਰਜੇ ਭਰਮ ਦੀ ਤਾਜੀ ਲੋਰ ਵਿਚ ਹਨ।

ਮਨੋਰੰਜਨ ਨਾਲ ਕੁਜੋੜ ਦੇ ਸਿੱਖਾਂ ਲਈ ਦੋ ਕਾਰਨ ਹਨ, ਪਹਿਲਾ ਕਾਰਨ ਹੈ ਕਿ ਗਰੰਥ, ਗੁਰੂ ਅਤੇ ਰੱਬ ਇਕੋ ਹਨ। ਧਰਮ ਅਤੇ ਇਤਿਹਾਸ ਦਾ ਫਰਕ ਨਾ ਸਮਝਣ ਕਾਰਨ ਸਭ ਤੋਂ ਵਡੀ ਔਕੜ ਇਹੋ ਆਉਂਦੀ ਹੈ ਕਿ ਲੋਕ ਗੁਰੂ ਦੇ ਧਾਰਮਿਕ ਰੁਤਬੇ ਨੂੰ ਇਤਿਹਾਸਕ ਬਣਾਉਣ ਵਿੱਚ ਉਲਝ ਜਾਂਦੇ ਹਨ। ਧਰਮ ਰੂਪ ਵਿਚ ਗੁਰੂ ਇਕ ਹੈ ਉਹਤੇ ਯਕੀਨ ਨਹੀਂ ਬੱਝਦਾ ਤਾਂ ਹੀ ਇਤਿਹਾਸਕ ਤੌਰ ਤੇ ਦਸ ਰੂਪਾਂ ਵੱਲ ਉਲਾਰ ਹਨ। ਦੂਜਾ ਕਾਰਨ ਇਹ ਹੈ ਕਿ ਸਿੱਖੀ ਵਿੱਚ ਸ਼ਹੀਦ ਦਾ ਰੁਤਬਾ ਵੀ ਪਵਿੱਤਰਤਾ ਦਾ ਧਾਰਨੀ ਹੈ। ਧਰਮ ਇਤਿਹਾਸ ਵਿੱਚ ਸ਼ਹਾਦਤ ਗੁਰੂ ਸਰੂਪ ਨਾਲ ਜੁੜੀ ਹੋਈ ਹੈ ਅਤੇ 'ਆਪੇ ਗੁਰ ਚੇਲਾ' ਦੇ ਰੁਤਬੇ ਕਰਕੇ ਗੁਰੂ ਸਿੱਖ ਵਿੱਚ ਵੀ ਸਮਾਇਆ ਹੋਇਆ ਹੈ। ਸਿੱਖ ਜਿਸ ਇਤਿਹਾਸ ਦੇ ਸੋਹਲੇ ਗਾਉਂਦੇ ਹਨ ਉਹਦਾ ਬਹੁਤ ਵੱਡਾ ਹਿੱਸਾ ਸ਼ਹਾਦਤ ਤੇ ਖੜ੍ਹਾ ਹੈ। ਸ਼ਹਾਦਤ ਦੇ ਰੁਤਬੇ ਕਰਕੇ ਇਤਿਹਾਸ ਦਾ ਇਹ ਹਿੱਸਾ ਵੀ ਪਵਿੱਤਰਤਾ ਦਾ ਧਾਰਨੀ ਹੈ।

**ਨਕਲ ਅਤੇ ਕਲਪਨਾ**

ਕਿਸੇ ਅਸਲੀ ਸ਼ੈਅ ਦੀ ਅਣਹੋਂਦ ਵਿੱਚ ਹੀ ਮਨੁੱਖ ਨੂੰ ਨਕਲੀ ਦੀ ਲੋੜ ਪੈਂਦੀ ਹੈ। ਸਿੱਖਾਂ ਨੂੰ ਗੁਰੂ ਸਾਹਿਬ ਅਤੇ ਸ਼ਹੀਦਾਂ ਦੀ ਨਕਲ ਜਾਂ ਕਾਲਪਨਿਕ ਪਰਛਾਵੇ ਦੀ ਲੋੜ ਕਿਉਂ ਹੈ ? ਕੀ ਸਿੱਖਾਂ ਦਾ ਧਰਮ ਨਿਭਾਉਣ ਅਤੇ ਅਮਲਾਂ ਨਾਲ ਇਤਿਹਾਸ ਸਿਰਜਣ ਦਾ ਯਕੀਨ ਟੁੱਟ ਗਿਆ ਹੈ ਜੋ ਨਕਲ ਜਾਂ ਕਲਪਨਾ ਦੇ ਆਸਰੇ ਆਪਣੇ ਧਰਮ ਇਤਿਹਾਸ ਨੂੰ ਖੜ੍ਹਾ ਕਰਨਾ ਚਾਹੁੰਦੇ ਹਨ ? ਪਰਛਾਵੇਂ ਲੋਕਾਂ ਨੂੰ ਇਸ ਲਈ ਚਾਹੀਦੇ ਹਨ ਕਿ ਓਹ ਕਲਪਨਾ ਦੇ ਸਹਾਰੇ ਜੀਣਾ ਚਾਹੁੰਦੇ ਹਨ, ਖਾਸ ਕਰਕੇ ਜਿਨ੍ਹਾ ਨੂੰ ਆਪਣਾ ਆਪ ਕਿਸੇ ਹੋਰ ਦੇ ਸਾਹਮਣੇ ਛੋਟਾ ਲਗਦਾ ਹੈ।

ਨਕਲ ਜਾਂ ਕਲਪਨਾ ਦੇ ਮੁਕਾਬਲੇ ਅਸਲੀਅਤ ਤੋਂ ਦੂਰ ਹੋਣ ਦੇ ਕੰਮ ਹੀ ਆਉਂਦੇ ਹਨ। ਨਕਲ/ਕਲਪਨਾ ਦੇ ਵੱਸ ਪਏ ਸਮਾਜ ਵਿਚ ਸਤਿਕਾਰ ਦੇ ਪਾਤਰ ਵੀ ਕਹਾਣੀਆਂ ਦੇ ਪਾਤਰ ਬਣ ਕੇ ਰਹਿ ਜਾਂਦੇ ਹਨ। ਓਥੇ ਕਲਾਕਾਰ ਵੱਡੇ ਅਤੇ ਪੂਜਣਯੋਗ ਛੋਟੇ ਹੋ

ਜਾਂਦੇ ਹਨ। ਅਖੀਰ ਨੂੰ ਕਲਾਕਾਰ ਹੀ ਪੂਜਣਯੋਗ ਹੋ ਜਾਂਦੇ ਹਨ। ਦਰਾਵੜੀ ਕਲਾਕਾਰਾਂ ਦੀ ਪੂਜਾ ਇਸੇ ਗੱਲ ਦਾ ਸਬੂਤ ਹੈ।

ਲੋਕ ਆਪਣਾ ਵਕਤ, ਸਾਧਨ ਅਤੇ ਸਮਰੱਥਾ ਖਰਚ ਕੇ ਪਰਛਾਵਿਆਂ ਵਾਲੇ ਮਨੋਰੰਜਨ ਰਾਹੀਂ ਸਿੱਖਣ ਦੇ ਨਾਂ ਹੇਠ ਸਚਾਈ ਤੋਂ ਦੂਰ ਹੀ ਜਾ ਸਕਦੇ ਹਨ, ਪਰ ਕਿਸੇ ਮੁਸ਼ਕਲ ਵਿਚੋਂ ਨਿਕਲ ਨਹੀਂ ਸਕਦੇ। ਕਲਪਨਾ ਕਰਨ ਜਾਂ ਨਕਲਾਂ ਆਸਰੇ ਜਿੰਦਗੀ ਜਿਉਣ ਦੇ ਵੱਸ, ਬੰਦਾ ਓਦੋਂ ਹੀ ਪੈਂਦਾ ਹੈ ਜਦੋਂ ਉਹ ਹਕੀਕਤ ਤੋਂ ਮੁਖ ਮੋੜਣਾ ਚਾਹੁੰਦਾ ਹੋਵੇ। ਬਿਜਲ ਜਗਤ ਨਾਲ ਵਧੇਰੇ ਜੁੜੇ ਲੋਕਾਂ ਨੂੰ ਇਸ ਕਰਕੇ ਹੀ ਅਸਲੀਅਤ ਤੋਂ ਟੁਟੇ ਕਿਹਾ ਜਾਂਦਾ ਹੈ ਕਿਉਂਕਿ ਉਹਨਾਂ ਦੇ ਕਿਤੇ ਧੁਰ ਅੰਦਰ ਕਲਪਨਾ ਸਚਾਈ ਵਾਂਗ ਬਣਨ ਲੱਗ ਜਾਂਦੀ ਹੈ। ਉਹ ਆਪਣੀ ਕਲਪਨਾ ਵਿਚ ਇਥੋਂ ਤੀਕ ਚਲੇ ਜਾਂਦੇ ਹਨ ਕਿ ਓਹਨਾ ਦਾ ਯਕੀਨ ਬੱਝ ਜਾਂਦਾ ਹੈ ਕਿ ਸਚਾਈ ਓਹਨਾ ਦੀ ਕਲਪਨਾ ਮੁਤਾਬਿਕ ਬਦਲ ਜਾਏਗੀ। ਇਸੇ ਤਰ੍ਹਾਂ ਦੀ ਮਨੋ ਅਵਸਥਾ ਵਾਲੇ ਸਮਾਜ ਦਾ ਜਿਕਰ ਗੁਰੂ ਨਾਨਕ ਸਾਹਿਬ ਨੇ ਬਾਬਰ ਦੇ ਹਮਲੇ ਵੇਲੇ ਕੀਤਾ ਹੈ।

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰ ਸੁਣਿਆ ਧਾਇਆ।।
ਕੋਈ ਮੁਗਲ ਨਾ ਹੋਆ ਅੰਧਾ ਕਿਨੈ ਨਾ ਪਰਚਾ ਲਾਇਆ।।

ਇਹ ਉਸ ਹਾਲਤ ਦੀ ਤਸਵੀਰ ਹੈ ਜਦੋਂ ਧਰਮ ਨਿਰੋਲ ਕਲਪਨਾ ਬਣ ਜਾਂਦਾ ਹੈ। (ਇਹਦੇ ਬਾਰੇ ਅਗਲੇ ਲੇਖ ਵਿਚ ਗੱਲ ਹੋਵੇਗੀ) । ਇਥੇ ਏਨਾ ਕਹਿਣਾ ਹੀ ਕਾਫੀ ਹੈ ਕਿ ਆਮ ਇਤਿਹਾਸ ਵਾਲੀ ਸਮਝ ਪਰਛਾਵਿਆਂ ਅਤੇ ਮਨੋਰੰਜਨ ਨੂੰ ਹੀ ਧਰਮ ਇਤਿਹਾਸ ਨਾਲ ਰਲਗਡ ਨਹੀਂ ਕਰਦੀ ਸਗੋਂ ਧਰਮ ਪਰਚਾਰ ਨੂੰ ਵੀ ਵਪਾਰ ਅਤੇ ਰਾਜਨੀਤੀ ਦੇ ਪਰਚਾਰ ਨਾਲ ਰਲਗਡ ਕਰਦੀ ਹੈ। ਇਸ ਕਰਕੇ ਹੀ ਬਹੁਤੇ ਲੋਕਾਂ ਨੂੰ ਧਰਮ ਪਰਚਾਰ ਵੀ ਮੰਡੀ ਵਿਚ ਕਮਾਈ ਕਰਨ ਵਾਂਗ ਜਾਪਦਾ ਹੈ।

**ਮੰਡੀ ਅਤੇ ਧਰਮ**

ਵੇਖਣ ਨੂੰ ਮੰਡੀ ਮਨੁਖ ਦੀਆਂ ਲੋੜਾਂ ਤੇ ਖੜ੍ਹੀ ਹੈ ਪਰ ਇਛਾਵਾਂ ਲਾਲਸਾਵਾਂ ਨਾਲ ਚਲਦੀ ਹੈ। ਅਜੋਕੀ ਮਨੋਰੰਜਨ ਮੰਡੀ ਤਾਂ ਨਿਰੋਲ ਹੀ ਇਛਾਵਾਂ ਤੇ ਖੜ੍ਹੀ ਹੈ। ਬਿਜਲਈ ਮੀਡੀਏ ਦੀਆਂ ਲੀਹਾਂ ਇਹ ਮੰਡੀ ਨੇ ਹੀ ਤੈਅ ਕੀਤੀਆਂ ਹਨ। ਦੂਜੇ ਸ਼ਬਦਾਂ ਵਿੱਚ ਮਨੋਰੰਜਨ ਬਿਜਲਈ ਮੰਡੀ ਦਾ ਗਾਡੀ ਰਾਹ ਹੈ। ਜਦੋਂ ਬੰਦੇ ਬਿਜਲ ਪਰਛਾਵਿਆਂ ਰਾਹੀਂ ਧਰਮ ਪਰਚਾਰ ਕਰਨਾ ਚਾਹੁੰਦੇ ਹਨ ਤਾਂ ਉਹ ਧਰਮ ਨੂੰ ਮੰਡੀ ਚ ਹੀ ਲਿਆਉਣਾ ਚਾਹੁੰਦੇ ਹਨ ਚਾਹੇ ਆਪਣੇ ਲੋਕਾਂ ਵਿਚ ਹੀ ਸਹੀ।

ਪਰਛਾਵੇਕਾਰੀ ਦਾ ਆਸਰਾ ਲੋਕ ਕਿਸੇ ਵੀ ਨਾਂ (ਧਰਮ, ਇਤਿਹਾਸ ਜਾਂ ਕਿਸੇ ਕਲਪਨਾ ਵਿੱਚੋਂ) ਹੇਠ ਲੈਣ, ਮੰਡੀ ਨੂੰ ਕੋਈ ਫਰਕ ਨਹੀਂ ਪੈਂਦਾ। ਉਹਨੂੰ ਸਿਰਫ ਹਾਜਰੀ ਚਾਹੀਦੀ ਹੈ ਜੋ ਹਾਜਰ ਹੈ ਉਹ ਵਿਕਣਯੋਗ ਹੈ। ਮੰਡੀ ਵਿਚ ਸ਼ਹੀਦ ਦਾ ਰੁਤਬਾ ਵੀ ਮਨੋਰੰਜਨ ਦਾ ਮਾਲ਼ ਹੀ ਹੋਏਗਾ, ਕਿਉਂਕਿ ਝੂਠੇ ਦ੍ਰਿਸ਼ ਨੂੰ ਅਸਲੀ ਦ੍ਰਿਸ਼ ਸਿੱਧ ਕਰਨ ਲਈ ਸ਼ਹੀਦ ਦੀ ਜਿੰਦਗੀ ਨੂੰ ਇਕ ਆਮ ਬੰਦੇ (ਦਰਸ਼ਕ) ਦੀ ਪੱਧਰ ਤੇ ਲਿਆਉਣਾ ਹੀ ਪੈਣਾ ਹੈ ਕਿਉਂਕਿ ਦੇਹੀ ਰਸ ਬਿਨਾ ਇਹ ਮੰਡੀ ਚੱਲੇਗੀ ਹੀ ਨਹੀਂ। ਇਸ ਕਰਕੇ ਕਹਾਣੀ ਨੂੰ ਮਸਾਲਾ ਲਾਉਣਾ ਹੀ ਪਏਗਾ। ਉਹੀ ਮਸਾਲਾ ਜਿਹੜਾ ਕਵੀ ਕਾਲੀਦਾਸ ਦੇ ਵੇਲਿਆਂ ਤੋਂ ਲਗਦਾ ਆ ਰਿਹਾ ਹੈ। ਇਕੋ ਕਲਾਕਾਰ ਸ਼ਹੀਦ, ਸੰਤ, ਵਿਦਵਾਨ, ਯੋਧਾ, ਰਾਜਾ, ਗੁਰੂ ਅਤੇ ਰੱਬ ਸਭ ਕੁਝ ਬਣ ਸਕਦਾ ਹੈ ਤਾਂ ਸਭ ਤੋਂ ਵੱਡੀ ਥਾਂ ਕਲਾਕਾਰ ਦੀ ਹੋਏਗੀ। ਧਰਮ ਜੋ ਸੱਚ ਅਤੇ ਮੂਲ ਅਸੂਲ ਦਾ ਨਾਮ ਹੈ ਉਹਦੇ ਪਰਚਾਰ ਪਰਛਾਵਿਆਂ ਰਾਹੀਂ ਕਰਨ ਨਾਲ ਸਭ ਤੋਂ ਵੱਧ ਮਾਣ ਸਨਮਾਨ ਨਕਲਚੀ (ਕਲਾਕਾਰ) ਲਈ ਹੋਏਗਾ। ਜਦੋਂ ਮਨੋਰੰਜਨ ਮੰਡੀ ਵਿਚ ਧਰਮ ਇਤਿਹਾਸ ਦੇ ਪਰਛਾਵਿਆਂ ਦੀ ਬੋਲੀ ਉਠੇਗੀ ਫਿਰ ਸ਼ਹੀਦਾਂ ਤੱਕ ਨਹੀਂ ਰੁਕੇਗੀ, ਗੁਰੂ ਸਾਹਿਬ ਅਤੇ ਅਕਾਲ ਪੁਰਖ ਦੇ ਪਰਛਾਵਿਆਂ ਦੇ ਢੇਰ ਆਲੂ ਗੰਢਿਆਂ ਵਾਂਗ ਲੱਗਣਗੇ।

ਜਦ ਮੁਕਾਬਲੇ ਅਸਲੀ ਜਿੰਦਗੀ ਦੀ ਥਾਂ ਕਲਪਨਾ ਦੀ ਮੰਡੀ ਵਿੱਚ ਹੋਣਗੇ, ਫਿਰ ਧਰਮ ਦੇ ਨੇਮ ਅਸੂਲ ਖੰਭ ਲਾ ਕੇ ਉਡ ਜਾਣਗੇ। ਨਕਲਾਂ ਦੇ ਸੁਪਨੀਲੇ ਥਲਾਂ ਵਿਚ ਮੰਡੀ ਦੀ ਲੋੜ ਦੇ ਹਾੜ ਸੁਣਾਈ ਦੇਣਗੇ। ਨਿੱਤ ਨਵੇਂ-ਤਾਜੇ ਦੀ ਮੰਗ ਨਕਲ ਅਤੇ ਕਲਪਨਾ ਨੂੰ ਕਿਸ ਹੱਦ ਤੱਕ ਇਤਿਹਾਸ ਮਿਥਿਹਾਸ ਦੀਆਂ ਡੂੰਘੀਆਂ ਕਾਲਖਾਂ ਤੱਕ ਲੈ ਕੇ ਜਾਏਗੀ, ਇਹਦਾ ਅੰਦਾਜਾ ਪਹਿਲਾਂ ਵਾਪਰ ਰਹੀਆਂ ਗੱਲਾਂ ਤੋਂ ਕਰਨਾ ਚਾਹੀਦਾ ਹੈ। ਮਨੋਰੰਜਨ ਮੰਡੀ ਵਿਚ ਕੁਝ ਨਵਾਂ ਕਰਨ ਦੀ ਲੋੜ ਕਿਹੜੀ ਕਿਹੜੀ ਕਾਲਖ ਗੁਰੂ ਸਾਹਿਬ ਅਤੇ ਸ਼ਹੀਦਾਂ ਦੇ ਜੀਵਨ ਤੇ ਮਲੇਗੀ ਅੱਜ ਆਮ ਸਿੱਖ ਸੋਚ ਵੀ ਨਹੀਂ ਸਕਦਾ।

ਜੋ ਪਵਿੱਤਰ ਜਾਂ ਸਤਿਕਾਰਯੋਗ ਹੈ ਉਹਦਾ ਵਿਖਾਵਾ ਸੰਭਵ ਨਹੀਂ ਹੈ। ਇਹਦੇ ਮਾਅਨੇ ਛੁਪੇ ਰਹਿਣ ਤਾਂ ਸਦੀਆਂ ਤੱਕ ਤਾਜੇ ਹਨ, ਪਰ ਜਦੋਂ ਵਿਖਾਵਾ ਕੀਤਾ ਫਿਰ ਬੇਮਾਅਨਾ ਹੋ ਜਾਂਦੇ ਹਨ। ਕਿਸੇ ਚੀਜ ਦਾ ਵਿਖਾਵਾ ਕਰਨਾ ਉਹਦੇ ਗੁਣ ਕੀਮਤ ਨੂੰ ਭੋਗਣਾ ਹੀ ਹੁੰਦਾ ਹੈ। ਪਰਛਾਵਾ ਪਰੇਮੀ ਸਾਇਦ ਅੰਦਾਜਾ ਨਹੀਂ ਲਾ ਰਹੇ ਕਿ ਮੰਡੀ ਦੀਆਂ ਬੇਲਗਾਮ ਇਛਾਵਾਂ ਦੀਆਂ ਵਾਗਾਂ ਇਕ ਵਾਰ ਛੱਡਣ ਤੋਂ ਬਾਅਦ ਕੋਈ ਫੜ ਨਹੀਂ ਸਕੇਗਾ। ਇਹਦੀ ਮਿਸਾਲ ਹੈ ਕਿ ਦੁਨੀਆਂ ਵਿਚ ਸਭ ਤੋਂ ਤਾਕਤਵਰ ਧਿਰ ਵਜੋਂ ਮਾਨਤ ਇਸਾਈਅਤ ਦੇ ਪੈਰੋਕਾਰ, ਓਹ ਵੀ ਈਸਾ ਮਸੀਹ ਦਾ ਮਜਾਕ ਉਡਣੋਂ ਰੋਕ ਨਹੀਂ ਸਕੇ। ਸ਼ੁਰੂ ਦੇ ਪਰਛਾਵਿਆਂ ਵਿਚ ਹਜਰਤ ਈਸਾ ਦਾ ਚਿਹਰਾ ਨਹੀਂ ਵਿਖਾਇਆ ਗਿਆ ਅਤੇ ਸਿਰ ਦੁਆਲੇ ਪਵਿੱਤਰਤਾ ਵਾਲਾ ਚੱਕਰ ਵੀ ਸੀ ਪਰ ਬਾਅਦ ਵਿੱਚ ਹੋਰ ਅਸਲੀ ਬਣਾਉਣ ਦੇ ਚੱਕਰ ਵਿਚ ਨਵੀਆਂ ਗੱਲਾਂ ਜੁੜਦੀਆਂ ਗਈਆਂ। ਪਰਛਾਵੇਕਾਰੀ ਦੀ ਮਨੋਰੰਜਕ ਲੋੜ ਅਤੇ ਖਿਆਲਾਂ ਦੀ ਅਜਾਦੀ ਕਰਕੇ ਇਸਾਈ ਜਗਤ ਦੇ ਅੰਦਰ ਹੀ ਈਸਾ ਮਸੀਹ ਦੀ ਜੋ ਹਾਲਤ ਹੋ ਗਈ, ਉਹ ਸਿੱਖਾਂ ਲਈ ਇਕ ਸਬਕ ਹੈ। ਈਸਾਈਆਂ ਦੇ ਮੁਕਾਬਲੇ ਸਿੱਖਾਂ ਕੋਲ ਰਾਜਸੀ ਜਾਂ ਵਪਾਰਕ ਤਾਕਤ ਨਹੀਂ ਹੈ ਅਤੇ ਪਰਛਾਵੇ ਮੰਡੀ ਵਿੱਚ ਕੋਈ ਵੀ ਥਾਂ ਨਹੀਂ ਹੈ। ਇਸ ਕਰਕੇ ਸਾਰਾ ਕੁਝ ਹੀ ਹੋਰਾਂ ਦੇ ਵੱਸ ਚ ਹੋਵੇਗਾ।

ਧਰਮ ਪਰਚਾਰ ਲਈ ਮੰਡੀ ਵਿਚ ਉਤਰਣ ਤੋਂ ਪਹਿਲਾਂ ਮਨੋਰੰਜਨ ਮੰਡੀ ਦਾ ਚਲਨ ਵੇਖੋ। ਜੋ ਵੀ ਮੁੱਦਾ ਇਕ ਵਾਰ ਇਥੇ ਆ ਗਿਆ ਉਹਨੂੰ ਅਗੋਂ ਮੰਡੀ ਨੇ ਆਪਣੀ ਮਰਜੀ ਨਾਲ ਵਰਤਣਾ ਹੈ। ਹਰ ਮੁੱਦੇ ਨੂੰ ਵਰਤਣ ਦੇ ਮੰਡੀ ਦੇ ਤਿੰਨ ਵੱਡੇ ਰਾਹ ਹਨ।

ਪਹਿਲਾ ਹੈ ਹਰ ਗੱਲ ਨੂੰ ਘਟੀਆ ਮਜਾਕ ਦੀ ਹੱਦ ਤੱਕ ਲੈ ਕੇ ਜਾਣਾ, ਕਿਉਂਕਿ ਮਨੁੱਖੀ (ਖਾਸਕਰ ਮਰਦਾਵੀ) ਹਉਂ ਲੱਚਰ ਵਿਅੰਗ ਵਿਚੋਂ ਵਧੇਰੇ ਅਨੰਦ ਲੈਂਦੀ ਹੈ। ਹਸਾਉਣ ਦੇ ਯਤਨ ਅਕਸਰ ਇਸ ਪਾਸੇ ਹੀ ਜਾਂਦੇ ਹਨ।

ਦੂਜਾ ਰਾਹ ਹੈ ਸ਼ੰਕੇ ਅਤੇ ਜਸੂਸੀ ਵੰਨਗੀ ਦਾ, ਜੀਹਦੇ ਰਾਹੀਂ ਮਨੁਖ ਦੀ ਭੇਤ ਜਾਣਨ ਦੀ ਇੱਛਾ ਨੂੰ ਜਗਾਇਆ ਵਧਾਇਆ ਅਤੇ ਵਰਤਿਆ ਜਾਂਦਾ ਹੈ। ਹੋਰ ਨਵੀਂ ਗੱਲ, ਹੋਰ ਨਵੀਂ ਗੱਲ ਨਾਲ ਬੱਚੇ ਵਾਂਗ ਹੈਰਾਨ ਕਰ ਦੇਣਾ ਜਸੂਸੀ ਕਲਪਨਾ ਦੀ ਲੋੜ ਹੈ। ਧਰਮ ਇਤਿਹਾਸ ਬਾਰੇ ਬਹੁਤੀ ਖੋਜ ਸੰਕੇ ਸਵਾਲ ਕਿਸਮ ਦੀ ਹੀ ਹੁੰਦੀ ਹੈ।

ਤੀਜਾ ਰਾਹ ਹੈ ਊਲ ਜਲੂਲ ਸਵਾਲਾਂ ਵਿਚਾਰਾਂ ਦਾ ਜੋ ਕਿਸੇ ਵੀ ਚੀਜ ਦਾ ਕੋਈ ਸਿਰ ਪੈਰ ਹੀ ਨਹੀਂ ਰਹਿਣ ਦਿੰਦੇ। ਗਲਤ ਠੀਕ ਦੀਆਂ ਹੱਦਾਂ ਨੂੰ ਮੇਟ ਦੇਣਾ, ਵਿਰੋਧਾਭਾਸੀ ਦਲੀਲਬਾਜੀ ਜਾਂ ਉਲਟਬਾਜੀਆਂ (ਸਭ ਕੁਝ ਸਹੀ ਹੈ ਅਤੇ ਕੁਝ ਵੀ ਸਹੀ ਨਹੀਂ) ਵਰਗੀਆਂ ਗੱਲਾਂ ਕਰਨਾ, ਕਿਸੇ ਵੀ ਅਹਿਮ ਗੱਲ ਦਾ ਬੇਸਿਰ ਪੈਰ ਦੀ ਤੁਲਨਾ ਕਰਕੇ ਮਜ਼ਾਕ ਉਡਾ ਦੇਣ, ਆਦਿ ਸਾਰਾ ਭੰਡਪੁਣਾ ਅੱਜ-ਕੱਲ੍ਹ ਜੋਰਾਂ ਤੇ ਹੈ।

ਪਰਛਾਵੇਕਾਰੀ ਦੇ ਹਿਮਾਇਤੀ ਸਿੱਖਾਂ ਨੂੰ ਭੁਲੇਖਾ ਹੈ ਕਿ ਓਹ ਬਿਜਲ ਜਗਤ ਦੀ ਸਹਾਇਤਾ ਨਾਲ ਸਿੱਖੀ ਦੀ ਗੱਲ ਫੈਲਾ ਲੈਣਗੇ। ਜੇ ਸਿੱਖਾਂ ਨੇ ਮਨੋਰੰਜਨ ਅਤੇ ਮੰਡੀ ਦੇ ਚਲਣ ਨੂੰ ਅਣਡਿਠ ਕਰਕੇ ਧਰਮ ਦਾ ਰਾਹ ਪਰਛਾਵਿਆਂ ਲਈ ਖੋਹਲ ਲਿਆ ਤਾਂ ਓਹ ਭੁੱਲ ਜਾਣ ਕਿ ਗੁਰੂ ਸਾਹਿਬ ਅਤੇ ਆਪਣੇ ਸ਼ਹੀਦਾਂ ਬਾਰੇ ਇਕ ਫੀਸਦੀ ਵੀ ਸਹੀ ਜਾਣਕਾਰੀ ਦੇ ਸਕਣਗੇ, ਕਿਉਂਕਿ ਪਰਛਾਵੇਕਾਰੀ ਵਿਚ ਕੁਝ ਵੀ ਪਵਿਤਰ ਨਹੀਂ ਹੈ। ਇਥੇ ਵੱਧ ਤੋਂ ਵੱਧ ਇਤਿਹਾਸਕ-ਤੱਥਗਤ ਦਾ ਖਾਨਾ ਹੁੰਦਾ ਹੈ ਉਹਨੂੰ ਵੀ ਪੇਸ਼ ਕਰਨ ਲਈ ਕਲਪਨਾ ਕਰਨ ਅਤੇ ਮਸਾਲਾ ਲਾਉਣ ਦੀ ਖੁਲ੍ਹ ਹੁੰਦੀ ਹੈ। ਪਰਛਾਵਾਕਾਰੀ ਅਤੇ ਬਿਜਲ ਜਗਤ ਦੀ ਜਿਸ ਵਿਚਾਰ ਵਿਚੋਂ ਪੈਦਾਇਸ਼ ਹੋਈ ਹੈ ਉਹਦੇ ਵਿਚ ਧਰਮ ਦਾ ਖਾਨਾ ਹੀ ਨਹੀਂ ਹੈ।

ਜੇ ਲੋਕਾਂ ਦੇ ਪਿੱਛੇ ਲੱਗ ਗੁਰੂ ਅਤੇ ਸ਼ਹੀਦਾਂ ਦੇ ਰੁਤਬੇ ਨੂੰ ਪਵਿੱਤਰਤਾ ਦੇ ਆਭਾ ਮੰਡਲ ਵਿਚੋਂ ਉਤਾਰ ਕੇ ਮਨੋਰੰਜਨ ਮੰਡੀ ਵਿੱਚ ਨਚਾਉਣਾ ਮਨਜੂਰ ਕਰ ਲਿਆ ਤਾਂ ਧਰਮ ਦੀ ਅਰਸ਼ੀ ਸ਼ਾਨ ਪਰਛਾਵਿਆਂ ਦੀ ਭੱਠੀ ਵਿਚ ਪੈ ਜਾਏਗੀ। ਅਗਲੀ ਪੀੜ੍ਹੀ ਜਾਂ ਹੋਰਾਂ ਨੂੰ ਜਾਗਰੂਕ ਕਰਨਾ ਤੇ ਦੂਰ, ਪਰਛਾਵੇਂ ਬਣਾ ਕੇ ਵੇਖਣ ਨਾਲ ਆਪਣੇ ਮਨਾਂ ਵਿਚੋ ਵੀ ਸਤਿਕਾਰ ਸ਼ਰਧਾ ਖਤਮ ਹੋ ਜਾਣਗੇ। 1867 ਈਸਵੀ ਵਿੱਚ ਅੰਗਰੇਜ ਭਗਤ ਅਰਨੈਸਟ ਟਰੰਪ ਨੇ ਸਿੱਖਾਂ ਦੇ ਛੇਤੀ ਖਤਮ ਹੋਣ ਦੀ ਕਲਪਨਾ ਕੀਤੀ ਸੀ। ਫਿਰ ਭਾਰਤੀ ਲਿਖਾਰੀ ਖੁਸਵੰਤ ਸਿੰਘ ਨੇ ਸਿੱਖਾਂ ਦੇ 50 ਸਾਲ ਵਿਚ ਖਤਮ ਹੋਣ ਦੀ ਕਲਪਨਾ ਕੀਤੀ ਸੀ। ਏਹ ਕਲਪਨਾਵਾਂ ਸੱਚੀਆਂ ਹੋ ਜਾਂਦੀਆਂ ਜੇ ਦਰਬਾਰ ਸਾਹਿਬ ਦੇ ਹਮਲੇ ਸਾਹਮਣੇ ਅਸਲੀ ਸ਼ਹੀਦ ਨਾ ਖੜ੍ਹੇ ਹੁੰਦੇ। ਜੇ ਅੱਜ ਅਸੀਂ ਗੁਰੂ ਸਾਹਿਬ ਅਤੇ ਸ਼ਹੀਦਾਂ ਦੇ ਪਰਛਾਵੇ ਬਣਾ ਕੇ ਧਰਮ ਨੂੰ ਹੀ ਕਲਪਨਾ ਦੇ ਖਾਤੇ ਵਿੱਚ ਪਾ ਲਿਆ ਤਾਂ ਫਿਰ ਕਿਸੇ ਹੋਰ ਨੂੰ ਕਲਪਨਾ ਕਰਨ ਦੀ ਕੀ ਲੋੜ ਹੈ, ਸਾਡਾ ਭਵਿੱਖ ਆਪ ਹੀ ਪਰਛਾਵੇ ਦੀ ਕੈਦ ਵਿਚ ਪੈ ਜਾਏਗਾ। ਪਰਛਾਵੇਕਾਰੀ ਨਾਲ ਤਾਂ ਇਤਿਹਾਸ ਵੀ ਕਲਪਨਾ ਦੁਆਰਾ ਬੰਨ੍ਹੀ ਹੱਦ ਤੋਂ ਅੱਗੇ ਨਹੀਂ ਜਾ ਸਕੇਗਾ, ਧਰਮ ਦਾ ਸੱਚ ਪੇਸ਼ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ।

ਜਿਹੜੇ ਸਾਡੇ ਮੁੱਢ ਵਿੱਚ ਬੈਠੇ ਹਨ ਉਹ ਆਦਿ ਕਾਲ ਤੋਂ ਬੁੱਤ ਪੂਜਾ ਦੇ ਧਨੀ ਹਨ ਅਤੇ ਅੱਜ ਕੱਲ੍ਹ ਦੁਨੀਆ ਦੀ ਸਭ ਤੋਂ ਮਸ਼ਹੂਰ ਪਰਛਾਵਾਂ ਮੰਡੀ ਦੇ ਮਾਲਕ ਹਨ। ਪਰਛਾਵਿਆਂ ਦੀ ਹਿੰਦੀ ਅੰਗਰੇਜੀ ਮੰਡੀ ਹੀ ਏਡੀ ਵੱਡੀ ਤੇ ਮੂੰਹਜੋਰ ਹੈ ਕਿ ਸਿੱਖ ਤਾਂ ਇਹਦੇ ਪਾਸਕੂ ਵੀ ਨਹੀਂ ਬਣਨੇ ਪਰ ਇਹ ਧਰਮ ਦੀ ਸ਼ਾਨ ਨੂੰ ਰਾਮ ਲੀਲਾ, ਰਾਸ ਲੀਲਾ ਜਰੂਰ ਬਣਾ ਲੈਣਗੇ ਤੇ ਅਖੀਰ ਧਰਮ ਇਤਿਹਾਸ ਦੀ ਹਰਿਆਣਵੀ ਰਮਾਇਣ ਵਰਗੀ ਹਾਲਤ ਬਣੇਗੀ।

**ਪਰਛਾਵੇਕਾਰੀ ਦਾ ਅਸਰ**

ਮਨੋਰੰਜਨ ਰਾਹੀਂ ਧਰਮ ਸੇਵਾ ਦਾ ਨਵਾਂ ਤਰੀਕਾ ਵਰਤਣ ਤੋਂ ਪਹਿਲਾਂ ਇਹਦੇ ਅਸਰ ਬਾਰੇ ਕਿਉਂ ਨਾ ਸੋਚਿਆ ਜਾਵੇ। ਜਿਹੜੇ ਲੋਕਾਂ ਨੇ ਪਰਛਾਵੇਕਾਰੀ ਦੇ ਜੰਜਾਲ ਦਾ ਅਸਰ ਸਾਡੇ ਤੋਂ ਸਦੀ ਪਹਿਲਾਂ ਵੇਖ ਲਿਆ, ਉਹਨਾਂ ਦੇ ਤਜਰਬੇ ਕਿਸੇ ਉਲਾਰ ਅਧੀਨ ਸਾਥੋਂ ਅਣਡਿੱਠ ਹੋ ਰਹੇ ਹਨ। ਪਦਾਰਥਵਾਦੀ ਸਮਝ ਵਾਲੇ ਵਿਦਵਾਨਾਂ ਨੇ ਵੀ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਇਹ ਤੱਤ ਕੱਢ ਲਿਆ ਸੀ ਕਿ ਪਰਛਾਵੇਂ ਬੰਦੇ ਦੇ ਸਵੈਮਾਣ ਅਤੇ ਸੋਚ ਨੂੰ ਮਾਰਨ ਅਤੇ ਭੀੜ ਰੂਪ ਵਿਚ ਲੋਕਾਂ ਦੀ ਸੋਚ ਨੂੰ ਕਾਬੂ ਕਰਕੇ ਚਲਾਉਣ ਦੇ ਕੰਮ ਆਉਣਗੇ। ਲੋਕ ਭਲਾਈ ਅਤੇ ਪੈਸਾਮੁਖੀ ਸੋਚ ਦੇ ਬੰਦਿਆਂ ਨੇ ਆਪਣੇ ਆਪਣੇ ਹਿਸਾਬ ਨਾਲ ਬਿਜਲਈ ਮੰਡੀ ਦੇ ਆਉਣ ਵਾਲੇ ਨਤੀਜਿਆਂ ਨੂੰ ੧੯੪੦ (1940) ਤੋਂ ਪਹਿਲਾਂ ਸਮਝ ਲਿਆ ਸੀ।

ਨਾਟਕ ਅਤੇ ਪਰਛਾਵੇਂ ਮੂਲ ਰੂਪ ਵਿਚ ਮਨੋਰੰਜਨ ਦਾ ਸਾਧਨ ਹਨ। ਇਹਨਾਂ ਰਾਹੀਂ ਜੋ ਵੀ ਪੇਸ਼ ਹੋਏਗਾ ਆਖਰ ਨੂੰ ਉਹ ਮਜਾਕ ਬਣੇਗਾ। ਬਿਜਲ ਪਰਛਾਵੇ ਰਾਹੀ ਧਰਮ ਪੇਸ਼ ਕਰਨ ਦੀ ਪੱਥਰ ਵਰਗੀ ਠੋਸ ਮਿਸਾਲ ਹਨ; ਚਾਰ ਸਾਹਿਬਜਾਦੇ ਫਿਲਮਾਂ। ਇਹਨਾਂ ਫਿਲਮਾਂ ਵਿਚ ਸਾਹਿਬਜਾਦੇ ਮਜਾਕ ਕਰਦੇ ਵੀ ਹਨ ਅਤੇ ਉਹ ਮਜਾਕ ਦੇ ਪਾਤਰ ਬਣ ਕੇ ਦਰਸ਼ਕਾਂ ਅੰਦਰ ਹਾਸੇ ਪੈਦਾ ਕਰਨ ਦੇ ਕੰਮ ਵੀ ਆਉਂਦੇ ਹਨ। ਸਿੱਖਾਂ ਦੀਆਂ ਅੱਖਾਂ ਸਾਹਮਣੇ ਧਰਮ ਦੇ ਪਰਚਾਰ ਦੇ ਨਾਂ ਹੇਠ ਸ਼ਹੀਦਾਂ ਦਾ ਮਜਾਕ ਬਣਿਆ। ਛੋਟੀਆਂ ਜਿੰਦਾਂ ਵੱਡੇ ਸਾਕੇ ਦੇ ਬਾਬਿਆਂ ਦਾ ਮਜਾਕ ਉਡਿਆ। ਪਹਿਲੇ ਸਿੱਖ ਬਾਦਸ਼ਾਹ, ਜਰਨੈਲ ਅਤੇ ਸ਼ਹੀਦ ਦਾ ਵੀ ਮਜਾਕ ਉਡਿਆ। ਪਿਛਲੀਆਂ ਤਿੰਨ ਸਦੀਆਂ ਵਿੱਚ ਕਦੇ ਕਿਸੇ ਸਿੱਖ ਨੇ ਘਰ ਅੰਦਰ ਜਾਂ ਲੋਕਾਂ ਵਿਚ ਸਾਹਿਬਜਾਦਿਆਂ ਦੇ ਨਾਮ ਤੇ ਮਜਾਕ ਕਰਨ ਦਾ ਸੁਪਨਾ ਵੀ ਨਹੀਂ ਲਿਆ ਸੀ। ਪਰਛਾਵੇ ਦੀ ਤਕਨੀਕ ਦੇ ਉਤਮ ਹੋਣ ਦਾ ਭਰਮ ਏਡਾ ਕਹਿਰਵਾਨ ਸੀ ਕਿ ਲੋਕ ਸ਼ਹੀਦਾਂ ਨਾਲ ਮਜਾਕ ਵਾਲੇ ਜਹਿਰ ਨੂੰ ਵੀ ਸ਼ਹਿਦ ਵਾਂਗ ਸੰਘੋਂ ਹੇਠ ਲੰਘਾ ਗਏ। ਫਿਲਮ ਵਿਰੁੱਧ ਬੋਲਣ ਵਾਲੇ ਲੋਕ ਨੂੰ ਪਿਛਾਂਹਖਿਚੂ ਜਾਂ ਕਟੜਪੰਥੀ ਦੱਸਿਆ। ਸ਼ਹੀਦਾਂ ਦੇ ਨਾਮ ਦੀ ਉਹ ਪਵਿੱਤਰਤਾ, ਜੀਹਦੇ ਲਈ ਜੀਵਿਆ ਅਤੇ ਮਰਿਆ ਜਾਂਦਾ ਸੀ ਉਹ ਹਾਸੇ ਦੇ ਕੰਮ ਆ ਗਈ। ਜਿਹੜੀ ਗੱਲ ਪਦਾਰਥਵਾਦੀ ਲੋਕਾਂ ਨੂੰ ਵੀ ਸਮਝ ਆ ਗਈ ਸੀ ਉਹ ਗੱਲ ਧਾਰਮਿਕਾਂ ਨੂੰ ਪਰਛਾਵੇਕਾਰੀ ਦੇ ਉੱਤਮ ਸਾਧਨ ਹੋਣ ਦੇ ਭਰਮ ਕਰਕੇ ਸਮਝ ਨਹੀਂ ਆਈ। ਓਹ ਨਹੀਂ ਜਾਣ ਸਕੇ ਕਿ ਮੰਡੀ ਨੇ ਧਰਮ ਪਰਚਾਰ ਦੇ ਨਾਂ ਹੇਠ ਪਵਿਤਰਤਾ ਨਾਲ ਮਨੋ ਰੰਜਨ ਕਰ ਲਿਆ। ਵੇਖਣ ਵਾਲ਼ਿਆਂ ਸਿੱਖਾਂ ਦੇ ਮਨ ਵਿੱਚ ਸ਼ਾਹਿਬਜਾਦੇ ਅਰਦਾਸ ਵਿਚਲੇ ਪਹਿਲੀ ਕਤਾਰ ਦੇ ਸ਼ਹੀਦਾਂ ਤੋਂ ਬਿਜਲ ਪਰਛਾਵੇ ਬਣ ਗਏ। ਹੁਣ ਓਹਨਾ ਦਾ ਚੇਤੇ ਮੁੜ ਅਸਲੀ ਅਹਿਸਾਸ ਲਈ ਸ਼ਾਇਦ ਹੀ ਕਦੇ ਏਹਨਾ ਬੁੱਤਾਂ ਤੋਂ ਮੁਕਤ ਹੋਣਗੇ।

ਗੁਰੂ ਸਾਹਿਬ ਨੇ ਜਿਹੜੇ ਲੋਕਾਂ ਨੂੰ ਕੁੱਲ ਸੰਸਾਰ ਦੇ ਮਾਇਅਵੀ ਰੂਪ ਤੋਂ ਸੁਚੇਤ ਕੀਤਾ ਸੀ, ਉਹ ਪਰਛਾਵੇ ਦੀ ਪੈੜ ਵਿਚ ਹੀ ਉਲਝ ਗਏ। ਸੱਚ ਅਤੇ ਪਵਿੱਤਰਤਾ ਨੂੰ ਆਪਣੀ ਅਕਲ ਦੇ ਜੋਰ ਨਾਲ ਪਰਛਾਵੇ ਵਿੱਚ ਬੰਨ੍ਹਣ ਦੇ ਭਰਮ ਵਿਚ ਖੁਸ਼ ਹਨ। ਕੌਣ ਜਾਣਦਾ ਸੀ ਕਿ ਅਜਿਹਾ ਵੇਲਾ ਵੀ ਆਏਗਾ ਕਿ ਸਿੱਖ ਆਪ ਹੀ ਗੁਰੂ ਅਤੇ ਸ਼ਹੀਦਾਂ ਦੇ ਬੁਤ ਸਾਜਣਗੇ। ਗੁਰੂ ਸ਼ਬਦ ਨੂੰ ਸੁਣਨ ਦੀ ਥਾਂ ਸੰਦਾਂ ਦੀ ਅਵਾਜ ਨੂੰ ਗੁਰੂ ਸਾਹਿਬ ਅਤੇ ਸ਼ਹੀਦਾਂ ਦੀ ਅਵਾਜ ਜਾਨਣਗੇ। ਪਰ ਇਤਿਹਾਸ ਇਹ ਜਾਣਦਾ ਹੈ ਕਿ ਜਦੋਂ ਬੰਦੇ ਦੀ ਹਉਮੈ ਧਰਤੀ ਦੀਆਂ ਚੁੰਹਾਂ ਕੂੰਟਾਂ ਤੋਂ ਪਾਰ ਅਸਮਾਨ ਤੱਕ ਚੜ੍ਹਦੀ ਹੈ ਤਾਂ ਉਹ ਆਪਣੇ ਹੱਥੀ ਆਪਣੇ ਪੂਜਣਯੋਗ ਦੀ ਤੋਰ ਸਿਰਜਣ ਦਾ ਅਤਿ ਮਾੜਾ ਕਰਮ ਕਰਦੀ ਹੈ। ਉਦੋਂ ਲੋਕ ਆਪਣੀ ਜਿੰਦਗੀ ਦੇ ਬੇਭਾਗੇ ਪਲਾਂ ਨੂੰ ਬੜਾ ਅਹਿਮ ਸਮਝਣ ਲਗਦੇ ਹਨ ਜਦੋਂ ਕਲਪਨਾ ਰਾਹੀਂ ਰੱਬਤਾ ਨੂੰ ਆਪਣੀ ਮੁੱਠੀ ਵਿੱਚ ਫੜਣ ਦੀ ਕੋਸ਼ਿਸ਼ ਕਰਦੇ ਹਨ।

ਜੇ ਬੰਦੇ ਦੀ ਧਰਮ ਭਾਵਨਾ ਸੱਚੀ ਹੋਵੇ ਤਾਂ ਉਹ ਅਸੂਲਾਂ ਦਾ ਪਰਚਾਰ ਆਪਣੇ ਬੋਲਾਂ ਅਮਲਾਂ ਨਾਲ ਕਰਦਾ ਹੈ। ਇਹ ਗੱਲ ਸੱਜਰੇ ਇਤਿਹਾਸ ਵਿੱਚ ਬਹੁਤ ਚੰਗੀ ਤਰ੍ਹਾਂ ਪਰਗਟ ਹੋਈ ਹੈ ਕਿ ਜਿਹੜੇ ਲੋਕਾਂ ਨੇ ਧਰਮ ਨੂੰ ਇਤਿਹਾਸ ਰੂਪ ਵਿੱਚ ਜਾਣਿਆ ਸੀ ਉਹ ਧਰਮ ਨਹੀਂ ਨਿਭਾ ਸਕੇ। ਜਿਹੜੇ ਲੋਕਾਂ ਨੂੰ ਗੁਰੂ ਨਾਨਕ ਸਾਹਿਬ ਦੇ ਮਾਤਾ ਪਿਤਾ ਦਾ ਨਾਂ ਵੀ ਨਹੀਂ ਪਤਾ ਸੀ ਉਹ ਆਪਣਾ ਜੀਵਨ ਸ਼ਰਧਾ ਦੇ ਅਹਿਸਾਸ ਵਿੱਚ ਹੀ ਲੇਖੇ ਲਾ ਗਏ। ਧਰਮ ਉਹਨਾਂ ਲਈ ਜੀਵਨ ਅਮਲ ਸੀ। ਧਰਮ ਦਾ ਫੈਲਾਅ ਸਦਾ ਹੀ ਅਮਲ ਤੋਂ ਹੁੰਦਾ ਹੈ। ਇਕ ਧਰਮ ਨੂੰ ਮੰਨਣ ਵਾਲਾ ਦੂਜੇ ਦੇ ਧਰਮ ਨੂੰ ਇਤਿਹਾਸ ਰੂਪ ਰਾਹੀਂ ਹੀ ਜਾਣਦਾ ਹੈ ਪਰ ਜੇ ਕੋਈ ਆਪਣੇ ਧਰਮ ਨੂੰ ਹੀ ਇਤਿਹਾਸ ਰੂਪ ਵਿਚ ਦੱਸਣ ਲੱਗੇ ਤਾਂ ਇਹ ਪਰਚਾਰ ਨਹੀਂ ਹੁੰਦਾ, ਸਗੋਂ ਆਪਣੇ ਧਰਮ ਨੂੰ ਕਿਸੇ ਰਾਜਸੀ ਜਾਂ ਵਪਾਰਕ ਮੰਡੀ ਦੀ ਲੋੜ ਦੇ ਪੱਧਰ ਤੇ ਲਿਆਉਣਾ ਹੁੰਦਾ ਹੈ। ਦੁਨਿਆਵੀ ਬਿਰਤੀ ਬਿਨਾ ਕੋਈ ਵੀ ਬੰਦਾ ਪਵਿੱਤਰ ਨੂੰ ਕੈਦ ਕਰਨ ਦਾ ਭਰਮ ਨਹੀਂ ਪਾਲ਼ਦਾ ਅਤੇ ਨਾ ਹੀ ਇਸਨੂੰ ਮਨੋਰੰਜਨ ਸਮਝ ਸਕਦਾ ਹੈ।

**ਕਿਰਦਾਰ ਅਤੇ ਪਰਚਾਰ**

ਜਦ ਤੋਂ ਮਨੁਖ ਧਰਮ ਦੇ ਰਾਹ ਪਿਆ ਹੈ ਅਮਲੀ ਕਿਰਦਾਰ ਹੀ ਪਰਚਾਰ ਦਾ ਅਸਲੀ ਤੇ ਵੱਡਾ ਸਾਧਨ ਰਿਹਾ ਹੈ ਪਰ ਅਸਲੀ ਸਵਾਲ ਇਹ ਹੈ ਕਿ ਨਵੀਂ ਤਕਨੀਕ ਨਾਲ ਪਰਚਾਰ ਕਰਨ ਦੀ ਗੱਲ ਕਿਸੇ ਸਿੱਖ ਨੂੰ ਜਚੀ ਕਿਵੇਂ ? ਕੋਈ ਧਰਮ ਪਰਚਾਰ ਕਰਨ ਲਈ ਧਰਮ ਨੂੰ ਇਤਿਹਾਸ ਵਿੱਚ ਉਤਾਰ ਕੇ ਪੇਸ਼ ਕਿਉਂ ਕਰਦਾ ਹੈ ? ਅੰਗਰੇਜਾਂ ਵੇਲੇ ਜੋ ਨਵੇਂ ਤਰੀਕੇ ਅਪਣਾਏ ਸਨ ਓਹਨਾ ਦੀ ਗੱਲ ਪਿਛੇ ਹੋ ਗਈ ਹੈ। ਅੰਗਰੇਜਾਂ ਤੋਂ ਪਹਿਲਾਂ ਅਤੇ ਓਹਨਾ ਤੋਂ ਬਾਅਦ ਵੀ ਸਿੱਖੀ ਦਾ ਅਸਲ ਪਰਚਾਰ ਕਿਰਦਾਰ ਰਾਹੀਂ ਹੀ ਹੋਇਆ ਹੈ। ਜੇ ਅਤਿ ਬਿਖੜੇ ਵੇਲੇ ਵੀ ਅਸੀਂ ਕਿਰਦਾਰ ਸਿਰ ਜੀਏ ਤੇ ਵਧੇ ਤਾਂ ਹੁਣ ਝੂਠ ਦਾ ਆਸਰਾ ਕਿਉਂ ?

ਆਪਣੇ ਜੀਵਨ ਅਮਲ ਨੂੰ ਸਹੀ ਕੀਤੇ ਬਿਨਾ ਦੂਜਿਆਂ ਦੇ ਮੁਕਾਬਲੇ ਜਾਂ ਸਾਹਮਣੇ ਆਪਣਾ ਸਹੀ ਬਿੰਬ ਕਿਵੇਂ ਬਣਾ ਸਕਦੇ ਹਾਂ ? ਇਤਿਹਾਸ ਦੇ ਫੈਲਾਅ ਦੀ ਤਸਵੀਰ ਅਸੀਂ ਹੋਰਾਂ ਨੂੰ ਜਾਂ ਆਪਣੀ ਅਗਲੀ ਪੀੜ੍ਹੀ ਨੂੰ ਵਿਖਾ ਕੇ ਆਪਣੇ ਅੱਜ ਨੂੰ ਕਿਵੇਂ ਬਦਲ ਦਿਆਂਗੇ ? ਮਨੁੱਖੀ ਜਾਂ ਮਸ਼ੀਨੀ ਪਰਚਾਰ ਨਾਲ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਵੀ ਕਿੰਨਾ ਕੁ ਸਿਖਿਅਤ ਕਰ ਸਕਾਂਗੇ ? ਸਾਡਾ ਜੀਵਨ ਸਾਡੇ ਬੱਚਿਆਂ ਸਾਹਮਣੇ ਜਿਉਂਦੀ ਜਾਗਦੀ ਮਿਸਾਲ ਹੈ। ਸਾਡਾ ਅਮਲ, ਸਾਡੀ ਕਲਪਨਾ ਦੀ ਗਿਣਤੀ ਮਿਣਤੀ ਵਿਚੋਂ ਪੈਦਾ ਹੋਏ ਪਰਛਾਵਿਆਂ ਨਾਲੋਂ ਕਿਤੇ ਵਧੇਰੇ ਅਸਰਦਾਰ ਰਹੇਗਾ। ਅਸੀਂ ਕਿਸੇ ਵੀ ਹੋਰ ਚੀਜ ਨਾਲ ਆਪਣੇ ਜੀਵਨ ਅਮਲ ਦੀ ਸਚਾਈ ਨੂੰ ਨਹੀਂ ਬਦਲ ਸਕਦੇ, ਖਾਸ ਕਰਕੇ ਓਹਨਾ ਸਾਧਨਾਂ ਦੀ ਵਰਤੋਂ ਨਾਲ, ਜਿਹੜੇ ਮੁੱਖ ਰੂਪ ਵਿਚ ਮਨੋਰੰਜਨ ਦੇ ਸਾਧਨ ਹਨ। ਮਨੋਰੰਜਨ ਦੇ ਸਾਧਨਾਂ ਰਾਹੀਂ ਜਦੋਂ ਆਪਣੇ ਬੱਚਿਆਂ ਸਾਹਮਣੇ ਇਤਿਹਾਸ ਪੇਸ਼ ਕਰਾਂਗੇ ਤਾਂ ਹਾਸੀ ਹੀ ਉਡੇਗੀ। ਸਾਨੂੰ ਸਾਡੇ ਬੱਚਿਆਂ ਸਾਹਮਣੇ ਮਨੋਰੰਜਨੀ ਚੀਜਾਂ ਚੰਗਾ ਕਿਵੇਂ ਬਣਾ ਦੇਣਗੀਆਂ ? ਬੱਚੇ ਨੇ ਮਾਪਿਆਂ ਅਤੇ ਵਡਾਰੂਆਂ ਤੋਂ ਹੀ ਜਿੰਦਗੀ ਦੇ ਅਸਲੀ ਮਾਪਦੰਡ ਸਿਖਣੇ ਹੁੰਦੇ ਹਨ। ਅਸੀਂ ਜੋ ਘਰਾਂ ਵਿਚ, ਗੁਰੂ ਘਰਾਂ ਵਿੱਚ ਅਤੇ ਸਮਾਜ ਵਿੱਚ ਕਰਦੇ ਹਾਂ ਉਹ ਅਸਲੀ ਪਰਚਾਰ ਹੈ, ਜੋ ਸਾਡੀ ਅਗਲੀ ਪੀੜ੍ਹੀ ਨੂੰ ਸੇਧ ਦੇਵੇਗਾ। ਸਾਨੂੰ ਇਹ ਸਚਾਈ ਦਾ ਸਾਹਮਣਾ ਕਰਨਾ ਚਾਹੀਦਾ ਹੈ। ਸਾਡੇ ਅਮਲ ਸਾਡੇ ਬੱਚਿਆਂ ਤੋਂ ਅਤੇ ਅੱਜ ਦੇ ਵੇਲੇ ਗੈਰਾਂ ਤੋਂ ਵੀ ਕਿਵੇਂ ਲੁਕ ਸਕਦੇ ਹਨ ਅਤੇ ਲੁਕਾਉਣੇ ਵੀ ਕਿਉਂ ਚਾਹੀਦੇ ਨੇ ?

19ਵੀਂ ਸਦੀ ਵਿੱਚ ਵੀ ਸਿੱਖਾਂ ਅਤੇ ਅੰਗਰੇਜਾਂ ਦੀਆਂ ਜੰਗਾਂ ਦੀਆਂ ਖਬਰਾਂ ਦੂਰ ਬੈਠੇ ਕਾਰਲ ਮਾਰਕਸ ਤੱਕ ਪਹੁੰਚੀਆਂ। ਜਿਹੜਾ ਬੰਦਾ ਸਾਰੀ ਜਿੰਦਗੀ ਕਿਸੇ ਸਿੱਖ ਨੂੰ ਨਹੀਂ ਸੀ ਮਿਲਿਆ ਅਤੇ ਧਰਮ ਨੂੰ ਮਨੁੱਖਤਾ ਲਈ ਮਾੜਾ ਮੰਨਦਾ ਸੀ ਉਹ ਵੀ ਇਕ ਘੜੀ ਸਿੱਖਾਂ ਦਾ ਪਰਸੰਸਕ ਹੋਇਆ, ਪਰ ਕਿਹੜੀ ਗੱਲ ਕਰਕੇ ? ਜੇ ਬਾਹਰਲੇ ਮੁਲਕਾਂ ਵਿੱਚ ਅੱਜ ਸਿੱਖਾਂ ਦੀ ਕੋਈ ਗੱਲ ਕਰਦਾ ਜਾਂ ਸੁਣਦਾ ਹੈ ਤਾਂ ਡੁੱਲੇ ਹੋਏ ਅਤੇ ਡੁੱਲ ਰਹੇ ਖੂਨ-ਪਸੀਨੇ ਕਰਕੇ, ਕਿਰਦਾਰ ਦੀ ਉਚਾਈ ਕਰਕੇ ਕਰਦਾ ਹੈ। ਸੰਸਾਰ ਜੰਗਾਂ ਵੇਲੇ ਸਿੱਖ ਫੌਜੀਆਂ ਦੇ ਨਿੱਜੀ ਕਿਰਦਾਰ ਕਰਕੇ ਜਾਂ ਅਜੋਕੇ ਸਮੇਂ ਵਿੱਚ ਦਰਬਾਰ ਸਾਹਿਬ ਦੀ ਰਾਖੀ ਲਈ ਜੂਝਣ ਵਾਲਿਆਂ ਕਰਕੇ ਜਾਂ ਲਾਵਾਰਸ ਲਾਸ਼ਾਂ ਬਣ ਗਏ ਲੋਕਾਂ ਕਰਕੇ ਸਿੱਖਾਂ ਦੀ ਗੱਲ ਹੁੰਦੀ ਹੈ ਨਾ ਕਿ ਕਿਸੇ ਪਰਚਾਰ ਦੇ ਅਸਰ ਕਰਕੇ।

ਇਹ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਪਵਿੱਤਰਤਾ ਦੇ ਕਿਲੇ ਨੇ ਹੀ ਸਿੱਖਾਂ ਨੂੰ ਦੁਨੀਆ ਦੀ ਮਾਰ ਤੋਂ ਬਚਾਇਆ ਹੋਇਆ ਹੈ। ਭਾਰਤ ਸਮੇਤ ਦੁਨੀਆ ਵਿਚ ਕਿੰਨੇ ਮੁਲਕਾਂ ਵਿੱਚ ਸਿੱਖ ਆਪਣੀ ਪੱਗ, ਕੜੇ ਅਤੇ ਕਿਰਪਾਨ ਲਈ ਅੱਜ ਤੱਕ ਜੂਝ ਰਹੇ ਹਨ। ਜੇ ਸਾਡੀ ਪਛਾਣ ਦੁਨੀਆ ਵਿੱਚ ਸਾਡੇ ਲਈ ਮੁਸ਼ਕਲ ਬਣ ਰਹੀ ਹੈ ਤਾਂ ਇਹ ਮੁਸ਼ਕਲ ਦਾ ਇਲਾਜ ਨਵੀਂ ਮੁਸ਼ਕਲ ਸਹੇੜ ਕੇ ਨਹੀਂ ਹੋ ਸਕਦਾ। ਦੂਜੇ ਪਾਸੇ ਰਾਜਨੀਤੀ ਅਤੇ ਵਪਾਰ ਦੇ ਨੀਤੀਵਾਨਾਂ ਨੂੰ ਪਹਿਲਾਂ ਹੀ ਪਤਾ ਹੈ ਕਿ ਧਰਮ ਦਾ ਕਿਲਾ ਜਦੋਂ ਵੀ ਟੁਟੇਗਾ ਅੰਦਰੋਂ ਹੀ ਟੁਟੇਗਾ। ਬਾਹਰੋਂ ਹੋਏ ਹਮਲੇ ਇਹਨੂੰ ਸਿਰਫ ਮਜਬੂਤ ਕਰਦੇ ਹਨ। ਜੇ ਸਿੱਖ ਆਪਣੀ ਪਵਿੱਤਰਤਾ ਦੇ ਕਿਲੇ ਵਿਚੋਂ ਆਪ ਬਾਹਰ ਨਹੀਂ ਨਿਕਲਦੇ, ਉਹਨਾਂ ਅੰਦਰ ਗੁਰੂ ਸ਼ਰਧਾ ਦੀ ਥਾਂ ਮੰਡੀ ਦੀ ਤਾਂਘ ਪੈਦਾ ਨਹੀਂ ਹੁੰਦੀ, ਤਾਂ ਓਹਨਾ ਨੂੰ ਕੋਈ ਹਰਾ ਨਹੀਂ ਸਕਦਾ, ਸਿਰਫ ਜੁਲਮ ਹੀ ਕਰ ਸਕਦਾ ਹੈ। ਅਟੁੱਟ ਨਿਸ਼ਚਾ ਜੁਲਮ ਨਾਲ ਹਮੇਸ਼ਾ ਨਿਖਰਦਾ ਹੀ ਹੈ। ਜਿੰਨਾ ਚਿਰ ਸਿੱਖ ਬੰਦ ਅੱਖਾਂ ਨਾਲ ਗੁਰੂ ਦਾ ਧਿਆਨ ਧਰਦਾ ਹੈ ਉਹ ਅਜਿੱਤ ਹੈ। ਉਹ ਦੁਨੀਆ ਤੋਂ ਅੱਗੇ ਪਿਛੇ ਨਹੀਂ ਸਗੋਂ ਉਸ ਤੋਂ ਨਿਆਰਾ ਹੈ। ਜਦੋਂ ਸਿੱਖ ਨੇ ਗੁਰੂ ਨੂੰ ਅਕਾਰ ਵਿਚ ਢਾਲਣ ਦਾ ਪਾਪ ਕੀਤਾ, ਉਹਦੇ ਲਈ ਗੁਰੂ ਦਾ ਨੂਰ ਮਨੁੱਖ ਦੇਹੀ ਵਰਗੇ ਬੁੱਤ ਵਿਚ ਬਦਲ ਜਾਏਗਾ ਅਤੇ ਪਵਿੱਤਰਤਾ ਦਾ ਕਿਲਾ ਅਲੋਪ ਹੋ ਜਾਏਗਾ। ਫਿਰ ਉਹ ਗੁਰੂ ਲਈ ਮਰੇਗਾ ਨਹੀਂ ਸਗੋਂ ਉਹਦੇ ਅੰਦਰੋਂ ਗੁਰੂ ਦਾ ਉਚਾ ਸੁੱਚਾ ਪਿਆਰ ਮਰੇਗਾ। ਉਹ ਆਪਣੇ ਆਪ ਲਈ ਜੀਏਗਾ ਪਰ ਗੁਰੂ ਲਈ ਨਹੀਂ ਜੀਏਗਾ। ਇਹ ਪਵਿੱਤਰਤਾ ਦੇ ਕਿਲੇ ਨੂੰ ਸਿੱਖ ਆਪਣੀ ਬੇਪਰਵਾਹੀ ਨਾਲ ਵਾਰ ਵਾਰ ਭੁੱਲਦੇ ਹਨ ਪਰ ਸਾੜੇ ਵਾਲਿਆਂ ਨੂੰ ਇਹ ਗੱਲ ਸਦਾ ਯਾਦ ਰਹਿੰਦੀ ਹੈ ਕਿ ਸਿੱਖਾਂ ਲਈ ਜਿੰਨਾ ਚਿਰ ਗੁਰੂ ਅਕਾਲ ਹੈ ਓਹਨਾ ਨੂੰ ਕਾਲ ਦੀਆਂ ਕੁੱਲ ਤਕਲੀਫਾਂ ਭੱਠੀ ਦੀ ਅੱਗ ਹਨ ਜੋ ਓਹਨਾ ਦੇ ਕਿਰਦਾਰ ਨੂੰ ਨਿਖਾਰਦੀ ਹੈ।

**ਖੁਆਰ ਹੋਇ ਕੈ**

ਧਰਮ ਦੇ ਪੱਖ ਤੋਂ ਰੌਲ਼ਾ ਤਕਨੀਕ ਦਾ ਨਾ ਹੋਕੇ ਅਮਲ ਦਾ ਹੈ। ਤਕਨੀਕ ਦੀ ਵਰਤੋਂ ਵਪਾਰ ਅਤੇ ਰਾਜਨੀਤਕ ਅਮਲ ਦੀ ਖਾਨਾਪੂਰਤੀ ਕਰ ਸਕਦੀ ਹੈ ਪਰ ਧਰਮ ਦੀ ਨਹੀਂ। ਵਪਾਰ ਜਾਂ ਰਾਜਨੀਤੀ ਦੀ ਲੋੜ ਜਾਂ ਸੌਖ ਕਿਸੇ ਵੀ ਨਾਂ ਹੇਠ ਅਤੇ ਕਿਸੇ ਵੀ ਤਰੀਕੇ ਪਵਿੱਤਰਤਾ ਦੇ ਰੁਤਬੇ ਅਤੇ ਅਮਲ ਦੀ ਲੋੜ ਨੂੰ ਘਟਾ ਜਾਂ ਖਪਾ ਨਹੀਂ ਸਕਦੇ। ਤਕਨੀਕ ਜਿਥੇ ਮਰਜੀ ਪਹੁੰਚ ਜਾਏ ਸਿੱਖ ਓਦੋਂ ਤੱਕ ਹੀ ਸਿੱਖ ਹੈ ਜਦੋਂ ਤੱਕ ਉਹ ਅਮਲੀ ਜਿੰਦਗੀ ਨਾਲ ਜੁੜਿਆ ਹੋਇਆ ਹੈ। ਸਿੱਖ ਨੇ ਗੁਰੂ ਦੇ ਦਰਸ਼ਨ ਸ਼ਬਦ ਰੂਪ ਵਿੱਚ ਹੀ ਕਰਨੇ ਹਨ ਅਤੇ ਗੁਰੂਘਰ ਵਿੱਚ ਸੰਗਤ ਰੂਪ ਵਿਚ ਕਰਨੇ ਹਨ, ਪੁਤਲੀਘਰ ਜਾਂ ਬਿਜਲ ਸੰਦ ਵਿਚ ਦਿਸਦੇ ਪਰਛਾਵੇ ਤੋਂ ਨਹੀਂ ਕਰਨੇ। ਗੁਰੂ ਨਾਨਕ ਸਾਹਿਬ ਦਾ ਨਾਮ ਬੇਸ਼ੱਕ ਇਤਿਹਾਸਕ ਤੌਰ ਤੇ ਮਾਨਤ ਹੈ ਪਰ ਸਿੱਖ ਲਈ ਇਹ ਨਾਮ ਧਰਮ ਰੂਪ ਵਿੱਚ ਹੀ ਅਰਥ ਰਖਦਾ ਹੈ। ਇਹ ਪਵਿੱਤਰ ਹੈ, ਰੱਬ ਰੂਪ ਹੈ, ਸ਼ਬਦ ਰੂਪ ਹੈ। ਸਿੱਖ ਲਈ ਧਰਮ ਅਤੇ ਧਰਮ ਇਤਿਹਾਸ ਸਭ ਸ਼ਬਦ ਹੀ ਹੈ। ਕਿਸੇ ਵੀ ਬੁੱਤ, ਤਸਵੀਰ ਜਾਂ ਪਰਛਾਵੇ ਨੂੰ ਗੁਰੂ ਜਾਂ ਸਹੀਦ ਦਾ ਰੂਪ ਕਹਿਣ ਤੋਂ ਵੱਡਾ ਗੁਨਾਹ ਹੋਰ ਕੋਈ ਨਹੀਂ ਹੈ।

ਜਿਹੜੇ ਲੋਕ ਰਹਿਤਨਾਮਿਆਂ ਵਿਚ ਗੁਰੂ ਦਰਸ਼ਨ ਦੇ ਦੱਸੇ ਰਾਹ ਨੂੰ ਭੁੱਲ ਕੇ ਬੁਤ ਦਰਸ਼ਨ ਅਤੇ ਪਰਛਾਵਿਆਂ ਦੀ ਹਿਲਜੁਲ ਵਿਚੋਂ ਗੁਰ ਦਰਸ਼ਨ ਲੱਭਣ ਲੱਗੇ ਹੋਏ ਹਨ ਅਤੇ ਜਿਹੜੇ ਗੁਰੂ ਦੇ ਵਚਨ ਮੰਨਣ ਅਤੇ ਗੁਰੂ ਦੇ ਨਾਮ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਅਮਲ ਨੂੰ ਧਾਰਨ ਨਾਲੋਂ ਓਹਨਾ ਦੇ ਪਰਛਾਵੇਂ ਬਣਾ ਕੇ ਵੇਖਣ ਵਿਖਾਉਣ ਲਗੇ ਹੋਏ ਹਨ, ਓਹ ਚਾਹੇ ਸਭ ਪਦਾਰਥ ਭੋਗ ਲੈਣ,ਸਮੇਂ ਦੀਆਂ ਸਰਕਾਰਾਂ ਓਹਨਾ ਨੂੰ ਵੱਡੇ ਇਨਾਮ, ਸੂਬੇਦਾਰੀਆਂ ਜਾਂ ਵਜੀਰੀਆਂ ਦੇ ਦੇਣ, ਪਰ ਓਹਨਾ ਦੇ ਅਮਲ ਦਾ ਅਸਲ ਲੇਖਾ ਧਰਮ ਸੱਚ ਨਾਲ ਹੋਣਾ ਹੈ ਅਤੇ ਇਹ ਅਸਲੀ ਫੈਸਲਾ ਗੁਰੂ ਪੰਥ ਨੇ ਆਪ ਹੀ ਕਰਨਾ ਹੈ ਕਿ 'ਖੁਆਰ ਹੋਇ ਸਭ ਮਿਲੇਗੇ' ਜਾਂ ਫਿਰ 'ਆਕੀ ਰਹੇ ਨਾ ਕੋਇ'।

# Classified


## ਕੁੱਕ ਅਤੇ ਵੇਟਰ ਦੀ ਲੋੜ

ਸਮਰੱਥ ਰੈਸਟੋਰੈਂਟ, ਲਾਸ ਏਂਜਲਸ, ਕੈਲੀਫੋਰਨੀਆਂ-91335 ਵਾਸਤੇ ਉੱਤਰੀ ਭਾਰਤ ਦੇ ਖਾਣੇ ਬਣਾਉਣ ਵਿੱਚ ਮਾਹਿਰ ਕੁੱਕ ਅਤੇ ਵੇਟਰ ਦੀ ਜਰੂਰਤ ਹੈ। ਇਸ ਤੋਂ ਇਲਾਵਾ ਚਾਈਨੀਜ਼ ਖਾਣੇ ਬਣਾਉਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।

ਹੋਰ ਜਾਣਕਾਰੀ ਲਈ ਕਾਲ ਕਰੋ:

(747) 224-1079

ਜਾਂ ਈਮੇਲ :

samrathrestaurant@gmail.com

## ਲੜਕੀ ਦੀ ਲੋੜ

ਲਾਸ ਏਂਜਲਸ ਵਿਚ ਰਹਿ ਰਹੇ ਗਰੀਨ ਕਾਰਡ ਹੋਲਡਰ 6 ਫੁੱਟ ਦੇ 34 ਸਾਲਾ ਜੱਟ ਸਿੱਖ ਲੜਕੇ ਗੋਤ ਵਿਰਕ, 10+2 ਪਾਸ, ਟਰੱਕ ਡਰਾਈਵਰ ਲਈ ਕੱਚੀ ਜਾਂ ਪੱਕੀ ਲੜਕੀ ਦੀ ਲੋੜ ਹੈ। ਕੈਨੇਡਾ ਜਾਂ ਅਮਰੀਕਾ ਰਹਿ ਰਹੀ ਲੜਕੀ ਨੂੰ ਤਰਜੀਹ।

ਸੰਪਰਕ ਕਰੋ : 909-210-6379

ਈਮੇਲ : palwinderusa3@gmail.com

**For Classified Contact**

**510.240.5949**


## ਗੁਰੂ ਦੇ ਲੰਗਰ ਉਤੇ ਕੇਂਦਰ ਦੀ ਜੀਐਸਟੀ 'ਮਾਫ਼ੀ' ਲਾਗੂ ਹੋਣ ਬਾਰੇ ਭੰਬਲਭੂਸਾ ਵਧਿਆ

ਵੇਰਵਾ ਸ਼ਾਮਲ ਨਹੀਂ ਹੈ। ਅਜਿਹੇ ਵਿਚ ਸਿੱਖ ਸਿਧਾਂਤ ਮੁਤਾਬਕ ਲੰਗਰ ਪ੍ਰਥਾ ਦਾ ਮਹਾਨ ਪਿਛੋਕੜ ਹੈ। ਇਹ ਕਿਸੇ ਸਰਕਾਰ, ਸਟੇਟ, ਸੰਸਥਾਨ ਦੇ ਰਹਿਮੋ ਕਰਮ ਉਤੇ ਚਲਾਈ ਜਾਂਦੀ, ਮਹਿਜ਼ ਕੋਈ 'ਮੁਫ਼ਤ ਭੋਜਨ ਵੰਡ' ਪ੍ਰੀਕਿਰਿਆ ਨਹੀਂ ਹੈ।

ਅਜਿਹੇ ਵਿਚ ਘੱਟੋ ਘਟ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਤਹਿਤ ਆਉਂਦੇ ਗੁਰਦੁਆਰਿਆਂ ਦੇ ਲੰਗਰ ਲਈ 'ਕੁਝ ਚੋਣਵੀਆਂ ਵਸਤਾਂ-ਰਸਦਾਂ ਉਤੇ ਬਾਅਦ ਵਿਚ ਅਦਾਇਗੀ ਯੋਗ' ਇਹ 'ਵਿੱਤੀ ਸਹਾਇਤਾ ਲੈਣ ਲਈ ਨਿਯਮਾਂ ਮੁਤਾਬਕ ਸ਼੍ਰੋਮਣੀ ਕਮੇਟੀ ਨੂੰ ਜਾਂ ਤਾਂ ਸਰਕਾਰ ਕੋਲ ਬਤੌਰ ਇਕ 'ਚੈਰੀਟੇਬਲ ਧਾਰਮਕ ਸੰਸਥਾਨ' ਸੁਆਸਿਟੀਜ਼ ਜਾਂ ਕਿਸੇ ਅਜਿਹੇ ਹੋਰ ਸੰਸਥਾਨ ਵਜੋਂ ਰਜਿਸਟਰਡ ਹੋਣਾ ਪਵੇਗਾ। ਅਜਿਹੇ ਵਿਚ ਸ਼੍ਰੋਮਣੀ ਕਮੇਟੀ ਦੀ ਸੰਵਿਧਾਨਕ ਸਥਿਤੀ/ਹੈਸੀਅਤ ਕੀ ਬਣਦੀ ਹੈ, ਇਹ ਅਪਣੇ ਆਪ 'ਚ ਇਕ ਵੱਖਰੀ ਬਹਿਸ ਦਾ ਵਿਸ਼ਾ ਹੋਵੇਗਾ।

ਦੂਜਾ ਇਹ ਵਿੱਤੀ ਸਹਾਇਤਾ ਹਾਲ ਦੀ ਘੜੀ ਮਹਿਜ ਦੋ ਵਿਤੀ ਵਰ੍ਹਿਆਂ ਲਈ ਅਤੇ ਮਹਿਜ 325 ਕਰੋੜ ਦੇ ਕੁੱਲ ਬਜਟ ਵਾਲੀ ਹੈ, ਜਿਸ ਤਹਿਤ ਉਕਤ ਸ਼ਰਤਾਂ ਤਹਿਤ ਮੁਫ਼ਤ ਭੋਜਨ ਵੰਡ ਰਹੀਆਂ ਉਹ ਸਮੂਹ ਚੈਰੀਟੇਬਲ ਧਾਰਮਕ ਸੰਸਥਾਵਾਂ ਦਾ 'ਘਰ ਪੂਰਾ' ਕੀਤਾ ਜਾਣਾ ਹੈ, ਜੋ ਉਕਤ ਫ਼ੈਸਲੇ ਤਹਿਤ ਯੋਗ ਪਾਈਆਂ ਜਾਂਦੀਆਂ ਹਨ। ਇਸ ਦਾ ਇਕ ਹੋਰ ਅਹਿਮ ਪਹਿਲੂ ਇਹ ਹੈ ਕਿ ਇਹ ਫ਼ੈਸਲਾ ਕੇਂਦਰੀ ਸਭਿਆਚਾਰਕ ਮੰਤਰਾਲੇ ਦਾ ਹੈ ਜਿਸ ਦਾ ਕਿ ਧਾਰਮਕ ਖ਼ਾਸਕਰ ਸਿੱਖ ਗੁਰੂਘਰਾਂ ਦੇ ਲੰਗਰ ਨਾਲ ਕੋਈ ਦੂਰ ਨੇੜੇ ਦਾ ਵੀ ਲੈਣਾ ਦੇਣਾ ਨਹੀਂ ਹੈ।

ਆਖ਼ਰ ਨੂੰ ਜੇਕਰ ਸਿੱਖ ਗੁਰੂ ਘਰ ਇਸ ਯੋਜਨਾ ਲਈ ਕਿਸੇ ਨਾ ਕਿਸੇ ਪੱਧਰ ਉਤੇ ਜਾ ਕੇ 'ਯੋਗ' ਵੀ ਬਣ ਜਾਂਦੇ ਹਨ ਤਾਂ 'ਲੰਗਰ-ਸਟੋਰ ਘਰਾਂ' 'ਚ ਕੇਂਦਰ ਸਰਕਾਰ ਦਾ ਸਿੱਧਾ ਦਖ਼ਲ ਤੈਅ ਹੈ, ਕਿਉਂਕਿ ਵਿੱਤੀ ਸਹਾਇਤਾਂ ਲੈਣ ਲਈ ਵਿਸ਼ੇਸ਼ ਵਸਤਾਂ ਦਾ ਫ਼ੈਸਲਾ ਵੀ ਸਰਕਾਰ ਨੇ ਕਰਨਾ ਹੈ। ਲੰਗਰ ਲਾਉਣ ਵਾਲੀ ਸੰਸਥਾ ਪਹਿਲਾਂ ਉਨ੍ਹਾਂ ਵਸਤਾਂ ਦੀ ਆਪ ਖ਼ਰੀਦ ਕਰੇਗੀ ਫਿਰ ਵਿੱਤੀ ਸਹਾਇਤਾ ਹਿਤ ਬਿੱਲ ਸਰਕਾਰ ਨੂੰ ਭੇਜਿਆ ਜਾਵੇਗਾ, ਸੰਭਵ ਹੈ ਕਿ ਸਬੰਧਤ ਸਰਕਾਰੀ ਕਰਮਚਾਰੀ 'ਲੇਖਾ-ਜੋਖਾ' ਕਰ ਕੇ ਹੀ ਮਨਜ਼ੂਰ ਹੋਏ ਬਿੱਲ ਦੀ ਅਦਾਇਗੀ ਮੌਜੂਦ ਬਜਟ ਦੇ ਅਨੁਪਾਤ ਮੁਤਾਬਕ ਹੀ ਕਰਨਗੇ।

## ਇਟਲੀ ਦੇ ਗੁਰਦੁਆਰਿਆਂ 'ਚ ਸਾਕਾ ਨੀਲਾ ਤਾਰਾ ਨੂੰ ਸਮਰਪਿਤ ਸਮਾਗਮ ਹੋਏ

ਰੋਮ/ਬਿਊਰੋ ਨਿਊਜ਼ : ਇਟਲੀ ਦੇ ਵੱਖ ਵੱਖ ਗੁਰਦੁਆਰਿਆਂ ਵਿੱਚ ਸਾਕਾ ਨੀਲਾ ਤਾਰਾ ਅਤੇ 1984 ਦੇ ਸ਼ਹੀਦ ਸਿੰਘਾਂ ਦੀ ਯਾਦ ਨੂੰ ਤਾਜ਼ਾ ਕੀਤਾ ਗਿਆ। ਇਸ ਦੌਰਾਨ ਭਾਰਤ ਅਤੇ ਯੂਰੋਪ ਤੋਂ ਪਹੁੰਚੇ ਰਾਗੀ, ਢਾਡੀ, ਕਵੀਸ਼ਰੀ ਅਤੇ ਕੀਰਤਨੀ ਜੱਥਿਆਂ ਨੇ ਸੰਗਤ ਨੂੰ ਗੁਰਇਤਿਹਾਸ ਨਾਲ ਜੋੜਿਆ। ਵਿਚੈਂਸਾ ਸ਼ਹਿਰ ਦੇ ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਅਤੇ ਗੁਰਦੁਆਰਾ ਸ੍ਰੀ ਸਿੰਘ ਸਭਾ, ਗੁਰਦੁਆਰਾ ਸ੍ਰੀ ਗੁਰੂ ਰਾਮ ਦਾਸ, ਕਿਆਪੋ ਤੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਮਿਸ਼ਨ ਸੇਵਾ ਵਿਖੇ ਸੰਗਤ ਨਤਮਸਤਕ ਹੋਈ।



ਬੁਲਾਰਿਆਂ ਨੇ ਸਾਕਾ ਨੀਲਾ ਤਾਰਾ ਅਤੇ ਬੇਦੋਸ਼ੇ ਸਿੱਖਾਂ ਦੀ ਸ਼ਹਾਦਤ ਲਈ ਸਮੇਂ ਦੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ। ਸਮੂਹ ਗੁਰੂ ਘਰਾਂ ਦੀ ਪ੍ਰਬੰਧਕ ਕਮੇਟੀਆਂ ਵੱਲੋਂ ਜੱਥਿਆਂ ਨੂੰ ਸਿਰੋਪਾਉ ਭੇਟ ਕੀਤੇ ਗਏ ਤੇ ਲੰਗਰ ਵਰਤਾਇਆ ਗਿਆ।

## ਪੰਚਕੂਲਾ ਹਿੰਸਾ : ਹਨੀਪ੍ਰੀਤ ਨੂੰ ਨਹੀਂ ਮਿਲੀ ਜ਼ਮਾਨਤ

ਪੰਚਕੂਲਾ/ਬਿਊਰੋ ਨਿਊਜ਼ : ਭਾਰਤ ਵਿਚ ਲੰਘੇ ਸਾਲ 25 ਅਗਸਤ ਨੂੰ ਹੋਈ ਪੰਚਕੂਲਾ ਸ਼ਹਿਰ ਦੀ ਹਿੰਸਾ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਸਿਰਸਾ ਡੇਰਾ ਮੁਖੀ ਰਾਮ ਰਹੀਮ ਦੀ ਮੂੰਹ ਬੋਲੀ ਧੀ ਹਨੀਪ੍ਰੀਤ ਦੀ ਜ਼ਮਾਨਤ ਦੀ ਅਰਜ਼ੀ ਅਦਾਲਤ ਵੱਲੋਂ ਖਾਰਜ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ 25 ਅਗਸਤ 2017 ਨੂੰ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਹੋਈ ਹਿੰਸਾ ਨੂੰ ਭੜਕਾਉਣ ਦੇ ਮਾਮਲੇ ਵਿਚ ਦਰਜ ਕੇਸ ਵਿੱਚ ਹਨੀਪ੍ਰੀਤ ਦਾ ਨਾਂ ਸ਼ਾਮਲ ਹੈ। ਪੁਲੀਸ ਨੇ ਕਾਫੀ ਮੁਸ਼ੱਕਤ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ। ਹਨੀਪ੍ਰੀਤ ਨੇ ਆਪਣੀ ਅਰਜ਼ੀ ਵਿਚ ਕਿਹਾ ਕਿ 25 ਅਗਸਤ ਨੂੰ ਜਦੋਂ ਹਿੰਸਾ ਹੋ ਰਹੀ ਸੀ ਉਹ ਉਸ ਸਮੇਂ ਡੇਰਾ ਮੁਖੀ ਰਾਮ ਰਹੀਮ ਦੇ ਨਾਲ ਸੀ ਅਤੇ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉਹ ਰਾਮ ਰਹੀਮ ਦੇ ਨਾਲ ਪੰਚਕੂਲਾ ਤੋਂ ਸੁਨਾਰੀਆ ਜੇਲ੍ਹ ਰੋਹਤਕ ਚਲੀ ਗਈ ਸੀ ਤੇ ਹਿੰਸਾ ਵਿੱਚ ਉਸ ਦਾ ਕੋਈ ਰੋਲ ਨਹੀਂ ਹੈ।

## ਮਿਸ਼ਨ-2019 : ਕਾਂਗਰਸ ਵੱਲੋਂ ਬਠਿੰਡਾ ਹਲਕੇ 'ਚ ਬਾਦਲਾਂ ਨੂੰ ਘੇਰਨ ਦੀ ਵਿਊਂਤਬੰਦੀ ਸ਼ੁਰੂ

ਅਤੇ ਅਕਾਲੀ ਆਗੂਆਂ ਨੂੰ ਹੁਣ ਕੋਈ ਮੂੰਹ ਲਾਉਣ ਲਈ ਤਿਆਰ ਨਹੀਂ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਹਾਈਕਮਾਨ ਅਤੇ ਮੁੱਖ ਮੰਤਰੀ ਪੰਜਾਬ ਤੋਂ ਇਹੋ ਮੰਗ ਹੈ ਕਿ ਕਾਂਗਰਸ ਪਾਰਟੀ ਬਠਿੰਡਾ ਤੋਂ ਚੰਗਾ ਉਮੀਦਵਾਰ ਦੇਵੇ ਜੋ ਸੀਟ ਕਾਂਗਰਸ ਦੀ ਝੋਲੀ ਪਾ ਸਕੇ।

ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਦਾ ਕਹਿਣਾ ਸੀ ਕਿ ਉਮੀਦਵਾਰਾਂ ਦਾ ਫ਼ੈਸਲਾ ਹਾਈਕਮਾਨ ਤੇ ਮੁੱਖ ਮੰਤਰੀ ਪੰਜਾਬ ਨੇ ਕਰਨਾ ਹੈ ਪਰ ਪਾਰਟੀ ਬਠਿੰਡਾ ਹਲਕੇ ਤੋਂ ਅਜਿਹਾ ਚਿਹਰਾ ਉਤਾਰੇਗੀ, ਜੋ ਬਾਦਲਾਂ ਨੂੰ ਪਹਿਲੇ ਹੱਲੇ ਚਿੱਤ ਕਰ ਦੇਵੇ। ਮਾਹੌਲ ਨੂੰ ਦੇਖਦੇ ਹੋਏ ਹਰਸਿਮਰਤ ਵੀ ਹੁਣ ਫ਼ਿਰੋਜ਼ਪੁਰ ਵੱਲ ਮੂੰਹ ਕਰਨ ਲੱਗੀ ਹੈ। ਸ੍ਰੀ ਜਾਖੜ ਨੇ ਆਖਿਆ ਕਿ 'ਆਪ' ਨਾਲ ਕੋਈ ਗੱਲ ਨਹੀਂ ਚੱਲ ਰਹੀ ਹੈ ਅਤੇ ਇਹ ਕੋਰੀ ਅਫ਼ਵਾਹ ਹੈ।

ਸੂਤਰ ਦੱਸਦੇ ਹਨ ਕਿ ਕਾਂਗਰਸ ਦਾ ਅਗਲੀ ਚੋਣ ਵਿਚ 'ਆਪ' ਨਾਲ ਕੋਈ ਗੱਠਜੋੜ ਬਣਦਾ ਹੈ ਤਾਂ ਭਗਵੰਤ ਮਾਨ ਵੀ ਬਠਿੰਡਾ ਹਲਕੇ ਤੋਂ ਸਾਂਝੇ ਉਮੀਦਵਾਰ ਦੇ ਤੌਰ ਉੱਤੇ ਕੁੱਦ ਸਕਦੇ ਹਨ। ਦੂਸਰੀ ਤਰਫ਼ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਗੇਤੀ ਚੋਣ ਮੁਹਿੰਮ ਹਲਕਾ ਲੰਬੀ ਵਿਚ ਵਿੱਢ ਰੱਖੀ ਹੈ ਅਤੇ ਉਹ ਲੰਬੀ ਵਿੱਚੋਂ ਆਪਣੀ ਨੂੰਹ ਹਰਸਿਮਰਤ ਦੀ ਵੱਡੀ ਲੀਡ ਅਗਲੀ ਚੋਣ ਵਿੱਚ ਬਣਾਉਣਾ ਚਾਹੁੰਦੇ ਹਨ।

## ਡੀਆਈਜੀ ਸਮੇਤ 14 ਜੇਲ੍ਹ ਅਫ਼ਸਰਾਂ ਖ਼ਿਲਾਫ਼ ਕਾਰਵਾਈ ਲਈ ਰਾਹ ਪੱਧਰਾ

ਸੂਬੇ ਦੀਆਂ ਜੇਲ੍ਹਾਂ ਵਿਚ ਵਿਆਪਕ ਪੈਮਾਨੇ 'ਤੇ ਮੋਬਾਈਲ ਫੋਨਾਂ ਦੀ ਵਰਤੋਂ ਦੀ ਪੁਸ਼ਟੀ ਕੀਤੀ ਗਈ ਸੀ ਤੇ ਇਸ ਮਾਮਲੇ ਵਿੱਚ ਇਕ ਡੀਆਈਜੀ ਪੱਧਰ ਦੇ ਅਧਿਕਾਰੀ ਸਮੇਤ 11 ਸੀਨੀਅਰ ਜੇਲ੍ਹ ਅਫ਼ਸਰਾਂ ਨੂੰ ਦੋਸ਼ੀ ਪਾਇਆ ਸੀ। ਇਹ ਅਫ਼ਸਰ 2009 ਤੋਂ 2011 ਤੱਕ ਤਿੰਨ ਜੇਲ੍ਹਾਂ ਵਿੱਚ ਤਾਇਨਾਤ ਸਨ ਜਿਥੇ ਅਤਿਵਾਦੀ ਤੇ ਅਪਰਾਧੀ ਆਸਾਨੀ ਨਾਲ ਮੋਬਾਈਲ ਫੋਨ ਹਾਸਲ ਕਰ ਲੈਂਦੇ ਸਨ। ਦਸੰਬਰ 2017 ਵਿੱਚ ਜੈਪੁਰ ਦੀ ਇਕ ਅਦਾਲਤ ਨੇ ਪੰਜਾਬ ਸਰਕਾਰ ਨੂੰ ਲਸ਼ਕਰ-ਏ-ਤੋਇਬਾ ਦੇ ਅਤਿਵਾਦੀਆਂ ਨੂੰ ਆਪਣੇ 'ਸੰਚਾਲਕਾਂ' ਨਾਲ ਫੋਨ ਰਾਹੀਂ ਰਾਬਤਾ ਕਾਇਮ ਕਰਨ ਦੇ ਮਾਮਲੇ ਵਿੱਚ ਦਾਗ਼ੀ ਅਫ਼ਸਰਾਂ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਸੀ। ਅਦਾਲਤ ਨੇ ਲਸ਼ਕਰ-ਏ-ਤੋਇਬਾ ਦੇ ਅੱਠ ਕਾਰਕੁਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਜਿਨ੍ਹਾਂ 'ਚੋਂ ਸ਼ਕਰ ਉੱਲ੍ਹਾ ਨੂੰ ਨਾਭਾ ਜੇਲ੍ਹ ਜਦਕਿ ਮੁਹੰਮਦ ਇਕਬਾਲ ਨੂੰ ਅੰਮ੍ਰਿਤਸਰ ਜੇਲ੍ਹ ਵਿਚ ਰੱਖਿਆ ਗਿਆ ਸੀ। ਉਨ੍ਹਾਂ ਦੇ 'ਸੰਚਾਲਕਾਂ' ਨਾਲ ਹੋਈ ਫੋਨ ਵਾਰਤਾ ਇੰਟਰਸੈਪਟ ਕਰਨ ਤੋਂ ਬਾਅਦ ਰਾਜਸਥਾਨ ਦੇ ਦਹਿਸ਼ਤ-ਵਿਰੋਧੀ ਦਸਤੇ ਨੇ ਇਨ੍ਹਾਂ ਨੂੰ ਹਿਰਾਸਤ ਵਿੱਚ ਲੈ ਕੇ ਪੁੱਛ-ਪੜਤਾਲ ਕੀਤੀ ਸੀ।

ਸ਼ਿਕੰਜੇ ਹੇਠ ਆਏ ਇਨ੍ਹਾਂ 14 ਜੇਲ੍ਹ ਅਫ਼ਸਰਾਂ ਵਿੱਚ ਡੀਆਈਜੀ ਜੇਲ੍ਹਾਂ ਲਖਮਿੰਦਰ ਸਿੰਘ ਜਾਖੜ 2009 ਵਿੱਚ ਪਟਿਆਲਾ ਜੇਲ੍ਹ ਦੇ ਸੁਪਰਡੈਂਟ ਸਨ ਜਦੋਂ ਮੁਹੰਮਦ ਇਕਬਾਲ ਇੱਥੇ ਬੰਦ ਸੀ। ਹੋਰਨਾਂ ਅਫ਼ਸਰਾਂ ਵਿੱਚ ਜੇਲ੍ਹ ਸੁਪਰਡੈਂਟ ਸੁਖਵਿੰਦਰ ਸਿੰਘ, ਮਨਜੀਤ ਸਿੰਘ ਕਾਲੜਾ, ਗੁਰਪਾਲ ਸਿੰਘ ਸਰੋਇਆ ਤੇ ਜੀਵਨ ਕੁਮਾਰ ਗਰਗ (ਜੋ ਬਾਅਦ ਵਿੱਚ ਪੀਸੀਐਸ ਅਲਾਈਡ ਪਾਸ ਕਰ ਗਿਆ ਸੀ), ਸਾਬਕਾ ਸੁਪਰਡੈਂਟ ਪ੍ਰੇਮ ਸਾਗਰ ਸ਼ਰਮਾ, ਜੇਪੀ ਸਿੰਘ, ਗੁਰਸ਼ਰਨ ਸਿੰਘ ਸਿੱਧੂ, ਬਲਬੀਰ ਸਿੰਘ ਬੀਸਲਾ ਤੇ ਡਿਪਟੀ ਜੇਲ੍ਹ ਸੁਪਰਡੈਂਟ ਚਰਨਜੀਤ ਸਿੰਘ ਭੰਗੂ ਸ਼ਾਮਲ ਹਨ। ਡੀਜੀਪੀ ਜੇਲ੍ਹਾਂ ਆਈਪੀਐਸ ਸਹੋਤਾ ਨੇ ਕਿਹਾ " ਇਨ੍ਹਾਂ ਅਫ਼ਸਰਾਂ ਨੂੰ ਹੁਣ ਦੋਸ਼ ਪੱਤਰ ਜਾਰੀ ਹੋਣ ਤੋਂ ਬਾਅਦ ਆਪਣੇ ਕਿਰਦਾਰ ਬਾਰੇ ਸਫ਼ਾਈ ਦੇਣ ਦਾ ਮੌਕਾ ਮਿਲੇਗਾ। ਤਫ਼ਸੀਲ ਵਿੱਚ ਜਾਂਚ ਕਰਨ ਤੇ ਜ਼ਿੰਮੇਵਾਰੀ ਤੈਅ ਕਰਨ ਲਈ ਇਕ ਜਾਂਚ ਅਫ਼ਸਰ ਨਿਯੁਕਤ ਕੀਤਾ ਜਾਵੇਗਾ। ਇਕੇਰਾਂ ਇਨ੍ਹਾਂ ਦਾ ਜਵਾਬ ਆ ਗਿਆ ਤਦ ਅਸੀਂ ਨੇਮਾਂ ਮੁਤਾਬਕ ਕਾਰਵਾਈ ਸ਼ੁਰੂ ਕਰਾਂਗੇ। ਉਂਜ, ਜਾਂਚ ਪੂਰੀ ਹੋਣ ਤੱਕ ਇਨ੍ਹਾਂ ਨੂੰ ਮੁਅੱਤਲ ਜਾਂ ਤਬਦੀਲ ਨਹੀਂ ਕੀਤਾ ਜਾਵੇਗਾ ਤੇ ਇਹ ਜਿਸ ਵੀ ਜਗ੍ਹਾ ਤਾਇਨਾਤ ਹਨ ਉੱਥੇ ਹੀ ਰਹਿਣਗੇ।"

## ਗੁਰੂ ਅਰਜਨ ਦੇਵ ਜੀ ਦੀ ਲਾਸਾਨੀ ਸ਼ਹਾਦਤ

ਪਿਆਰ ਦੇ ਗੁਣਾਂ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਕੱਟੜਤਾ ਨੂੰ ਹੀ ਆਪਣਾ ਧਰਮ ਪ੍ਰਵਾਨ ਕਰ ਲਿਆ ਸੀ। ਆਪਣੀ ਕੱਟੜਤਾ ਦੀ ਇਸ ਅਗਨੀ ਵਿਚ ਉਹ ਕੁੱਲ 'ਕਾਫਰਾਂ' ਨੂੰ ਫਨਾਹ ਕਰਨ ਹਿਤ ਤਾਕਤ ਲਈ ਅੱਲ੍ਹਾ ਅੱਗੇ ਅਰਜੋਈਆਂ ਵੀ ਕਰਦੇ ਸਨ ਅਤੇ ਹਾਕਮਾਂ ਨੂੰ ਗੈਰ ਧਰਮੀਆਂ ਨੂੰ ਖਤਮ ਕਰਨ ਦਾ ਸੰਦੇਸ਼ ਵੀ ਦਿੰਦੇ ਸਨ। ਨਫਰਤ ਦੇ ਇਸ ਕਰਮ ਦਾ ਸਿਖਰ ਸ਼ੇਖ ਅਹਿਮਦ ਸਰਹਿੰਦੀ ਦਾ ਵੇਲਾ ਸੀ। ਉਹ ਮੁਜੱਦਦ ਅਲਫਿਸਾਨੀ (ਹਜ਼ਾਰਾਂ ਯੁੱਗਾਂ ਦਾ ਸੁਧਾਰਕ) ਦਾ ਖਿਤਾਬ ਧਾਰਨ ਕਰਕੇ ਪਿਛਾਹਖਿਚੂ ਸ਼ਕਤੀਆਂ ਦਾ ਆਗੂ ਬਣ ਬੈਠਾ ਸੀ। ਉਸ ਦੀ ਇੱਛਾ ਸੀ ਕਿ ਸਭ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਮਾਮਲਿਆਂ ਦਾ ਨਿਪਟਾਰਾ ਪੁਰਾਤਨ ਸੁੰਨੀ ਅਸੂਲਾਂ ਅਨੁਸਾਰ ਕੀਤਾ ਜਾਵੇ। ਅਕਬਰ ਦਾ ਦੀਨ-ਈਲਾਹੀ, ਹਿੰਦੂਆਂ ਨਾਲ ਵਿਆਹ ਸਬੰਧ ਅਤੇ ਉਨ੍ਹਾਂ ਦੇ ਤਿਥਾਂ ਤਿਓਹਾਰਾਂ ਵਿਚ ਉਸ ਦੀ ਸ਼ਮੂਲੀਅਤ ਨੂੰ ਉਹ ਇਸਲਾਮ ਵਾਸਤੇ ਖਤਰਾ ਤਸੱਵਰ ਕਰਦਾ ਸੀ। ਇਕ ਅਜਿਹਾ ਖਤਰਾ ਜੋ ਇਲਸਾਮੀ ਰਾਜ ਅਤੇ ਇਸਲਾਮੀ ਧਰਮ ਨੂੰ ਹਿੰਦੁਸਤਾਨ ਵਿਚੋਂ ਖਤਮ ਕਰ ਸਕਦਾ ਸੀ। ਸ਼ੇਖ ਅਹਿਮਦ ਸਰਹਿੰਦੀ ਲਿਖਦਾ ਹੈ:

ਕਾਫਰਾਂ ਨੂੰ ਸਮਾਜ ਵਿਚ ਸ਼ਾਮਲ ਕਰਨਾ, ਆਪਣੇ ਨਾਲ ਬਠਾਉਣਾ ਤੇ ਇਨ੍ਹਾਂ ਨਾਲ ਗੱਲਬਾਤ ਕਰਨਾ ਵੀ ਇਕ ਤਰ੍ਹਾਂ ਨਾਲ ਉਨ੍ਹਾਂ ਦੀ ਇੱਜ਼ਤ ਕਰਨ ਦੇ ਤੁੱਲ ਹੈ, ਜੋ ਨਹੀਂ ਹੋਣੀ ਚਾਹੀਦੀ। ਸੱਚ ਤਾਂ ਇਹ ਹੈ ਕਿ ਇਨ੍ਹਾਂ ਕਾਫਰਾਂ ਨੂੰ ਕੁੱਤਿਆਂ ਦੀ ਤਰ੍ਹਾਂ ਦੂਰੇ-ਦੂਰੇ ਕਰਦੇ ਰਹਿਣਾ ਚਾਹੀਦਾ ਹੈ।

ਸ੍ਰੀ ਗੁਰੂ ਅਰਜਨ ਪਾਤਸ਼ਾਹ ਵੇਲੇ ਪੰਜਾਬ ਦੀ ਸਾਰੀ ਧਰਤੀ 'ਤੇ 'ਗੁਰ ਮਹਿਮਾ ਦਾ ਗਾਇਨ' ਸੀ। ਸਿੱਖ ਧਰਮ ਦਾ ਪ੍ਰਭਾਵ ਇੱਥੋਂ ਤਕ ਵੱਧ ਗਿਆ ਕਿ ਪੰਜਾਬੀ ਮਾਨਸਿਕਤਾ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਸੱਚੇ ਪਾਤਸ਼ਾਹ' ਵਜੋਂ ਪ੍ਰਵਾਨ ਕਰ ਲਿਆ ਸੀ। ਇਹ ਸਮਾਂ ਸੀ ਜਦੋਂ ਗੁਰੂ ਸਾਹਿਬ ਦੀ ਅਗਵਾਈ ਵਿਚ ਸਿੱਖਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵੱਧਣ ਲਗ ਪਈ। ਇਸ ਲੋਕ ਪਿਆਰ ਨੇ ਗੁਰੂਘਰ ਪ੍ਰਤੀ ਈਰਖਾ ਅਤੇ ਸਾੜੇ ਦੀ ਭਾਵਨਾ ਵੀ ਭਰ ਦਿੱਤੀ ਸੀ। ਇਸਲਾਮੀ ਰਾਜ ਵਿਚ ਕਾਫਰ ਧਰਮ ਦਾ ਪ੍ਰਕਾਸ਼ ਨਕਸ਼ਬੰਦੀਆਂ ਲਈ ਕਿਆਮਤ ਦੇ ਦਿਨਾਂ ਵਰਗਾ ਸੀ। ਪਰ ਅਕਬਰ ਦੀ ਨੀਤੀ ਕਾਰਨ ਉਹ ਕੁਝ ਵੀ ਕਰਨ ਤੋਂ ਅਸਮਰਥ ਸਨ। 1605 ਈਸਵੀ ਨੂੰ ਹਿੰਦੁਸਤਾਨ ਦੇ ਬਾਦਸ਼ਾਹ ਅਕਬਰ ਦੀ ਮੌਤ ਹੋ ਜਾਂਦੀ ਹੈ ਅਤੇ ਜਹਾਂਗੀਰ ਗੱਦੀ-ਨਸ਼ੀਨ ਹੁੰਦਾ ਹੈ। ਜਹਾਂਗੀਰ ਨਕਸ਼ਬੰਦੀਆਂ ਦੇ ਪ੍ਰਭਾਵ ਹੇਠ ਸੀ ਕਿਉਂਕਿ ਗੱਦੀ ਹਾਸਲ ਕਰਨ ਵਿਚ ਨਕਸ਼ਬੰਦੀਆਂ ਨੇ ਅਹਿਮ ਰੋਲ ਅਦਾ ਕੀਤਾ ਸੀ। ਇਸ ਲਈ ਇਨ੍ਹਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਦਿਆਂ ਉਸ ਨੇ ਕੱਟੜਪੁਣੇ ਦੀ ਤਲਵਾਰ ਨੂੰ ਤੇਜ਼ ਕਰ ਦਿੱਤਾ। ਸਿੱਟੇ ਵਜੋਂ ਉਨ੍ਹਾਂ ਸਾਰੇ ਲੋਕਾਂ ਦੇ ਚਿਹਰੇ 'ਤੇ ਮੁਸਕਾਨ ਆ ਗਈ ਸੀ ਜਿਹੜੇ ਸਿੱਖ ਧਰਮ ਦੀ ਵਧਦੀ ਲਹਿਰ ਦੇ ਵਿਰੋਧੀ ਸਨ ਅਤੇ ਇਨ੍ਹਾਂ ਵਿੱਚ ਸਭ ਤੋਂ ਵੱਡੀ ਭੂਮਿਕਾ ਨਕਸ਼ਬੰਦੀ ਸਿਲਸਿਲਾ ਨਿਭਾਅ ਰਿਹਾ ਸੀ। ਉਸ ਨੇ ਹੁਣ ਸਿੱਖ ਧਰਮ ਨੂੰ ਤਕੜੇ ਹੱਥੀਂ ਨਜਿੱਠਣ ਦਾ ਮਨ ਬਣਾਇਆ ਅਤੇ ਇਸਲਾਮਕ ਫਤਵਿਆਂ ਨੂੰ ਆਪਣੀ ਰੰਗਤ ਦੇ ਕੇ ਸ਼ਾਹੀ ਫੁਰਮਾਨ ਵਜੋਂ ਜਾਰੀ ਕਰਵਾਉਣ ਵਿਚ ਸਫਲ ਹੋ ਗਿਆ। ਇਕ ਫਤਵਾ ਉਦਾਹਰਣ ਲਈ ਪੇਸ਼ ਹੈ:

ਅੱਲ੍ਹਾ ਬਿਨਾਂ ਹੋਰ ਕੋਈ ਖੁਦਾ ਨਹੀਂ ਅਤੇ ਮੁਹੰਮਦ ਸਾਹਿਬ ਹੀ ਅੱਲ੍ਹਾ ਦਾ ਸੁਨੇਹਾ ਦੇਣ ਵਾਲਾ ਪੈਗੰਬਰ ਹੈ। ਇਸ ਕਲਮੇ 'ਤੇ ਯਕੀਨ ਰੱਖਣ ਵਾਲਾ ਮੋਮਿਨ (ਇਮਾਨਵਾਲਾ) ਅਤੇ ਇਸ ਨੂੰ ਨਾ ਮੰਨਣ ਵਾਲਾ ਕਾਫ਼ਰ (ਨਾਸਤਕ) ਹੈ। ਅੱਲਾਹ ਦੀ ਸ਼ਾਨ ਨੂੰ ਰੁਸ਼ਨਾਉਣ ਲਈ ਮੋਮਿਨ ਦਾ ਫਰਜ਼ ਹੈ ਕਿ ਉਹ ਕਾਫ਼ਰਾਂ ਦੀ ਹਥਿਆਰਬੰਦ (ਦਾਰੂਲ ਹਰਬ) ਦੁਨੀਆਂ ਨੂੰ ਸ਼ਾਂਤੀ ਦੀ ਦੁਨੀਆਂ (ਦਾਰੂਲ-ਇਸਲਾਮ) ਵਿਚ ਤਬਦੀਲ ਕਰਨ ਲਈ ਧਰਮ ਯੁੱਧ (ਜਹਾਦ) ਕਰਨ।

ਸਪਸ਼ਟ ਹੈ ਕਿ ਸਿੱਖ ਧਰਮ ਦੀ ਹਰਮਨਪਿਆਰਤਾ ਉਸ ਲਈ ਕਿਵੇਂ ਅਸਹਿ ਹੋ ਰਹੀ ਸੀ। ਇੱਥੋਂ ਤਕ ਕਿ ਉਹ ਕਾਦਰੀ ਸਿਲਸਿਲੇ ਦੇ ਉਸ ਵੇਲੇ ਦੇ ਮੁਖੀ ਨੂੰ ਵੀ ਸਖ਼ਤ ਨਫ਼ਰਤ ਦੀ ਨਿਗਾਹ ਨਾਲ ਵੇਖਦਾ ਸੀ ਕਿਉਂਕਿ ਉਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਰੱਬੀ ਰੂਹ ਦੇ ਤੌਰ 'ਤੇ ਮਾਨਤਾ ਦਿੰਦਾ ਸੀ। ਜਹਾਂਗੀਰ ਨਕਸ਼ਬੰਦੀ ਸਕੂਲ ਦੇ ਬੇਹੱਦ ਪ੍ਰਭਾਵ ਵਿਚ ਸੀ। ਇਸ ਕਰਕੇ ਸਪਸ਼ਟ ਸੀ ਕਿ ਨਕਸ਼ਬੰਦੀ ਸਿਲਸਿਲਾ ਹੁਣ ਸਿੱਖ ਧਰਮ ਲਈ ਸਮੱਸਿਆਵਾਂ ਖੜੀਆਂ ਕਰਨ ਦੀ ਕੋਸ਼ਿਸ਼ ਕਰੇਗਾ।

ਖ਼ੁਸਰੋ ਜਹਾਂਗੀਰ ਦਾ ਸਭ ਤੋਂ ਵੱਡਾ ਬੇਟਾ ਸੀ ਅਤੇ ਆਪਣੇ ਦਾਦੇ ਅਕਬਰ ਵਾਂਗ ਬੇਹੱਦ ਸਹਿਨਸ਼ੀਲ ਮਨੁੱਖ ਸੀ। ਪਰ ਇਹ ਸਹਿਨਸ਼ੀਲਤਾ ਉਸ ਲਈ ਸਮੱਸਿਆ ਬਣ ਗਈ, ਅਕਬਰ ਜਦੋਂ ਬਿਮਾਰੀ ਦੀ ਹਾਲਤ ਵਿਚ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ ਤਾਂ ਉਸ ਦੀ ਪ੍ਰਬਲ ਇੱਛਾ ਸੀ ਕਿ ਰਾਜਗੱਦੀ ਉਸ ਦੇ ਪੁੱਤਰ ਦੀ ਥਾਂ ਪੋਤਰੇ ਨੂੰ ਦਿੱਤੀ ਜਾਵੇ, ਕਿਉਂਕਿ ਉਹ ਜਹਾਂਗੀਰ ਦੇ ਹਠੀ ਸੁਭਾਅ ਅਤੇ ਉਸ ਨਾਲ ਜੁੜੇ ਹੋਏ ਕਟੜਪੰਥੀ ਟੋਲੇ ਦੀਆਂ ਚਾਲਾਂ ਨੂੰ ਪੂਰੀ ਤਰ੍ਹਾਂ ਸਮਝਦਾ ਸੀ। ਉਸ ਦਾ ਇਹ ਅਟੱਲ ਵਿਸ਼ਵਾਸ ਸੀ ਕਿ ਹਿੰਦੋਸਤਾਨ ਵਿਚ ਸਦਾ ਲਈ ਮੁਗਲਈ ਹਕੂਮਤ ਦੀ ਸਥਾਪਨਾ ਲਈ ਸਖ਼ਤੀ ਦੀ ਨਹੀਂ ਪਿਆਰ ਦੀ ਲੋੜ ਹੈ ਅਤੇ ਅਜਿਹੇ ਪਿਆਰ ਦੀ ਠੰਢੀ ਹਵਾ ਖ਼ੁਸਰੋ ਵਰਗਾ ਰਹਿਮਦਿਲ ਮਨੁੱਖ ਹੀ ਦੇ ਸਕਦਾ ਸੀ, ਜਹਾਂਗੀਰ ਨਹੀਂ। ਅਕਬਰ ਦੇ ਦਰਬਾਰ ਵਿਚ ਦੋ ਧਿਰਾਂ ਖੜੀਆਂ ਹੋ ਗਈਆਂ। ਜਿਨ੍ਹਾਂ ਵਿਚੋਂ ਕੁਝ ਜਹਾਂਗੀਰ ਦੀ ਪਿੱਠ 'ਤੇ ਸਨ ਅਤੇ ਕੁਝ ਖ਼ੁਸਰੋ ਦੀ 'ਤੇ। ਕੱਟੜਪੰਥੀਆਂ ਦੀ ਜਿੱਤ ਹੋਈ। ਅਕਬਰ ਦੀ ਮੌਤ ਦੇ ਨਾਲ ਹੀ ਜਹਾਂਗੀਰ ਹਿੰਦੁਸਤਾਨ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਤਖ਼ਤ 'ਤੇ ਬੈਠਦਿਆਂ ਹੀ ਜਹਾਂਗੀਰ ਨੇ ਖ਼ੁਸਰੋ ਨੂੰ ਬਾਗੀ ਗਰਦਾਨ ਕੇ ਆਗਰੇ ਵਿਚ ਜੇਲ੍ਹ ਦੀਆਂ ਸਲਾਖਾਂ ਪਿਛੇ ਡੱਕ ਦਿੱਤਾ। ਇਕ ਦਿਨ ਖ਼ੁਸਰੋ ਨੇ ਬੇਨਤੀ ਕੀਤੀ ਕਿ ਉਹ ਆਪਣੇ ਦਾਦੇ ਦੀ ਕਬਰ 'ਤੇ ਸਿਜਦਾ ਕਰਨਾ ਚਾਹੁੰਦਾ ਹੈ। ਬੇਨਤੀ ਪਰਵਾਨ ਕਰ ਲਈ ਗਈ। ਖ਼ੁਸਰੋ ਜੇਲ੍ਹ ਵਿਚੋਂ ਬਾਹਰ ਆਇਆ ਅਤੇ ਆਪਣੇ ਪਿਤਾ ਵਿਰੁੱਧ ਬਗ਼ਾਵਤ ਦਾ ਐਲਾਨ ਕਰ ਦਿੱਤਾ। ਪਰ ਵਸੀਲਿਆਂ ਦੀ ਅਣਹੋਂਦ ਉਸ ਦੇ ਰਾਹ ਦਾ ਅੜਿੱਕਾ ਸੀ। ਉਸ ਨੇ ਮਨ ਬਣਾਇਆ ਕਿ ਅਫਗਾਨਿਸਤਾਨ ਪਹੁੰਚ ਕੇ ਤਾਕਤ ਇਕੱਠੀ ਕੀਤੀ ਜਾਵੇ ਤੇ ਜਹਾਂਗੀਰ ਨੂੰ ਗੱਦੀ ਤੋਂ ਲਾਹ ਕੇ ਅਕਬਰ ਵਰਗੇ ਉਦਾਰ ਸ਼ਾਸਨ ਦੀ ਬਹਾਲੀ ਕੀਤੀ ਜਾਵੇ। ਅਫਗਾਨਿਸਤਾਨ ਵੱਲ ਜਾਂਦੇ ਹੋਏ ਰਸਤੇ ਵਿਚ ਉਹ ਗੋਇੰਦਵਾਲ ਰੁਕਿਆ। ਗੁਰੂ ਸਾਹਿਬ ਕੋਲੋਂ ਅਸ਼ੀਰਵਾਦ ਲਿਆ, ਲੰਗਰ ਛਕਿਆ ਅਤੇ ਅੱਗੇ ਚਲ ਪਿਆ। ਪਰ ਜਲਦੀ ਹੀ ਜਹਾਂਗੀਰ ਦੀਆਂ ਫੌਜਾਂ ਨੇ ਉਸ ਨੂੰ ਘੇਰ ਲਿਆ, ਗ੍ਰਿਫਤਾਰ ਕੀਤਾ ਅਤੇ ਉਸ ਦੇ ਪਿਤਾ ਦੇ ਸਨਮੁਖ ਪੇਸ਼ ਕਰ ਦਿੱਤਾ। ਜਹਾਂਗੀਰ ਨੇ ਉਸ ਦੇ ਸਾਥੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਖ਼ੁਸਰੋ ਨੂੰ ਅੰਨਿਆਂ ਕਰ ਹਮੇਸ਼ਾ ਹਮੇਸ਼ਾ ਲਈ ਆਗਰੇ ਦੇ ਕਿਲੇ ਵਿਚ ਸੁੱਟ ਦੇਣ ਦਾ ਹੁਕਮ ਕੀਤਾ। ਜਹਾਂਗੀਰ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਕਿ ਖ਼ੁਸਰੋ ਗੋਇੰਦਵਾਲ ਰੁਕਿਆ ਤੇ ਗੁਰੂ ਸਾਹਿਬ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਸੀ ਤਾਂ ਉਸ ਦੇ ਗੁੱਸੇ ਦੀ ਸੀਮਾ ਸਾਰੀਆਂ ਹੱਦਾਂ ਪਾਰ ਕਰ ਗਈ। ਉਸ ਨੇ ਤੁਰੰਤ ਗੁਰੂ ਸਾਹਿਬ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਇਸ ਗੱਲ ਦਾ ਪ੍ਰਗਟਾਵਾ ਉਹ ਖੁਦ ਆਪਣੇ ਸਵੈ-ਜੀਵਨੀ ਵਿੱਚ ਕਰਦਾ ਹੋਇਆ ਲਿਖਦਾ ਹੈ:

ਉਹ ਫਕੀਰ ਮਨੁੱਖ ਨੇ ਖ਼ੁਸਰੋ ਨੂੰ ਪਨਾਹ ਦਿੱਤੀ। ਉਸ ਨੂੰ ਪੰਜ ਹਜ਼ਾਰ ਰੁਪਇਆ ਸਹਾਇਤਾ ਵਜੋਂ ਦਿੱਤਾ ਅਤੇ ਉਸ ਦੇ ਮੱਥੇ 'ਤੇ ਕੇਸਰ ਦਾ ਟਿਕਾ ਲਗਾਇਆ, ਜਿਸਨੂੰ ਹਿੰਦੁਸਤਾਨ ਦੀ ਧਰਤੀ 'ਤੇ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ।

ਮੈਂ ਮੁਰਤਜ਼ਾ ਖਾਨ ਨੂੰ ਹੁਕਮ ਦਿੱਤਾ ਕਿ ਉਸ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਜਾਵੇ, ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਜਾਵੇ ਅਤੇ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਵੇ।

**ਸ਼ਹਾਦਤ :** ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਬਿਠਾਉਣ, ਸਿਰ ਉਪਰ ਰੇਤ ਪਾਉਣ ਆਦਿ ਦੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਜਹਾਂਗੀਰ ਦੇ ਅਹਿਲਕਾਰਾਂ ਦੀਆਂ ਸਖ਼ਤੀਆਂ ਨੂੰ ਖਿੜੇ ਮੱਥੇ ਸਹਾਰਦੇ ਹੋਏ ਗੁਰ ਪਾਤਸ਼ਾਹ 1606 ਈਸਵੀ ਨੂੰ ਸ਼ਹਾਦਤ ਦਾ ਜਾਮ ਪੀ ਗਏ। ਉਨ੍ਹਾਂ ਨੇ ਆਪਣੀ ਇਸ ਸ਼ਹਾਦਤ ਨੂੰ ਲੋਕਮੁਕਤੀ ਅਤੇ ਹਿੰਦੁਸਤਾਨੀਆਂ ਨੂੰ 'ਪਤ ਸੇਤੀ' ਜ਼ਿੰਦਗੀ ਅਤੇ ਜ਼ੁਲਮ ਵਿਰੁੱਧ ਦਰਸਾਇਆ। ਜਬਰ ਅਤੇ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਦੇ ਇਸ ਅਨੋਖੇ ਤਰੀਕੇ ਨੇ ਆਉਣ ਵਾਲੇ ਸਮੇਂ ਵਿਚ ਹਿੰਦੋਸਤਾਨ ਦੀ ਤਕਦੀਰ 'ਤੇ ਨਵੇਂ ਪੂਰਨੇ ਪਾ ਦਿੱਤੇ।

## ਸਿੱਖ ਫਰੀਡਮ ਮਾਰਚ ਮੌਕੇ ਸ਼ਾਨਦਾਰ ਨਗਰ ਕੀਰਤਨ ਨਾਲ ਖਾਲਸਾਈ ਰੰਗ 'ਚ ਰੰਗਿਆ ਗਿਆ ਸੈਨ ਫਰਾਂਸਿਸਕੋ ਸ਼ਹਿਰ

ਹਿੱਸਾ ਖਾਲਸਾਈ ਰੰਗ 'ਚ ਰੰਗਿਆ ਨਜ਼ਰ ਆ ਰਿਹਾ ਸੀ। ਇਹ ਮਾਰਚ 34 ਸਾਲ ਪਹਿਲਾਂ ਜੂਨ-1984 ਵਿਚ ਭਾਰਤ ਸਰਕਾਰ ਵੱਲੋਂ ਸਿੱਖਾਂ ਦੇ ਪਵਿੱਤਰ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੀਤੇ ਹਮਲੇ ਦੀ ਯਾਦ ਵਿਚ ਸੈਕੰਡ ਸਟਰੀਟ ਤੋਂ ਸ਼ੁਰੂ ਹੋਇਆ ਅਤੇ ਸਾਨਫਰਾਂਸਿਸਕੋ ਦੇ ਸਿਵਿਕ ਸੈਂਟਰ ਪਲਾਜ਼ਾ ਡਾਊਨਟਾਊਨ 'ਤੇ ਜਾ ਕੇ ਖਤਮ ਹੋਇਆ। ਇਸ ਮਾਰਚ ਦੌਰਾਨ ਹਜ਼ਾਰਾਂ ਦੀ ਗਿਣਤੀ 'ਚ ਸਿੱਖਾਂ ਨੇ ਸੜਕਾਂ ਤੇ ਬਾਜ਼ਾਰਾਂ ਵਿਚ ਪੈਦਲ ਚਲਦੇ ਹੋਏ ਜੈਕਾਰੇ ਗੂੰਜਾਉਂਦੇ ਅੱਗੇ ਵੱਧ ਰਹੇ ਸਨ। ਮਾਰਚ ਵਿੱਚ ਸ਼ਾਮਲ ਸਿੱਖ ਸੰਗਤ ਦੁਪਹਿਰ 1:50 ਵਜੇ ਦੇ ਲਗਭਗ ਸਿਵਿਕ ਸੈਂਟਰ ਪਲਾਜ਼ਾ ਪਹੁੰਚ ਗਈ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਰਿਕਾਰਡ ਭਾਸ਼ਣ ਅਤੇ ਜੂਨ- 1984 ਹਮਲੇ ਦੇ ਚਸ਼ਮਦੀਦ ਗਵਾਹਾਂ ਦੇ ਵਿਚਾਰ ਸੁਣੇ।

ਜ਼ਿਕਰਯੋਗ ਹੈ ਕਿ ਜੂਨ-1984 ਵਿਚ, 150,000 ਤੋਂ ਵੀ ਵੱਧ ਭਾਰਤੀ ਫੌਜੀ ਫੌਜਾਂ, ਜੋ ਹੈਲੀਕਾਪਟਰਾਂ ਅਤੇ ਟੈਂਕਾਂ ਨਾਲ ਲੈਸ ਸਨ, ਨੂੰ ਉੱਤਰੀ ਭਾਰਤ ਦੇ ਰਾਜ ਪੰਜਾਬ ਉਤੇ ਚਾੜ੍ਹ ਦਿੱਤਾ ਗਿਆ ਸੀ। ਇਹ ਭਾਰਤੀ ਫੌਜ ਨੇ ਆਜ਼ਾਦੀ ਤੋਂ ਬਾਅਦ ਆਪਣੇ ਸ਼ਹਿਰੀਆਂ 'ਤੇ ਖੁਦ ਹੀ ਹਮਲਾ ਕੀਤਾ ਸੀ। ਇਸ ਦਿਨ ਸ੍ਰੀ ਅਕਾਲ ਤਖਤ ਸਮੇਤ ਕਈ ਹੋਰ ਸਿੱਖ ਗੁਰਦੁਆਰਿਆਂ 'ਤੇ ਇੱਕੋ ਸਮੇਂ ਹਮਲਾ ਕੀਤਾ ਗਿਆ।

ਇਸ ਤੋਂ ਬਾਅਦ ਨਵੰਬਰ-1984 ਦੌਰਾਨ ਭਾਰਤ ਵਿਚ ਹਜ਼ਾਰਾਂ ਸਿੱਖਾਂ ਦੀ ਨਸਲਕੁਸ਼ੀ ਕੀਤੀ ਗਈ। ਇਸ ਤੋਂ ਬਾਅਦ ਇਕ ਦਹਾਕਾ ਭਾਰਤ ਸਰਕਾਰ ਨੇ ਪੂਰੇ ਪੰਜਾਬ ਵਿਚ ਸਿੱਖਾਂ 'ਤੇ ਅਣਮਨੁੱਖੀ ਦਮਨਕਾਰੀ ਕਾਰਵਾਈਆਂ ਕੀਤੀਆਂ। ਭਾਰਤੀ ਸੁਰੱਖਿਆ ਬਲਾਂ ਨੇ ਹਜ਼ਾਰਾਂ ਸਿੱਖ ਨੌਜਵਾਨਾਂ ਨੂੰ ਘਰੋਂ ਚੁੱਕ ਕੇ ਤਸ਼ੱਦਦ ਕਰ ਕੇ ਜਾਨ ਤੋਂ ਮਾਰ ਦਿਤਾ ਗਿਆ। ਤਿੰਨ ਦਹਾਕੇ ਬੀਤ ਜਾਣ ਤੋਂ ਬਾਅਦ ਵੀ ਸਿੱਖ ਭਾਰਤ ਵਿਚ ਇਨਸਾਫ ਲਈ ਭਟਕ ਰਹੇ ਹਨ।

ਇਤਿਹਾਸ ਗਵਾਹ ਹੈ ਕਿ 19ਵੀਂ ਸਦੀ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਬਾਦਸ਼ਾਹਤ ਵਿਚ ਸਭ ਤੋਂ ਸ਼ਕਤੀਸ਼ਾਲੀ ਸਿੱਖ ਰਾਜ ਸਥਾਪਤ ਸੀ, ਜਿਸ ਨੂੰ ਸੰਨ 1849 ਵਿਚ ਬ੍ਰਿਟਿਸ਼ ਹਕੂਮਤ ਨੇ ਆਪਣੇ ਕਬਜ਼ੇ ਵਿਚ ਲਿਆ ਸੀ। ਸੰਨ 1947 ਵਿਚ ਜਦੋਂ ਬ੍ਰਿਟਿਸ਼ ਹਕੂਮਤ ਨੇ ਭਾਰਤ ਦੀ ਆਜ਼ਾਦੀ ਦੀ ਪੇਸ਼ਕਸ਼ ਕੀਤੀ ਸੀ, ਤਾਂ ਸਿੱਖਾਂ ਨੇ ਇਸ ਆਜ਼ਾਦੀ ਮੌਕੇ ਭਾਰਤ ਨਾਲ ਆਪਣਾ ਹਿੱਸਾ ਸਾਂਝਾ ਕਰਨ ਦਾ ਫ਼ੈਸਲਾ ਕੀਤਾ ਸੀ ਪਰੰਤੂ ਸੰਨ 1984 ਦੇ ਹਮਲੇ ਤੋਂ ਬਾਦ ਸਿੱਖਾਂ ਨੇ ਫਿਰ ਆਪਣੇ ਆਜ਼ਾਦ ਦੇਸ਼ ਲਈ ਲੜਨਾ ਸ਼ੁਰੂ ਕਰ ਦਿੱਤਾ ਹੋਇਆ ਹੈ।

ਅੰਤਰਰਾਸ਼ਟਰੀ ਭਾਈਚਾਰੇ ਨੂੰ ਇਹ ਦੱਸਣ ਲਈ ਹੀ ਇਸ 'ਆਜ਼ਾਦੀ ਲਈ ਮਾਰਚ' ਕੀਤਾ ਗਿਆ ਕਿ ਇਕ ਰਾਸ਼ਟਰ ਦੇ ਰੂਪ ਵਿਚ ਸਵੈ-ਨਿਰਣੇ ਦਾ ਹੱਕ ਦੇਣ ਲਈ ਸਿੱਖ ਕੌਮ ਦਾ ਕੇਸ ਪੂਰਾ ਢੁਕਵਾਂ ਹੈ। ਇਸ ਤਰ੍ਹਾਂ ਅਜਿਹਾ ਰਾਜ ਖੇਤਰੀ ਸ਼ਾਂਤੀ ਅਤੇ ਸਥਿਰਤਾ ਲਿਆਵੇਗਾ। ਸੰਨ 1966 ਦੇ ਸੰਯੁਕਤ ਰਾਸ਼ਟਰ ਦੇ ਇਕਰਾਰਨਾਮੇ ਦੇ ਆਰਟੀਕਲ-1 ਵਿਚ ਦਰਜ ਸਵੈ-ਨਿਰਣੇ ਦੇ ਅਧਿਕਾਰ ਨੂੰ ਭਾਰਤ ਵੱਲੋਂ ਰੱਦ ਕਰਨਾ ਇਕ ਤਰਕਸੰਗਤ ਨਹੀਂ ਹੈ। ਅੰਤਰਰਾਸ਼ਟਰੀ ਭਾਈਚਾਰੇ ਨੂੰ ਪੰਜਾਬ ਵਿਚਲੇ ਸੰਘਰਸ਼ ਦਾ ਸਿੱਧਾ ਕਾਰਨ ਸਮਝਣਾ ਚਾਹੀਦਾ ਹੈ ਕਿ ਸਿੱਖ ਸਵੈ-ਨਿਰਣੇ ਦਾ ਹੱਕ ਚਾਹੁੰਦੇ ਹਨ ਦੀ ਤਾਂ ਕਿ ਸੰਘਰਸ਼ ਅਤੇ ਹਿੰਸਾ ਤੋਂ ਬਚਿਆ ਜਾ ਸਕੇ ਅਤੇ ਉਹ ਅਮਨ-ਸ਼ਾਂਤੀ ਨਾਲ ਜੀਵਨ ਬਸਰ ਕਰ ਸਕਣ।

ਇਸ ਸਾਲਾਨਾ ਫਰੀਡਮ ਮਾਰਚ ਲਈ ਸੈਨ ਫਰਾਂਸਿਸਕੋ ਦੇ ਡਾਊਨ ਟਾਊਨ ਵਿਚ ਦੋ ਸਟਰੀਟ ਉਤੇ ਜਿਥੇ ਦੋ ਪੰਜਾਬੀ ਢਾਬੇ ਨਾਰਥ ਇੰਡੀਆਂ ਰੈਸਟੋਰੈਂਟ ਤੇ ਮਹਿਫਿਲ ਰੈਸਟੋਰੈਂਟ ਹਨ, ਦੇ ਵਿਚਕਾਰ ਸੰਗਤਾਂ ਦਾ ਇਕੱਠ ਹੋਣਾ ਸ਼ੁਰੂ ਹੋਇਆ। ਇਥੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਸੈਨ ਫਰਾਂਸਿਸਕੋ ਸਥਿਤ ਗੁਰਦੁਆਰਾ ਸਾਹਿਬ ਦੀ ਸਮੂੰਹ ਸੰਗਤ ਤੇ ਪ੍ਰਬੰਧਕਾਂ ਵੱਲੋਂ ਹਜ਼ਾਰਾਂ ਦੀ ਗਿਣਤੀ ਵਿਚ ਦੂਰੋਂ ਨੇੜਿਓਂ ਪਹੁੰਚੀਆਂ ਸੰਗਤਾਂ ਨੂੰ ਨਾਸ਼ਤਾ ਚਾਹ ਪਾਣੀ ਛਕਾਇਆ ਗਿਆ। ਦੋਵੇਂ ਰੈਸਟੋਰੈਂਟ ਸੇਵਾ ਵਿਚ ਪੂਰੀ ਤਰ੍ਹਾਂ ਹਿੱਸਾ ਲੈ ਰਹੇ ਸਨ। ਮੌਸਮ ਸ਼ਾਨਦਾਰ ਸੀ।

ਅਰਦਾਸ ਤੇ ਹੁਕਮਨਾਮੇ ਤੋਂ ਬਾਦ ਜਦ ਸੰਗਤਾਂ ਦੀ ਗਿਣਤੀ ਸਿਖਰ ਤੇ ਪੁੱਜ ਗਈ ਤਾਂ ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਰਹਿਨੁਮਾਈ ਤੇ ਪੰਜਾਂ ਸਿੰਘਾਂ ਦੀ ਅਗਵਾਈ ਹੇਠ ਨਗਰ ਕੀਰਤਨ/ਫਰੀਡਮ ਮਾਰਚ ਦੀ ਸ਼ੁਰਆਤ ਕੀਤੀ ਗਈ। ਸ਼ਹਿਰ ਦੀ ਮੁੱਖ ਸੜਕ ਮਾਰਕੀਟ ਸਟਰੀਟ ਦੇ ਉੱਤੋਂ ਦੀ ਸ਼ਬਦ ਗਾਇਨ ਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰਿਆਂ ਜੈਕਾਰਿਆਂ ਨਾਲ ਨਗਰ ਕੀਰਤਨ ਅੱਗੇ ਵਧਿਆ, ਜਿਸ ਨੂੰ ਆਸੇ ਪਾਸੇ ਦੇ ਅੰਤਰਰਾਸ਼ਟਰੀ ਯਾਤਰੂਆਂ ਤੇ ਸ਼ਹਿਰ ਦੇ ਵੱਖ ਵੱਖ ਭਾਈਚਾਰਿਆਂ ਨੇ ਵੇਖਿਆ। ਵੀਡੀਓ ਬਣਾਈਆਂ ਤੇ ਵੰਡਿਆਂ ਜਾ ਰਿਹਾ ਕਿਤਾਬਚਾ ਪੜਿਆ ਜਿਸ ਉਤੇ ਸਿੱਖ ਧਰਮ ਬਾਰੇ ਜਾਣਕਾਰੀ ਦਿਤੀ ਹੋਈ ਸੀ। ਹਰ ਤਰਾਂ ਦੇ ਠੰਢੇ ਮਿੱਠੇ ਤੇ ਪਾਣੀ ਵੰਡਿਆਂ ਜਾ ਰਿਹਾ ਸੀ। ਸਭ ਤੋਂ ਅੱਗੇ ਨਗਾਰਾ ਲਗਾਤਾਰ ਵੱਜ ਰਿਹਾ ਸੀ। ਗੁਰੂ ਗਰੰਥ ਸਾਹਿਬ ਜੀ ਦੇ ਸਵਾਰੇ ਵਾਲੇ ਟਰੱਕ, ਜਿਸ ਉਤੇ ਸ਼ਬਦ ਕੀਰਤਨ ਹੋ ਰਿਹਾ ਸੀ, ਤੋਂ ਇਲਾਵਾ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਤੇ ਖਾਲਿਸਤਾਨ ਜ਼ਿੰਦਾਬਾਦ ਵਾਲਾ ਇਕ ਵਡਾ ਫਲੋਟ ਵੀ ਚੱਲ ਰਿਹਾ ਸੀ। ਇਕ ਫਲੋਟ ਉਤੇ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ ਪਹੁੰਚੇ ਬੱਚੇ ਕੀਰਤਨ ਕਰ ਰਹੇ ਸਨ। ਕੈਲੇਫੋਰਨੀਆਂ ਗਤਕਾ ਦਲ ਵਾਲੇ ਸਿੰਘ ਸਿੰਘਣੀਆਂ ਗਤਕੇ ਦੇ ਜੌਹਰ ਵਿਖਾ ਰਹੇ ਸਨ। ਪੰਜਾਬ ਰੈਫਰੈਂਡਮ 2020 ਵਾਲੇ ਲਗਾਤਾਰ ਖਾਲਿਸਤਾਨ ਜ਼ਿੰਦਾਬਾਦ ਦੇ ਜ਼ੋਰਦਾਰ ਨਾਹਰੇ ਮਾਰ ਰਹੇ ਸਨ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਾਲੇ ਵੀਰ ਵੀ ਖਾਲਿਸਤਾਨੀ ਨਾਹਰੇ ਜੈਕਾਰੇ ਬੁਲਾ ਰਹੇ ਸਨ। ਇਕ ਘੰਟੇ ਦੀ ਯਾਤਰਾ ਤੋਂ ਬਾਦ ਨਗਰ ਕੀਰਤਨ-ਅਜ਼ਾਦੀ ਮਾਰਚ ਸ਼ਹਿਰ ਦੇ ਵਿਚਕਾਰ ਦੀ ਸਭ ਤੋਂ ਪ੍ਰਸਿੱਧ ਥਾਂ ਸਿਟੀ ਹਾਲ ਦੇ ਸਾਹਮਣੇ, ਸਿਵਕ ਸੈਂਟਰ ਪਲਾਜ਼ਾ ਪਹੁੰਚਿਆ ਜਿਥੇ ਪਹਿਲਾਂ ਤੋਂ ਹੀ ਢਾਡੀ ਸਿੰਘ ਸ਼ਹੀਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰ ਰਹੇ ਸਨ।

ਸਟੇਜ ਦੀ ਕਾਰਵਾਈ ਨਿਭਾਉਂਦਿਆਂ ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਜਸਦੇਵ ਸਿੰਘ ਨੇ ਨਗਰ ਕੀਰਤਨ ਦੇ ਉਦੇਸ਼ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੰਦਿਆਂ ਵਾਰੀ ਵਾਰੀ ਦੂਰੋਂ ਨੇੜਿਓ ਆਏ ਬੁਲਾਰਿਆਂ ਨੂੰ ਬੁਲਾ ਕੇ ਸੰਗਤਾਂ ਨਾਲ ਆਪਣੇ ਖਾਸ ਪੰਥਕ ਵਿਚਾਰ ਤੇ ਦਰਦ ਸਾਂਝੇ ਕਰਨ ਲਈ ਬੁਲਾਇਆ। ਜਿਸ ਵਿਚ ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ, ਮਨੁੱਖੀ ਅਧਿਕਾਰਾਂ ਲਈ ਜਾਨ ਦੀ ਬਾਜ਼ੀ ਲਾਣ ਵਾਲੇ ਸ਼ਹੀਦ ਭਾਈ ਖਾਲੜਾ ਦੀ ਧੀ ਬੀਬੀ ਨਵਕਿਰਨ ਕੌਰ, ਡਾਕਟਰ ਅਮਰਜੀਤ ਸਿੰਘ, ਸੁਖਦੀਪ ਸਿੰਘ ਬਰਨਾਲਾ ਅਤੇ ਪੰਜਾਬ ਰੈਫਰੈਂਡਮ 2020 ਦੇ ਬੁਲਾਰੇ ਤਜਿੰਦਰ ਸਿੰਘ ਸ਼ਾਮਲ ਸਨ। ਸਾਰੇ ਬੁਲਾਰਿਆਂ ਨੇ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ ਦੱਸਦਿਆਂ ਉਨਾਂ ਦੀ ਸ਼ਹਾਦਤ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਭਾਰਤੀ ਫੌਜ ਵੱਲੋਂ ਕੀਤੇ ਗਏ ਸਿੱਖ ਕਤਲੇਆਮ-ਨਸਲਕੁਸ਼ੀ ਬਾਰੇ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਵੇਲੇ ਦੀ ਪ੍ਰਧਾਨ ਮਤਰੀ ਜ਼ਾਲਮ ਇੰਦਰਾ ਗਾਂਧੀ, ਸਿੱਖ ਕੌਮ ਨੂੰ ਸਬਕ ਸਿਖਾਉਣ ਲਈ ਬਜ਼ਿਦ ਸੀ ਜੋ ਸਿੱਖਾਂ ਨੂੰ ਨਫਰਤ ਕਰਦੀ ਸੀ ਜਿਸ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ ਤੋਪਾਂ ਨਾ ਢਾਹ ਦਿੱਤਾ ਗਿਆ। ਇਸ ਤੋਂ ਇਲਾਵਾ 40 ਹੋਰ ਗੁਰਦੁਆਰਿਆਂ ਵਿਚ ਵੀ ਤਬਾਹੀ ਕੀਤੀ ਗਈ। ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੇ ਵੀ ਜੂਝਦਿਆਂ ਇਸ ਜੰਗ ਵਿਚ ਸ਼ਹੀਦੀ ਪਾਈ। ਜਰਨੈਲ ਜਥੇਦਾਰ ਸੁਬੇਗ ਸਿੰਘ ਤੇ ਭਾਈ ਅਮਰੀਕਾ ਸਿੰਘ ਵੀ ਇਸ ਅੰਮ੍ਰਿਤਸਰ ਦੀ ਲੜਾਈ ਵਿਚ ਸ਼ਹੀਦ ਹੋਏ। ਹਜ਼ਾਰਾਂ ਨੌਜਵਾਨ ਜੂਝਦੇ ਹੋਏ ਤੇ ਅਣਭੋਲ ਯਾਤਰੀ ਜਾਮੇ ਸ਼ਹਾਦਤ ਪੀ ਗਏ। ਸਭ ਬੁਲਾਰਿਆ ਨੇ ਇਕ ਆਵਾਜ਼ ਵਿਚ ਕਿਹਾ ਕਿ ਹੁਣ ਦੇ ਹਾਲਾਤ ਦਾ ਜਾਇਜ਼ਾ ਲੈਂਦਿਆਂ ਇਹ ਗੱਲ ਤਹਿ ਹੈ ਕਿ ਖਾਲਿਸਤਾਨ ਤੋਂ ਬਿਨਾਂ ਸਿੱਖ ਕੌਮ ਕੋਲ ਕੋਈ ਚਾਰਾ ਨਹੀਂ। ਇਸ ਨਗਰ ਕੀਰਤਨ ਨੂੰ ਕਵਰ ਕਰਨ ਲਈ ਨੈਸ਼ਨਲ ਮੀਡੀਆਂ ਪਹੁੰਚਿਆ, ਜਿਸ ਵਿਚ ਚੈਨਲ ਪੰਜ, ਚੈਨਲ ਸੱਤ ਮੁਖ ਸਨ।

ਇਸ ਸਮਾਗਮ ਵਿਚ ਖਾਲਿਸਤਾਨ ਬਹੁਤ ਸਾਰੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ, ਜਿਸ ਵਿਚ ਇਕ ਯਾਦਗਾਰੀ ਪਲੇਟ ਤੇ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ। ਲੰਗਰਾਂ ਦੇ ਸ਼ਾਨਦਾਰ ਪ੍ਰਬੰਧ ਸਨ, ਜਿਸ ਵਿਚ ਆਈਸ ਕਰੀਮ, ਚੌਲ-ਕੜ੍ਹੀ, ਮੈਂਗੋ ਲੱਸੀ, ਚਾਹ ਪਕੌੜੇ ਸ਼ਾਮਲ ਸਨ। ਟੀਵੀ 84 ਵਾਲਿਆਂ ਨੇ ਲਗਾਤਾਰ ਵੀਡੀਓਗਰਾਫੀ ਕੀਤੀ ਤੇ ਆਪਣੇ ਟੀਵੀ 84 ਤੋਂ ਨਾਲੋ ਨਾਲ ਨਗਰ ਕੀਰਤਨ ਦਾ ਹਾਲ ਵਿਖਾਇਆ। ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਲੋਡਾਈ, ਟਰੇਸੀ, ਮੋਡੈਸਟੋ-ਸੀਰੀਜ਼, ਟਰਲਕ, ਮਨਟੀਕਾ, ਫਰਿਜ਼ਨੋ ਤੇ ਬੇਕਰਜ਼ਫੀਲਡ ਵੱਲੋਂ ਸੰਗਤਾਂ ਬੱਸਾਂ ਵਿਚ ਪਹੁੰਚੀਆਂ। ਜਿਸ ਲਈ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਧੰਨਵਾਦ ਦੀਆਂ ਪਾਤਰ ਹਨ। ਸਾਊਥ ਸੈਨ ਫਰਾਂਸਿਸਕੋ ਦੀ ਸਮੁੱਚੀ ਸਾਧ ਸੰਗਤ ਨੇ ਪੁਰਜ਼ੋਰ ਸੇਵਾ ਕੀਤੀ।

ਗੁਰਦੁਆਰਾ ਸਾਹਿਬ ਫਰੀਮਾਂਟ ਨੇ ਕੋਆਰਡੀਨੇਸ਼ਨ ਵਿਚ ਮੁਖ ਭੂਮਿਕਾ ਨਿਭਾਈ। ਅਮਰੀਕਾ ਟੀਵੀ ਚੈਨਲਾਂ ਦੀ ਰਿਪੋਰਟ ਬਹੁਤ ਤੱਸਲੀਬਖ਼ਸ਼ ਸੀ।

## ਬਰਤਾਨਵੀ ਸਿੱਖ ਨੌਜਵਾਨ ਜੌਹਲ 'ਤੇ ਚਲਦਾ ਰਹੇਗਾ ਭਾਰਤ ਵਿਚ ਕੇਸ

ਸ੍ਰੀ ਰਿਜਿਜੂ ਨੇ ਬੀਬੀ ਵਿਲੀਅਮਜ਼ ਨੂੰ ਇਹ ਵੀ ਦੱਸਿਆ ਕਿ ਬਰਤਾਨਵੀ ਹਾਈ ਕਮਿਸ਼ਨ ਵੱਲੋਂ ਜੌਹਲ ਨਾਲ ਨਿਯਮਤ ਢੰਗ ਨਾਲ ਕਾਉਂਸਲਰ ਰਸਾਈ ਮੁਹੱਈਆ ਕਰਵਾਈ ਜਾ ਰਹੀ ਹੈ ਤੇ ਹੁਣ ਤਕ 11 ਕਾਉਂਸਲਰ ਫੇਰੀਆਂ ਹੋ ਚੁੱਕੀਆਂ ਹਨ। ਜੌਹਲ ਤੇ ਉਸ ਦੇ ਵਕੀਲਾਂ ਨੂੰ ਭਾਰਤੀ ਅਦਾਲਤਾਂ ਵਿੱਚ ਆਪਣੇ ਕੇਸ ਦੀ ਪੈਰਵੀ ਕਰਨ ਦੇ ਸਾਰੇ ਕਾਨੂੰਨੀ ਮੌਕੇ ਉਪਲਬਧ ਹਨ।

ਇੰਗਲੈਂਡ ਸਰਕਾਰ ਲਗਾਤਾਰ ਕਹਿੰਦੀ ਆ ਰਹੀ ਹੈ ਕਿ ਜੌਹਲ ਇਕ ਬਰਤਾਨਵੀ ਨਾਗਰਿਕ ਹੋਣ ਕਰ ਕੇ ਉਹ ਬਰਤਾਨੀਆ ਵਿਚ ਸਿੱਖ ਗਰੁੱਪਾਂ ਦਾ ਕੇਂਦਰ ਬਿੰਦੂ ਬਣ ਗਿਆ ਹੈ। ਜਗਤਾਰ ਜੌਹਲ ਦੀ ਗ੍ਰਿਫ਼ਤਾਰੀ ਤੇ ਉਸ ਨੂੰ ਕਾਉਂਸਲਰ ਰਸਾਈ ਦੇ ਮੁੱਦੇ 'ਤੇ ਬਰਤਾਨਵੀ ਪਾਰਲੀਮੈਂਟ ਵਿਚ ਵੀ ਬਹਿਸ ਹੋਈ ਸੀ।

ਪਿਛੇ ਜਿਹੇ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਆਪਣੇ ਬਰਤਾਨਵੀ ਹਮਰੁਤਬਾ ਨਾਲ ਮੀਟਿੰਗ ਵਿਚ ਇਹ ਸੁਝਾਅ ਵੀ ਦਿੱਤਾ ਸੀ ਕਿ ਤਸ਼ੱਦਦ ਦੇ ਦੋਸ਼ਾਂ ਦੀ ਜਾਂਚ ਲਈ ਕੋਈ ਵੀ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਪਹੁੰਚ ਕਰ ਸਕਦਾ ਹੈ ਜੋ ਨਿਆਂਇਕ ਅਧਿਕਾਰਾਂ ਵਾਲੀ ਇਕ ਸੁਤੰਤਰ ਸੰਸਥਾ ਹੈ।

## ਬੇਅਦਬੀ ਕਾਂਡ : ਡੇਰਾ ਸਿਰਸਾ ਨਿਕਲਿਆ ਮੁੱਖ ਸਾਜ਼ਿਸ਼ਘਾੜਾ

ਵਿਚ ਪੋਸਟਰ ਵੀ ਲੱਗੇ ਸਨ, ਜਿਨ੍ਹਾਂ ਵਿਚ ਡੇਰਾ ਸਿਰਸਾ ਦਾ ਜ਼ਿਕਰ ਸੀ। ਮੁਤਵਾਜ਼ੀ ਜਥੇਦਾਰਾਂ ਦੀ ਅਗਵਾਈ ਵਿਚ ਪੰਥਕ ਧਿਰਾਂ ਨੇ ਹੁਣ ਜਦੋਂ 1 ਜੂਨ ਤੋਂ ਦੋਸ਼ੀਆਂ ਦੀ ਗ੍ਰਿਫ਼ਤਾਰੀ ਲਈ ਧਰਨਾ ਦਿੱਤਾ ਹੋਇਆ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਚੋਰੀ ਹੋਣ ਅਤੇ ਬੇਅਦਬੀ ਕਾਂਡ ਦੇ ਮਾਮਲੇ 'ਚ ਸਿਰਸਾ ਸਾਧ ਦੇ ਇਕ ਪ੍ਰੇਮੀ ਨੂੰ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਪਾਲਮਪੁਰ ਤੋਂ ਪੁਲਿਸ ਵੱਲੋਂ ਕਾਬੂ ਕਰ ਲੈਣ ਦੀਆਂ ਖ਼ਬਰਾਂ ਆਈਆਂ ਹਨ। ਪ੍ਰੈਸ ਦੇ ਵੱਡੇ ਹਿੱਸੇ 'ਚ ਪ੍ਰਕਾਸ਼ਿਤ ਹੋਈਆਂ ਇਨ੍ਹਾਂ ਖ਼ਬਰਾਂ ਬਾਰੇ ਭਾਵੇਂ ਅਧਿਕਾਰਤ ਤੌਰ 'ਤੇ ਪੰਜਾਬ ਪੁਲਿਸ ਨੇ ਮੂੰਹ ਨਹੀਂ ਵੀ ਖੋਲਿਆ ਪਰ ਤਾਂ ਵੀ ਇਸ ਮਾਮਲੇ ਨਾਲ ਸਬੰਧਤ ਹੋਰ ਡੇਰਾ ਪ੍ਰੇਮੀਆਂ 'ਚ ਹੜਕੰਪ ਮਚਣਾ ਸੁਭਾਵਿਕ ਸੀ।

ਪੁਲੀਸ ਪੜਤਾਲ 'ਚ ਸਾਹਮਣੇ ਆਇਆ ਹੈ ਕਿ ਡੇਰਾ ਸਿਰਸਾ ਦੀ 45 ਮੈਂਬਰੀ ਕਮੇਟੀ ਦੇ ਮੈਂਬਰ ਮਹਿੰਦਰਪਾਲ ਬਿੱਟੂ ਉਰਫ਼ ਬਿੱਟੂ ਬਾਈ ਨੇ ਇਹ ਯੋਜਨਾ ਉਲੀਕੀ ਸੀ। ਬਿੱਟੂ ਨੇ ਆਪਣੇ ਨੇੜਲਿਆਂ ਦੀ ਟੀਮ ਤਿਆਰ ਕੀਤੀ ਅਤੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ 'ਚੋਂ ਸਰੂਪ ਚੋਰੀ ਕਰਨ ਤੋਂ ਪਹਿਲਾਂ ਤਿੰਨ-ਚਾਰ ਪਿੰਡਾਂ ਦੇ ਗੁਰੂ ਘਰਾਂ ਵਿਚ ਰੇਕੀ ਕੀਤੀ। ਅਖੀਰ ਦੋ ਮੋਟਰਸਾਈਕਲ ਸਵਾਰਾਂ ਨੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰੂ ਘਰ 'ਚੋਂ ਸਰੂਪ ਚੋਰੀ ਕੀਤਾ। ਸੂਤਰਾਂ ਅਨੁਸਾਰ ਚੋਰੀ ਕੀਤੇ ਸਰੂਪ ਦੇ ਅੱਧੇ ਪੱਤਰੇ ਖਿਲਾਰਨ ਲਈ ਸ਼ਨੀ ਅਤੇ ਸ਼ਕਤੀ ਦੀ ਡਿਊਟੀ ਲਗਾਈ ਗਈ। ਇਕ ਮਹਿਲਾ ਪੁਲੀਸ ਮੁਲਾਜ਼ਮ ਦੇ ਪਤੀ ਨੇ ਪੋਸਟਰ ਲਿਖੇ ਅਤੇ ਬਰਗਾੜੀ ਵਿਚ ਰਾਤੋਂ ਰਾਤ ਲਗਾ ਦਿੱਤੇ।

ਪਿਛਲੇ ਦਿਨਾਂ ਤੋਂ ਪੁਲਿਸ ਦੇ ਵੱਡੇ-ਵੱਡੇ ਅਧਿਕਾਰੀ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡਾਂ, ਸ਼ਹਿਰਾਂ ਤੇ ਕਸਬਿਆਂ 'ਚ ਮੌਜੂਦ ਰਹੇ ਅਤੇ ਉਨ੍ਹਾਂ ਦਾ ਕੇਂਦਰ ਵੀ ਕੋਟਕਪੂਰਾ ਹੀ ਬਣਿਆ ਰਿਹਾ ਪਰ ਹਰ ਅਧਿਕਾਰੀ ਨੇ ਕੋਈ ਟਿਪਣੀ ਕਰਨ ਤੋਂ ਸਾਫ਼ ਇਨਕਾਰ ਕਰ ਦਿਤਾ। ਵਿਸ਼ੇਸ਼ ਜਾਂਚ ਟੀਮ ਨੇ ਪੂਰੀ ਜਾਂਚ ਨੂੰ ਸਮੇਟਦਿਆਂ ਬੇਕਸੂਰ ਅੱਧੀ ਦਰਜਨ ਡੇਰਾ ਪ੍ਰੇਮੀਆਂ ਨੂੰ ਰਿਹਾਅ ਵੀ ਕਰ ਦਿੱਤਾ ਹੈ। ਵਿਸ਼ੇਸ਼ ਜਾਂਚ ਟੀਮ ਨੇ ਬਰਗਾੜੀ ਕਾਂਡ ਵਿਚ ਕਰੀਬ 12 ਡੇਰਾ ਪੈਰੋਕਾਰਾਂ ਦੀ ਸ਼ਨਾਖ਼ਤ ਕਰ ਲਈ ਹੈ। ਸੂਤਰ ਦੱਸਦੇ ਹਨ ਕਿ ਸੀਬੀਆਈ ਟੀਮ ਵੱਲੋਂ ਬਾਜਾਖਾਨਾ ਵਿੱਚ ਦਰਜ ਕੇਸਾਂ ਦੀ ਜਾਂਚ ਕੀਤੀ ਜਾ ਰਹੀ ਹੈ। ਵਿਸ਼ੇਸ਼ ਜਾਂਚ ਟੀਮ ਦੀ ਜਾਂਚ ਮੁਕੰਮਲ ਹੋਣ ਮਗਰੋਂ ਇਨ੍ਹਾਂ ਡੇਰਾ ਪੈਰੋਕਾਰਾਂ ਨੂੰ ਸੀਬੀਆਈ ਪ੍ਰੋਡਕਸ਼ਨ ਵਾਰੰਟ 'ਤੇ ਲੈ ਕੇ ਜਾਵੇਗੀ।

ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਇਸ ਮਾਮਲੇ 'ਚ ਪੁਲਿਸ ਨੂੰ ਬੇਅਦਬੀ ਦੀਆਂ ਉਕਤ ਘਟਨਾਵਾਂ ਵਿਚ ਡੇਰਾ ਪ੍ਰੇਮੀਆਂ ਦਾ ਹੱਥ ਹੋਣ ਦਾ ਅਹਿਮ ਸੁਰਾਗ ਮਿਲ ਗਿਆ ਹੈ। ਉਕਤ ਮਾਮਲੇ ਦਾ ਵਿਚਾਰਣਯੋਗ ਪਹਿਲੂ ਇਹ ਵੀ ਹੈ ਕਿ ਜਦੋਂ 1 ਜੂਨ 2015 ਨੂੰ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦਵਾਰੇ 'ਚੋਂ ਦਿਨ ਦਿਹਾੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਚੋਰੀ ਹੋਇਆ ਤਾਂ ਸੰਘਰਸ਼ 'ਤੇ ਉੱਤਰ ਆਈਆਂ ਪੰਥਕ ਜਥੇਬੰਦੀਆਂ ਨੇ ਚੀਕ-ਚੀਕ ਕੇ ਰੌਲਾ ਪਾਉਂਦਿਆਂ ਦੋਸ਼ ਲਾਇਆ ਸੀ ਕਿ ਇਸ ਵਿਚ ਡੇਰਾ ਸਿਰਸਾ ਦੇ ਚੇਲਿਆਂ ਦਾ ਹੱਥ ਹੋ ਸਕਦਾ ਹੈ।

ਉਦੋਂ ਨਾ ਤਾਂ ਤਤਕਾਲੀਨ ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਇਸ ਨੂੰ ਪ੍ਰਵਾਨ ਕੀਤਾ ਤੇ ਨਾ ਹੀ ਪੁਲਿਸ ਪ੍ਰਸ਼ਾਸ਼ਨ ਨੇ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਾਉਣ ਦੀ ਜ਼ਰੂਰਤ ਸਮਝੀ। ਇਹ ਵੀ ਯਾਦ ਕਰਾਉਣਾ ਜ਼ਰੂਰੀ ਹੈ ਕਿ ਪਾਵਨ ਸਰੂਪ ਦੇ ਚੋਰੀ ਹੋਣ ਦੀ ਘਟਨਾ ਤੋਂ ਬਾਅਦ ਜਦੋਂ ਡੇਰਾ ਪ੍ਰੇਮੀਆਂ ਨੇ ਰਾਮ ਰਹੀਮ ਦੀ ਫਿਲਮ ਰਿਲੀਜ਼ ਨਾ ਹੋਣ ਦੇ ਰੋਸ ਵਜੋਂ ਪੰਜਾਬ ਭਰ 'ਚ ਰੋਸ ਧਰਨੇ ਦੇਣੇ ਸ਼ੁਰੂ ਕਰ ਦਿੱਤੇ ਤਾਂ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦਵਾਰਾ ਸਾਹਿਬ ਦੀ ਕੰਧ 'ਤੇ 24 ਅਤੇ 25 ਸਤੰਬਰ 2015 ਦੀ ਦਰਮਿਆਨੀ ਰਾਤ ਨੂੰ ਲੱਗੇ ਦੋ ਹੱਥ ਲਿਖਤ ਵੱਡੇ ਪੋਸਟਰ ਪੁਲਿਸ ਨੇ ਬਰਾਮਦ ਕੀਤੇ ਸਨ, ਜਿਨਾਂ ਉੱਪਰ ਧਨ-ਧਨ ਸਤਿਗੁਰੂ ਤੋਂ ਸ਼ੁਰੂ ਕਰਕੇ ਇਸੇ ਸ਼ਬਦਾਵਲੀ 'ਚ ਸਮਾਪਤ ਕਰਨ ਵਾਲੇ ਸ਼ਰਾਰਤੀ ਅਨਸਰਾਂ ਨੇ ਸਿੱਖਾਂ ਨੂੰ ਗੰਦੀਆਂ ਗਾਲਾਂ ਨਾਲ ਸੰਬੋਧਨ ਕਰਦਿਆਂ ਸ਼ਰੇਆਮ ਮੰਨਿਆ ਸੀ ਕਿ ਤੁਸੀ ਸਾਡੇ ਬਾਬੇ ਦੀ ਫਿਲਮ ਰਿਲੀਜ਼ ਨਹੀਂ ਹੋਣ ਦਿੱਤੀ ਤੇ ਅਸੀਂ ਤੁਹਾਡਾ ਵੱਡਾ ਗੁਰੂ ਅਪਣੇ ਕਬਜ਼ੇ 'ਚ ਲੈ ਲਿਆ, ਚੋਰੀ ਹੋਇਆ ਪਾਵਨ ਸਰੂਪ ਹੁਣ ਵੀ ਸਾਡੇ ਕਬਜ਼ੇ 'ਚ ਅਤੇ ਬਰਗਾੜੀ ਵਿਚ ਹੀ ਹੈ, ਲੱਭਣ ਵਾਲੇ ਨੂੰ ਅਸੀਂ ਸਲਾਬਤਪੁਰੇ ਦੇ ਡੇਰੇ 'ਚ 10 ਲੱਖ ਰੁਪਿਆ ਇਨਾਮ ਦੇ ਕੇ ਸਨਮਾਨਿਤ ਕਰਾਂਗੇ।

ਉਸ ਸਮੇਂ ਪੰਥ ਦਰਦੀਆਂ ਦੇ ਰੋਸ ਦੇ ਬਾਵਜੂਦ ਪੁਲਿਸ ਨੇ ਕਿਸੇ ਡੇਰਾ ਪ੍ਰੇਮੀ ਨੂੰ ਪੁਛਗਿਛ ਲਈ ਹਿਰਾਸਤ 'ਚ ਲੈਣ ਦੀ ਜ਼ਰੂਰਤ ਹੀ ਨਾ ਸਮਝੀ। ਜਦਕਿ ਉਕਤ ਹੱਥ ਲਿਖਤ ਪੋਸਟਰਾਂ ਦੀਆਂ ਤਸਵੀਰਾਂ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਪੱਤਰਕਾਰਾਂ ਨੇ ਆਪਣੇ ਕੈਮਰਿਆਂ 'ਚ ਕੈਦ ਕਰ ਲਈਆਂ ਸਨ ਜੋ ਅੱਜ ਵੀ ਪੱਤਰਕਾਰਾਂ ਕੋਲ ਮਹਿਫੂਜ਼ ਪਈਆਂ ਹਨ। ਪੰਜਾਬ ਪੁਲਿਸ ਦੇ ਡੀਆਈਜੀ ਰਣਬੀਰ ਸਿੰਘ ਖੱਟੜਾ ਬਰਗਾੜੀ ਕਾਂਡ ਦੀ ਤਫ਼ਤੀਸ਼ ਨਾਲ ਨੇੜਿਓਂ ਜੁੜੇ ਹੋਏ ਹਨ ਤੇ ਉਨ੍ਹਾਂ ਨੇ ਹੁਣ ਵੀ ਕਮਾਂਡ ਸੰਭਾਲੀ ਹੋਈ ਹੈ। ਇਸ ਸਬੰਧੀ ਕੋਈ ਵੀ ਵੱਡਾ ਜਾਂ ਛੋਟਾ ਪੁਲਿਸ ਅਧਿਕਾਰੀ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ ਪਰ ਸੂਤਰਾਂ ਰਾਹੀਂ ਪਤਾ ਲੱਗਾ ਹੈ ਕਿ ਪੁਲਿਸ ਨੇ ਚੋਰੀਸ਼ੁਦਾ ਪਾਵਨ ਸਰੂਪ ਵੀ ਬਰਾਮਦ ਕਰ ਲਿਆ ਹੈ। ਸਾਲ 2015 ਦੀ 1 ਜੂਨ ਨੂੰ ਪਾਵਨ ਸਰੂਪ ਚੋਰੀ ਕਰਨ, 24 ਅਤੇ 25 ਸਤੰਬਰ ਦੀ ਦਰਮਿਆਨੀ ਰਾਤ ਨੂੰ ਭੜਕਾਊ ਪੋਸਟਰ ਲਾਉਣ ਅਤੇ 12 ਅਕਤੂਬਰ 2015 ਨੂੰ ਪਾਵਨ ਸਰੂਪ ਦੀ ਬੇਅਦਬੀ ਕਰਨ ਨਾਲ ਸਬੰਧਤ ਸਾਰੇ ਡੇਰਾ ਪ੍ਰੇਮੀ ਹੀ ਹਨ ਜਿਨ੍ਹਾਂ ਨੂੰ ਪੁਲਿਸ ਨੇ ਹਿਰਾਸਤ 'ਚ ਲੈ ਲਿਆ ਹੈ ਤੇ ਉਨ੍ਹਾਂ ਅਪਣਾ ਗੁਨਾਹ ਵੀ ਕਬੂਲ ਲਿਆ ਹੈ। ਜ਼ਿਆਦਾਤਰ ਦੋਸ਼ੀਆਂ ਦਾ ਸਬੰਧ ਕੋਟਕਪੂਰਾ ਸ਼ਹਿਰ ਅਤੇ ਨੇੜਲੇ ਪਿੰਡਾਂ ਨਾਲ ਹੈ।

ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਨੇ ਭਾਵੇਂ ਜ਼ਿਲ੍ਹਾ ਫ਼ਰੀਦਕੋਟ ਦੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ 'ਚੋਂ ਦੋ ਦਰਜਨ ਤੋਂ ਵੀ ਜ਼ਿਆਦਾ ਡੇਰਾ ਪ੍ਰੇਮੀਆਂ ਨੂੰ ਹਿਰਾਸਤ 'ਚ ਲਿਆ ਪਰ ਸਿਰਫ਼ 8 ਪ੍ਰੇਮੀਆਂ ਦੇ ਬੇਅਦਬੀ ਕਾਂਡ 'ਚ ਪੂਰੀ ਤਰ੍ਹਾਂ ਸ਼ਾਮਲ ਹੋਣ ਦੀ ਖ਼ਬਰ ਹੈ। ਉਕਤ ਮਾਮਲੇ ਦਾ ਹੈਰਾਨੀਜਨਕ ਪਹਿਲੂ ਇਹ ਵੀ ਹੈ ਕਿ ਬੇਅਦਬੀ ਕਾਂਡ 'ਚ ਉਹ ਪ੍ਰੇਮੀ ਵੀ ਸ਼ਾਮਲ ਹਨ ਜਿਨ੍ਹਾਂ ਵਿਰੁਧ 25 ਅਗਸਤ ਨੂੰ ਸੌਦਾ ਸਾਧ ਵਿਰੁੱਧ ਅਦਾਲਤੀ ਫ਼ੈਸਲੇ ਤੋਂ ਬਾਅਦ ਅਰਾਜਕਤਾ ਫੈਲਾਉਣ ਦੇ ਦੋਸ਼ 'ਚ ਮਾਮਲੇ ਦਰਜ ਕੀਤੇ ਗਏ ਸਨ।

ਪਤਾ ਲੱਗਾ ਹੈ ਕਿ ਪਾਵਨ ਸਰੂਪ ਦੀ ਬਰਾਮਦਗੀ ਤੋਂ ਬਾਅਦ ਡੇਰਾ ਪ੍ਰੇਮੀਆਂ ਰਾਹੀਂ ਵਿਸ਼ੇਸ਼ ਜਾਂਚ ਟੀਮ ਸਾਹਮਣੇ ਇਕ ਨਵਾਂ ਪ੍ਰਗਟਾਵਾ ਹੋਇਆ ਕਿ ਨੇੜਲੇ ਪਿੰਡ ਮੱਲ ਕੇ ਅਤੇ ਭਗਤਾ ਭਾਈਕਾ ਵਿਖੇ ਵੀ ਇਸ ਪਾਵਨ ਸਰੂਪ ਦੇ ਪੰਨੇ ਸੁੱਟ ਕੇ ਸਿੱਖਾਂ ਦੇ ਹਿਰਦੇ ਵਲੂੰਧਰਨ ਦੀ ਸ਼ਰਮਨਾਕ ਕਰਤੂਤ ਕੀਤੀ ਗਈ ਸੀ।

## ਬਰਤਾਨਵੀ ਅਦਾਲਤ ਵੱਲੋਂ ਸਾਕਾ ਨੀਲਾ ਤਾਰਾ ਨਾਲ ਸਬੰਧਤ ਫਾਈਲਾਂ ਜਨਤਕ ਕਰਨ ਦੇ ਹੁਕਮ

ਜੁੜੀਆਂ ਭਾਵਨਾਵਾਂ ਅੱਜ ਵੀ ਪ੍ਰਬਲ ਹਨ। ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਦਸਤਾਵੇਜ਼ਾਂ ਨੂੰ ਇੰਨਾ ਲੰਮਾ ਸਮਾਂ ਦੱਬ ਕੇ ਰੱਖਣ ਦੀ ਵੀ ਕੋਈ ਤੁਕ ਨਹੀਂ ਬਣਦੀ।"

ਸੂਚਨਾ ਦੀ ਆਜ਼ਾਦੀ ਤਹਿਤ ਉਪਰੋਕਤ ਜਾਣਕਾਰੀ ਫ੍ਰੀਲਾਂਸ ਪੱਤਰਕਾਰ ਫਿਲ ਮਿੱਲਰ ਨੇ ਮੰਗੀ ਸੀ। ਮਿੱਲਰ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿੱਚ ਭਾਰਤੀ ਫ਼ੌਜ ਵੱਲੋਂ ਚਲਾਏ ਅਪਰੇਸ਼ਨ ਵਿਚ ਤਤਕਾਲੀਨ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਕੀਤੀ ਇਮਦਾਦ ਦੀ ਜਾਂਚ ਪੜਤਾਲ ਕਰ ਰਿਹਾ ਹੈ। ਯਾਦ ਰਹੇ ਕਿ ਸਾਲ 2014 ਵਿਚ ਯੂਕੇ ਸਰਕਾਰ ਵੱਲੋਂ ਜਨਤਕ ਕੀਤੇ ਦਸਤਾਵੇਜ਼ਾਂ ਤੋਂ ਖੁਲਾਸਾ ਹੋਇਆ ਸੀ ਕਿ ਬ੍ਰਿਟਿਸ਼ ਫ਼ੌਜ ਨੇ ਅਪਰੇਸ਼ਨ ਨੀਲਾ ਤਾਰਾ ਤੋਂ ਪਹਿਲਾਂ ਭਾਰਤੀ ਫ਼ੌਜਾਂ ਨੂੰ ਅਪਰੇਸ਼ਨ ਸਬੰਧੀ ਸਲਾਹ ਮਸ਼ਵਰਾ ਦਿੱਤਾ ਸੀ। ਇਸ ਖੁਲਾਸੇ ਮਗਰੋਂ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮੇਰੌਨ ਨੇ ਇਸ ਸਾਰੇ ਮਾਮਲੇ 'ਤੇ ਨਜ਼ਰਸਾਨੀ ਦੇ ਹੁਕਮ ਦਿੱਤੇ ਸਨ।

## ਪੰਜਾਬ ਵਿਚ ਹਿੰਸਾ ਲਈ ਪੈਸੇ ਭੇਜਣ ਦੇ ਸਰਕਾਰ ਦੇ ਦੋਸ਼ਾਂ ਨੂੰ ਸਿੱਖਸ ਫਾਰ ਜਸਟਿਸ ਵਲੋਂ ਚੁਣੌਤੀ

ਨਫ਼ਰਤ ਵਾਲੀ ਕਾਰਵਾਈ ਦਸਿਆ ਜਾ ਰਿਹਾ ਹੈ।

ਭਾਰਤੀ ਫੌਜ ਦੇ ਅਪਰੇਸ਼ਨ ਬਲਿਊ ਸਟਾਰ ਦੀ ਯਾਦ ਦਿਵਾਉਂਦਿਆਂ ਅਟਾਰਨੀ ਪੰਨੂ ਨੇ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ 6 ਜੂਨ ਨੂੰ ਸਾਰੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾਣ ਅਤੇ ਖਾਲਿਸਤਾਨ ਅਤੇ ਰਿਫਰੈਂਡਮ 2020 ਦੇ ਨਾਅਰੇ ਜ਼ੋਰਦਾਰ ਢੰਗ ਨਾਲ ਲਗਾਉਣ ਅਤੇ ਭਾਰਤ ਸਰਕਾਰ ਤੋਂ ਪੰਜਾਬ ਦੀ ਆਜ਼ਾਦੀ ਲਈ ਮੁਹਿੰਮ ਪ੍ਰਤੀ ਆਪਣੇ ਸਮਰਥਨ ਦਾ ਪ੍ਰਗਟਾਵਾ ਕਰਨ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



Satnam Singh Khalsa

510-706-1300

SUNPREME®
Premium Bifacial Thin Film Solar

ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

"A home is one of the most important assets that most people will ever buy. Homes are also where memories are made and you want to work with someone you can trust."

Warren Buffett, Chairman and CEO,
Berkshire Hathaway Inc.



A Residential and Real Estate Company.
Serving East Bay and Valley Area
BUY SELL RESIDENTIAL RANCH AND AGRICULTURE FARM. Serving Fremont, Hayward Pleasanton, Dublin, Livermore, Tracy, Lathrop, Manteca, Ripon, Modesto, Stockton, Lodi.

**Office Address:**
**1983 Second Street,**
**Livermore, CA 94550**

BH HS
BERKSHIRE HATHAWAY
HomeServices



ਕਿਸੇ ਕਿਸਮ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

## Priti Singh

(925) 999-0823

CA BRE Licence #02024721

info@pritisingh.com

REALTOR®

A Mamber of the Franchise System
of BHHS Affiliates,LLC

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL

SERVICE TRUST
SKYWAY TRAVEL
DOMESTIC and INTERNATIONAL

Special fares to
Amritsar
& Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1



ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com

Frugal Logistics Inc.

FRUGAL Dedicated To Quality Service LOGISTICS

ਕਲਾਸ 'ਏ' ਡਰਾਈਵਰ ਅਤੇ ਓਨਰ ਅਪਰੇਟਰ ਦੀ ਜ਼ਰੂਰਤ ਹੈ

ਡਰਾਈਵਰ : 45 ਸੈਂਟ ਤੋਂ 52 ਸੈਂਟ
ਪ੍ਰਤੀ ਮੀਲ ਦੇ ਹਿਸਾਬ ਨਾਲ ਕਮਾਓ
+ ਪਰਫਾਰਮੈਂਸ ਬੋਨਸ ਲਵੋ
ਓਨਰ ਅਪਰੇਟਰ ਸੋਲੋ ਅਤੇ ਟੀਮ :
30 ਲੋਡ ਪ੍ਰਤੀ ਹਫ਼ਤਾ ਮਿਡਵੈਸਟ/ਈਸਟ ਕੋਸਟ ਲਈ 2.10 ਡਾਲਰ ਤੋਂ 2.35 ਡਾਲਰ ਪ੍ਰਤੀ ਮੀਲ ਦੇ ਹਿਸਾਬ ਨਾਲ ਲਵੋ

ਮਾਹਰ ਅਤੇ ਤਜਰਬੇਕਾਰ ਡਰਾਈਵਰ
1000* ਡਾਲਰ ਬੋਨਸ
ਲੈਣ ਲਈ Sign In ਕਰੋ
*ਵਧੇਰੇ ਜਾਣਕਾਰੀ ਲਈ ਕਾਲ ਕਰੋ
ਫੋਨ : 209-827-6700 ਫੈਕਸ : 209-826-6855
Email: dispatch@frugallogistics.com


SHER ROTI
SOFT
SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM